# ਵਿਗਿਆਨ ਜੋਤ

**ਸਾਲ 11, ਅੰਕ 4**

ਜੁਲਾਈ-ਅਗਸਤ, 2016

PUNPUN/2006/17457

ਮੁੱਖ ਸੰਪਾਦਕ: ਮੇਘ ਰਾਜ ਮਿੱਤਰ

ਸੰਪਾਦਕ: ਅਜਮੇਰ ਸਿੱਧੂ
ਸੁਰਜੀਤ ਗੱਗ

ਮੁੱਖ ਪ੍ਰਬੰਧਕ: ਅਮਿੱਤ ਮਿੱਤਰ



ਸੰਪਾਦਕੀ ਬੋਰਡ

* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**

* ਡਾ. ਗੁਰਵਿੰਦਰ ਸਿੰਘ ਐਮ.ਡੀ.
* ਡਾ. ਪਵਿੱਤਰ ਅਮਰਗੜ੍ਹ



## ਦਰ ਚੰਦਾ

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ ਵਿੱਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲੇਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



**ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**
ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


# ਸੰਪਾਦਕੀ ਸਾਨੂੰ ਕਿੱਧਰ ਨੂੰ ਲਿਜਾਇਆ ਜਾ ਰਿਹਾ ਹੈ



1. ਕਿਸੇ ਦੇਸ਼ ਦੀ ਤਰੱਕੀ ਲਈ ਉਸ ਦੇਸ਼ ਦੇ ਲੋਕਾਂ ਦੀਆਂ ਕਦਰਾਂ-ਕੀਮਤਾਂ ਜਿਸ ਵਿਚ ਸੱਚ ਬੋਲਣਾ, ਇਮਾਨਦਾਰੀ 'ਤੇ ਖੜ੍ਹਨਾ, ਵਾਅਦਾ ਪੂਰਾ ਕਰਨਾ, ਮਿਹਨਤ ਕਰਨਾ ਆਦਿ ਸ਼ਾਮਲ ਹੁੰਦੇ ਹਨ। ਜਿਨ੍ਹਾਂ ਵੀ ਦੇਸ਼ਾਂ ਨੇ ਤਰੱਕੀ ਕੀਤੀ ਹੈ, ਉਥੋਂ ਦੇ ਲੋਕਾਂ ਦੀਆਂ ਕਦਰਾਂ-ਕੀਮਤਾਂ ਉੱਚੀਆਂ ਸਨ। ਇਨ੍ਹਾਂ ਕਦਰਾਂ-ਕੀਮਤਾਂ ਲਈ ਸਾਡੇ ਸਾਹਮਣੇ ਸਾਡੇ ਆਗੂ ਆਦਰਸ਼ ਹੁੰਦੇ ਹਨ। ਸਿਆਸੀ ਲੀਡਰਾਂ ਦੇ ਕਿਰਦਾਰ ਹੇਠਲੀਆਂ ਸਫ਼ਾਂ ਦੇ ਕਿਰਦਾਰ ਬਣਾਉਂਦੇ ਹਨ।
2. ਵਿਦਿਆਰਥੀਆਂ ਨੂੰ ਇਤਿਹਾਸ ਦੀ ਜਾਣਕਾਰੀ ਇਸ ਲਈ ਦਿੱਤੀ ਜਾਂਦੀ ਹੈ ਕਿ ਬੀਤੇ ਸਮੇਂ ਦੀਆਂ ਗ਼ਲਤੀਆਂ ਤੋਂ ਸਬਕ ਸਿੱਖੇ ਜਾਣ ਤੇ ਚੰਗੀਆਂ ਉਦਾਹਰਣਾਂ ਨੂੰ ਜ਼ਿੰਦਗੀ ਦਾ ਆਦਰਸ਼ ਬਣਾਇਆ ਜਾ ਸਕੇ। ਭਾਵੇਂ ਸਾਡਾ ਇਤਿਹਾਸ ਆਮ ਜਨਤਾ ਦਾ ਨਹੀਂ ਹੈ ਸਗੋਂ ਰਾਜਿਆਂ-ਮਹਾਰਾਜਿਆਂ ਦਾ ਹੈ।
3. ਮਨੁੱਖੀ ਸਿਹਤ ਨੂੰ ਵਧੀਆ ਬਣਾਉਣ ਲਈ ਆਧੁਨਿਕ ਕਸਰਤਾਂ 'ਤੇ ਜ਼ੋਰ ਦੇਣਾ ਚਾਹੀਦਾ ਹੈ। ਸਕੂਲੀ ਪੜ੍ਹਾਈ ਸਮੇਂ ਕਰਵਾਈਆਂ ਜਾਂਦੀਆਂ ਪਰੇਡਾਂ ਅਤੇ ਮਿਲਟਰੀ ਵਿਚ ਸਿਖਾਈਆਂ ਜਾਂਦੀਆਂ ਕਸਰਤਾਂ ਜੀਵਨ ਦਾ ਜ਼ਰੂਰੀ ਅੰਗ ਹੁੰਦੀਆਂ ਹਨ। ਇਨ੍ਹਾਂ ਨੂੰ ਬਦਲਿਆ ਜਾ ਰਿਹਾ ਹੈ। ਅੱਜ ਦੇ ਡਾਕਟਰ ਮਨੁੱਖੀ ਪਿੰਜਰ ਦੀ ਪੂਰੀ ਜਾਣਕਾਰੀ ਰੱਖਦੇ ਹਨ।

1. ਅਜੋਕੇ ਦੇਸ਼ ਦੇ ਸਾਡੇ ਹਾਕਮ ਕੁਫ਼ਰ ਤੋਲ ਰਹੇ ਹਨ। ਗਪੌੜ ਛੱਡ ਰਹੇ ਹਨ। ਗੱਲ-ਗੱਲ 'ਤੇ ਝੂਠ ਬੋਲਦੇ ਹਨ। ਇਸ ਝੂਠ-ਫ਼ਰੇਬ ਨੂੰ ਉਹ ਆਪਣੀ ਚਾਣਕਿਆ ਨੀਤੀ ਸਮਝਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਗੱਲ ਵਿਚ ਵਿਸ਼ਵਾਸ ਕਰਦੇ ਹਨ ਕਿ ਵਾਰ-ਵਾਰ ਦੁਹਰਾਉਣ ਨਾਲ ਝੂਠ ਨੂੰ ਵੀ ਸੱਚ ਬਣਾਇਆ ਜਾ ਸਕਦਾ ਹੈ। ਇਸ ਲਈ ਅਸੀਂ ਸਮਝ ਸਕਦੇ ਹਾਂ ਕਿ ਸਾਡੇ ਲੋਕਾਂ ਦੀਆਂ ਕਦਰਾਂ-ਕੀਮਤਾਂ ਨਿਘਾਰ ਵੱਲ ਨੂੰ ਲਿਜਾਈਆਂ ਜਾ ਰਹੀਆਂ ਹਨ।
2. ਜੋ ਘਟਨਾਵਾਂ ਵਾਪਰੀਆਂ ਹੀ ਨਹੀਂ ਜਾਂ ਵਾਪਰਨੀਆਂ ਸੰਭਵ ਹੀ ਨਹੀਂ, ਭਾਜਪਾ ਸਕੂਲੀ ਸਿਲੇਬਸ ਵਿਚ ਇਤਿਹਾਸ ਦੀ ਬਜਾਏ ਅਜਿਹੇ ਮਿਥਿਹਾਸ ਨੂੰ ਤਰਜੀਹ ਦੇ ਰਹੀ ਹੈ। ਇਸ ਲਈ ਸਾਡੇ ਵਿਦਿਆਰਥੀ ਹਕੀਕਤ ਨੂੰ ਸਮਝਣ ਦੀ ਬਜਾਏ ਕਲਪਿਤ ਕਿੱਸੇ ਕਹਾਣੀਆਂ ਵਿਚ ਦਰਸਾਏ ਕਾਰਨਾਮਿਆਂ ਵਿਚ ਯਕੀਨ ਕਰਨਗੇ।
3. ਯੋਗ ਤਿੰਨ ਹਜ਼ਾਰ ਸਾਲ ਪੁਰਾਣੀ ਪ੍ਰਣਾਲੀ ਹੈ। ਸਾਡੇ ਵੱਡ-ਵਡੇਰਿਆਂ ਦੇ ਦਿਨ ਤੋਂ ਚੱਲਦੀ ਆਉਂਦੀ ਹੈ। ਪਰ ਫਿਰ ਵੀ ਅਸੀਂ ਹਿੰਦੁਸਤਾਨੀ ਖੇਡਾਂ ਦੇ ਪੱਧਰ 'ਤੇ ਅਤੇ ਔਸਤ ਉਮਰ ਦੇ ਪੱਧਰ 'ਤੇ ਦੁਨੀਆਂ ਭਰ ਵਿਚ ਸਭ ਤੋਂ ਪਿੱਛੇ ਹਾਂ। ਜੇ ਯੋਗਾ ਵਿਚ ਕੋਈ ਕਰਾਮਾਤੀ ਸ਼ਕਤੀ ਹੁੰਦੀ ਤਾਂ ਜ਼ਰੂਰ ਅਸੀਂ ਇਨ੍ਹਾਂ ਗੱਲਾਂ ਵਿਚ ਅੱਗੇ ਹੋਣਾ ਸੀ। ਅੱਜ ਦੀਆਂ ਸਰਕਾਰਾਂ ਯੋਗਾ 'ਤੇ ਜ਼ੋਰ ਦੇ ਰਹੀਆਂ ਹਨ।



| | |
|---|---|
| 4. ਸਿਹਤ ਦਾ ਅਗਲਾ ਪੱਖ ਦਵਾਈ ਪ੍ਰਣਾਲੀ ਹੈ। ਦੁਨੀਆਂ ਭਰ ਦੇ ਦੇਸ਼ਾਂ ਨੇ ਅੰਗਰੇਜ਼ੀ ਪ੍ਰਣਾਲੀ ਨੂੰ ਅਪਣਾਕੇ ਦੁਨੀਆਂ ਭਰ ਦੇ ਲੋਕਾਂ ਦੀ ਔਸਤ ਉਮਰ ਵਧਾਈ ਹੈ। ਅੱਜ ਇਹ ਕਈ ਦੇਸ਼ਾਂ ਵਿਚ ਪਚਾਸੀ ਸਾਲਾਂ ਨੂੰ ਪਾਰ ਕਰ ਚੁੱਕੀ ਹੈ। ਦੁਨੀਆਂ ਦੇ ਲੋਕ ਆਧੁਨਿਕ ਇਲਾਜ ਦੀ ਪ੍ਰਣਾਲੀ ਅਪਣਾਕੇ ਸਾਡੇ ਭਾਰਤੀਆਂ ਨਾਲੋਂ ਸਵਾਈ ਉਮਰ ਭੋਗ ਰਹੇ ਹਨ। | 4. ਅੱਜ ਸਾਡੇ ਦੇਸ਼ ਵਿਚ ਵੇਲਾ ਵਿਹਾ ਚੁੱਕੀਆਂ ਪ੍ਰਣਾਲੀਆਂ ਹੋਮੀਓਪੈਥੀ ਤੇ ਆਯੁਰਵੈਦਿਕ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਜਿਸ ਦਾ ਮਤਲਬ ਹੈ ਕਿ ਭਾਰਤੀਆਂ ਦੀ ਸਿਹਤ ਦੁਨੀਆਂ ਦੇ ਮੁਕਾਬਲੇ ਨਿਘਾਰ ਵੱਲ ਨੂੰ ਜਾਵੇਗੀ ਕਿਉਂਕਿ ਆਯੁਰਵੈਦਿਕ ਹਜ਼ਾਰਾਂ ਸਾਲ ਪੁਰਾਣੀ ਪ੍ਰਣਾਲੀ ਹੈ। ਇਸ ਵਿਚ ਖੋਜਾਂ-ਪੜਤਾਲਾਂ ਰਾਹੀਂ ਇਸ ਨੂੰ ਆਧੁਨਿਕ ਬਣਾਉਣ ਦੇ ਯਤਨ ਨਹੀਂ ਕੀਤੇ ਗਏ। |
| 5. ਦੁਨੀਆਂ ਭਰ ਵਿਚ ਭਵਨ ਨਿਰਮਾਣ ਦੀ ਕਲਾ ਵਿਚ ਵੱਡੀਆਂ ਤਬਦੀਲੀਆਂ ਹੋ ਚੁੱਕੀਆਂ ਹਨ। ਅੱਜ ਬਹੁ-ਮੰਜ਼ਿਲੀ ਇਮਾਰਤਾਂ ਹਜ਼ਾਰਾਂ ਦੀ ਗਿਣਤੀ ਵਿਚ ਦੁਨੀਆਂ ਦੇ ਸ਼ਹਿਰਾਂ ਵਿਚ ਬਣਾਈਆਂ ਜਾਂ ਰਹੀਆਂ ਹਨ। ਇਹ ਸਾਰੀਆਂ ਭੁਚਾਲ ਰੋਧੀ ਹਨ, ਜੋ ਹਜ਼ਾਰਾਂ ਸਾਲਾਂ ਤਕ ਕਾਇਮ ਰਹਿਣਗੀਆਂ। | 5. ਸਾਡੇ ਦੇਸ਼ ਵਿਚ ਇਮਾਰਤਾਂ ਨੂੰ ਬਣਾਉਣ ਸਮੇਂ ਹਵਨ, ਸ਼ੁੱਭ ਸ਼ਗਨ, ਸ਼ੁੱਭ ਦਿਨ, ਵਾਸਤੂ ਸ਼ਾਸਤਰ ਅਤੇ ਭੂਮੀ ਪੂਜਾ ਆਦਿ ਦੇ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ। ਉਸਰ ਰਹੀਆਂ ਇਮਾਰਤਾਂ ਦੀ ਉਸਾਰੀ ਵਿਚ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਕੋਈ ਰੋਲ ਹੋ ਹੀ ਨਹੀਂ ਸਕਦਾ। ਕੀਤੇ ਗਏ ਹਵਨ ਭੁਚਾਲਾਂ ਨੂੰ ਕਿਵੇਂ ਰੋਕ ਸਕਣਗੇ? ਇਸ ਗੱਲ ਦਾ ਕੋਈ ਸਬੰਧ ਨਹੀਂ ਹੈ। ਸਾਡੇ ਅੱਜ ਦੇ ਹਾਕਮ ਇਨ੍ਹਾਂ ਗੱਲਾਂ ਵਿਚ ਯਕੀਨ ਕਰਦੇ ਹਨ। |
| 6. ਸਾਡੇ ਦੇਸ਼ ਵਿਚ ਸਕੂਲਾਂ, ਹਸਪਤਾਲਾਂ, ਸੜਕਾਂ, ਪੁਲਾਂ, ਵਿਗਿਆਨਕ ਭਵਨਾਂ ਨੂੰ ਵਧੀਆ ਬਣਾਉਣ ਲਈ ਵੱਧ ਤੋਂ ਵੱਧ ਫੰਡਾਂ ਦਾ ਯੋਗਦਾਨ ਹੋਣਾ ਚਾਹੀਦਾ ਹੈ। | 6. ਸਾਡੇ ਦੇਸ਼ ਦੇ ਹਾਕਮ ਮੰਦਰਾਂ, ਮੱਠਾਂ, ਧਾਰਮਿਕ ਪਿਛੋਕੜ ਵਾਲੀਆਂ ਇਮਾਰਤਾਂ, ਦਰਿਆਵਾਂ ਅਤੇ ਪਸ਼ੂਆਂ ਆਦਿ ਦੇ ਉਪਰ ਵੱਧ ਫੰਡਾਂ ਦੀ ਦੁਰਵਰਤੋਂ ਕਰਵਾ ਰਹੇ ਹਨ। ਇਹ ਗੱਲਾਂ ਮਨੁੱਖ ਜਾਤੀ ਲਈ ਫ਼ਾਇਦੇਵੰਦ ਨਹੀਂ ਹੋਣਗੀਆਂ। |
| 7. ਸਾਡੇ ਦੇਸ਼ ਦਾ ਸਰਮਾਇਆ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਵਾਸਤੇ, ਰਹਿਣ ਲਈ ਘਰ ਬਣਾਉਣ ਵਾਸਤੇ, ਗ਼ਰੀਬਾਂ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ। 90 ਫ਼ੀਸਦੀ ਜਨਤਾ ਤੋਂ ਪਾਸਾ ਵੱਟਿਆ ਜਾ ਰਿਹਾ ਹੈ। | 7. ਅੱਜ ਸਾਡੇ ਦੇਸ਼ ਦਾ ਜ਼ਿਆਦਾ ਖਜ਼ਾਨਾ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਵਰਤਿਆ ਜਾ ਰਿਹਾ ਹੈ। ਵਿਜੈ ਮਾਲਿਆ, ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਸਨ। ਇਸ ਲਈ ਉਸ ਨੂੰ ਬੈਂਕਾਂ ਦਾ 9000 ਕਰੋੜ ਰੁਪਏ ਹੜੱਪਣ ਦੀ ਇਜਾਜ਼ਤ ਦੇ ਦਿੱਤੀ ਗਈ। ਆਉਣ ਵਾਲੇ ਸਮੇਂ ਵਿਚ ਬਹੁਤ ਸਾਰੇ ਹੋਰ ਅਜਿਹੇ ਵਿਅਕਤੀਆਂ ਨੂੰ ਬੈਂਕਾਂ ਦੇ ਕਰਜ਼ੇ ਮਾਫ਼ ਕਰਵਾਏ ਜਾਣਗੇ। |
| 8. ਕਿਸੇ ਦੇਸ਼ ਦੀ ਮਜ਼ਬੂਤੀ ਲਈ ਧਾਰਮਿਕ ਵਖਰੇਵਿਆਂ, ਵੰਨ-ਸੁਵੰਨੀਆਂ ਨਸਲਾਂ, ਜਾਤਾਂ, ਭਾਸ਼ਾਵਾਂ ਆਦਿ ਦੇ ਬਾਵਜੂਦ ਇਨ੍ਹਾਂ ਵਿਚ ਏਕਤਾ ਦੀ ਸਖ਼ਤ ਜ਼ਰੂਰਤ ਹੁੰਦੀ ਹੈ। ਸਰਕਾਰਾਂ ਦਾ ਸਾਰਾ ਧਿਆਨ ਇਨ੍ਹਾਂ ਲੋਕਾਂ ਦਾ ਵਿਸ਼ਵਾਸ ਭਾਰਤੀ ਸੰਵਿਧਾਨ ਵਿਚ ਪੈਦਾ ਕਰਨ ’ਤੇ ਕੇਂਦਰਤ ਹੋਣਾ ਚਾਹੀਦਾ ਹੈ। | 8. ਅੱਜ ਸਾਡੇ ਦੇਸ਼ ਦੇ ਹਾਕਮ ਸੱਤਾ ਕਾਇਮ ਰੱਖਣ ਲਈ ਇਨ੍ਹਾਂ ਧਾਰਮਿਕ ਵਖਰੇਵਿਆਂ ਵਿਚ ਪਾੜਾ ਵਧਾਉਣ ਦਾ ਮੌਕਾ ਨਹੀਂ ਖੁੰਝਾਉਂਦੇ। ਉਹ ਚਾਹੁੰਦੇ ਹਨ ਕਿ ਇਹ ਧਿਰਾਂ ਲੜਦੀਆਂ ਰਹਿਣ ਅਤੇ ਬਹੁਗਿਣਤੀਆਂ ਦੀਆਂ ਵੋਟਾਂ ਉਨ੍ਹਾਂ ਨੂੰ ਪ੍ਰਾਪਤ ਹੁੰਦੀਆਂ ਰਹਿਣ। |
| 9. ਅਸੀਂ ਵੇਖਦੇ ਹਾਂ ਕਿ ਉਨ੍ਹਾਂ ਦੇਸ਼ਾਂ ਨੇ ਹੀ ਤਰੱਕੀ ਕੀਤੀ ਹੈ, ਜਿਨ੍ਹਾਂ ਦੇ ਬਹੁਤੇ ਵਸਨੀਕਾਂ ਨੇ ਵਿਗਿਆਨਕ ਸੋਚ ਨੂੰ ਆਪਣੇ ਜ਼ਿੰਦਗੀ ਦੇ ਅਮਲ ਵਿਚ ਲਾਗੂ ਕੀਤਾ ਹੈ। ਹਰ ਘਟਨਾ ਨੂੰ ਕੀ, ਕਿਉਂ, ਕਿਵੇਂ ਦੀ ਕਸੌਟੀ ’ਤੇ ਪਰਖਿਆ ਹੈ ਅਤੇ ਕਾਰਜਾਂ ਅਤੇ ਕਾਰਨਾਂ ਵਿਚਲੇ ਸਬੰਧਾਂ ਨੂੰ ਸਥਾਪਤ ਕਰਨਾ ਸਿੱਖਿਆ ਹੈ। ਸਰਕਾਰਾਂ ਦਾ ਧਿਆਨ ਲੋਕਾਂ ਦੀ ਸੋਚ ਵਿਗਿਆਨਕ ਬਣਾਉਣ ਵੱਲ ਹੋਣਾ ਚਾਹੀਦਾ ਹੈ। | 9. ਅੱਜ ਸਾਡੇ ਦੇਸ਼ ਦੇ ਹਾਕਮ ਵਿਗਿਆਨਕ ਸੋਚ ਦਾ ਗਲਾ ਘੁੱਟ ਰਹੇ ਹਨ। ਦਫ਼ਤਰਾਂ ਅਤੇ ਵਿਗਿਆਨਕ ਭਵਨਾਂ ਦੇ ਉਦਘਾਟਨ ਹਵਨਾਂ ਰਾਹੀਂ ਕਰ ਰਹੇ ਹਨ। ਪੁਲਾੜ ਵਿਚ ਉਪਗ੍ਰਹਿ ਭੇਜਣ ਸਮੇਂ ਵੀ ਅਜਿਹੇ ਸ਼ੁੱਭ ਦਿਨ ਕਢਵਾਉਂਦੇ ਹਨ। ਇਹ ਸਾਰੀਆਂ ਗੱਲਾਂ ਸਾਡੇ ਲੋਕਾਂ ਨੂੰ ਅੰਧਵਿਸ਼ਵਾਸੀ ਬਣਨਾ ਸਿਖਾਉਂਦੀਆਂ ਹਨ। ਟੈਲੀਵਿਜ਼ਨਾਂ ’ਤੇ ਦਿਨ-ਰਾਤ ਕਾਲੇ ਇਲਮ ਵਿਖਾਏ ਅਤੇ ਵਿਕਵਾਏ ਜਾ ਰਹੇ ਹਨ। ਜਿਸ ਦਾ ਮਤਲਬ ਲੋਕਾਂ ਨੇ ਨਿਘਾਰ ਵੱਲ ਜਾਣਾ ਹੀ ਹੈ। |

ਦੇਸ਼ ਦੀਆਂ ਉਪਰੋਕਤ ਹਾਲਤਾਂ ਤੋਂ ਮੈਨੂੰ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਰਹੀ ਹੈ ਕਿ ਸਾਡੇ ਦੇਸ਼ ਦੇ ਅੰਧਵਿਸ਼ਵਾਸੀ ਹਾਕਮ ਕਦੇ ਵੀ ਸਾਡੇ ਦੇਸ਼ ਨੂੰ ਵਿਗਿਆਨਕ ਤੌਰ ’ਤੇ ਸਹੀ ਦਿਸ਼ਾ ਵੱਲ ਨਹੀਂ ਲਿਜਾ ਸਕਣਗੇ। ਸਿਰਫ਼ ਤੇ ਸਿਰਫ਼ ਉਹ ਲੋਕ ਤੇ ਦੇਸ਼ ਹੀ ਤਰੱਕੀ ਕਰ ਸਕਦੇ ਹਨ, ਜਿਨ੍ਹਾਂ ਨੇ ਵਿਗਿਆਨ ਦਾ ਪੱਲਾ ਫੜਿਆ ਹੈ। ਪਰ ਸਾਡੇ ਦੇਸ਼ ਵਿਚ ਇਸ ਦੇ ਉਲਟ ਹੋ ਰਿਹਾ ਹੈ। ਇਸ ਲਈ ਭਾਰਤ ਵਿਚ ‘ਅੱਛੇ ਦਿਨ’ ਆਉਣਾ ਦੂਰ ਦੀ ਗੱਲ ਹੈ।

-ਮੇਘ ਰਾਜ ਮਿੱਤਰ

# ਯਾਦਾਂ ਦੇ ਝਰੋਖੇ ’ਚੋਂ...



### 1 ਨਿਰੰਕਾਰੀ ਬਾਬੇ ਨਾਲ ਸੜਕ ਹਾਦਸਾ

ਜੇ ਤੁਸੀਂ ਪੰਜਾਬ ਦੇ ਬਹੁਤੇ ਸਾਰੇ ਕਸਬਿਆਂ ਜਾਂ ਸ਼ਹਿਰ ਦੇ ਬਾਹਰਲੇ ਪਾਸੇ ਤੁਹਾਨੂੰ ਇਕ ਜਾਂ ਦੋ ਏਕੜਾਂ ਵਿਚ ਕੀਤੀ ਚਾਰਦੀਵਾਰੀ ਮਿਲੇਗੀ। ਜਿਸ ਦੀ ਹਰ ਦੀਵਾਰ ਦੇ ਆਸੇ-ਪਾਸੇ ਬੁਗਨਵਿਲੀਆ ਦੇ ਲਾਲ ਤੇ ਚਿੱਟੇ ਫੁੱਲ ਮਹਿਕ ਰਹੇ ਹੋਣਗੇ। ਵੇਖਣ ਨੂੰ ਇਹ ਨਜ਼ਰ ਆਉਂਦਾ ਹੈ ਕਿ ਇਹ ਪੰਜਾਬ ਦੇ ਕਿਸੇ ਵੱਡੇ ਬਿਲਡਰ ਨੇ ਕਾਲੋਨੀਆਂ ਬਣਾਉਣ ਲਈ ਜਗ੍ਹਾਂ ਖ਼ਰੀਦ ਕੇ ਖ਼ਾਲੀ ਰੱਖੀ ਹੋਈ ਹੈ। ਅਸਲ ਵਿਚ, ਇਹ ਨਿਰੰਕਾਰੀ ਪਰਿਵਾਰ ਤੇ ਕਾਬਜ਼ ਇਕ ਟਰੱਸਟ ਦੇ ਮੈਂਬਰਾਂ ਦੀਆਂ ਜਾਇਦਾਦਾਂ ਹਨ। ਪੰਜਾਬ ਦੇ ਮੋਹਾਲੀ ਸ਼ਹਿਰ ਵਿਚ ਹੀ ਇਸ ਮਿਸ਼ਨ ਦੀ ਏਨੀ ਜਾਇਦਾਦ ਹੈ ਕਿ ਜੇ ਉਸ ਨੂੰ ਵੇਚ ਦਿੱਤਾ ਜਾਵੇ ਤਾਂ ਪੰਜਾਬ ਦੇ ਸਾਰੇ ਪਿੰਡਾਂ ਦੇ ਸਕੂਲਾਂ ਅਤੇ ਹਸਪਤਾਲਾਂ ਦੀਆਂ ਵਧੀਆਂ ਬਿਲਡਿੰਗਾਂ ਉਸਾਰੀਆਂ ਜਾ ਸਕਦੀਆਂ ਹਨ। ਇਸ ਮਿਸ਼ਨ ਦੇ ਇਸ ਤੋਂ ਪਹਿਲਾਂ ਦੇ ਮੁਖੀ ਸ੍ਰੀ ਗੁਰਬਚਨ ਸਿੰਘ ਜੀ ਦੀ ਖ਼ਾਲਿਸਤਾਨੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮੌਜੂਦਾ ਮੁਖੀ ਬਾਬਾ ਹਰਦੇਵ ਸਿੰਘ ਜੀ ਕੈਨੇਡਾ ਦੀ ਯਾਤਰਾ ’ਤੇ ਸਨ।

ਉਸ ਕਾਰ ਵਿਚ ਪੰਜ ਵਿਅਕਤੀ ਸਵਾਰ ਸਨ। ਜਿਨ੍ਹਾਂ ਵਿਚੋਂ ਦੋ ਅਗਲੇ ਸੀਟ ’ਤੇ ਬਿਰਾਜਮਾਨ ਸਨ ਤੇ ਉਨ੍ਹਾਂ ਨੇ ਬੈਲਟਾਂ ਲਾਈਆਂ ਹੋਈਆਂ ਸਨ। ਬਾਬਾ ਹਰਦੇਵ ਸਿੰਘ ਜੀ ਤੇ ਉਨ੍ਹਾਂ ਦੇ ਜਵਾਈ ਪਿਛਲੀ ਸੀਟ ’ਤੇ ਬਗੈਰ ਬੈਲਟਾਂ ਤੋਂ ਬੈਠੇ ਸਨ। ਉਨ੍ਹਾਂ ਦੇ ਡਰਾਇਵਰ ਥੋੜ੍ਹਾ-ਬਹੁਤ ਨਸ਼ੇ ਵਿਚ ਸੀ। 250 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਜਾ ਰਹੀ ਕਾਰ ਦਾ ਕਿਸੇ ਕਾਰਨ ਹਾਦਸਾ ਹੋ ਗਿਆ। ਅਗਲੀ ਸੀਟਾਂ ’ਤੇ ਬੈਠੇ ਦੋਵੇਂ ਵਿਅਕਤੀਆਂ ਦੇ ਕੋਈ ਵੀ ਝਰੀਟ ਨਹੀਂ ਆਈ। ਪਿਛਲੀ ਸੀਟ ’ਤੇ ਬੈਠੇ ਵਿਅਕਤੀ ਕਾਰ ਵਿਚੋਂ ਬਾਹਰ ਜਾ ਡਿੱਗੇ। ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਬਾਬਾ ਜੀ ਲੱਖਾਂ ਵਿਅਕਤੀਆਂ ਵਾਸਤੇ ਰੱਬ ਸਨ। ਦੁਨੀਆਂ ਵਿਚ ਬਿਆਲੀ ਸੌ ਦੇ ਕਰੀਬ ਨਿੱਕੇ-ਵੱਡੇ ਧਰਮ ਹਨ। ਇਹ ਸਾਰੇ ਚੇਲੇ 4199 ਰੱਬਾਂ ਨੂੰ ਗ਼ਲਤ ਸਮਝਦੇ ਹਨ, ਪਰ ਆਪਣੇ ਰੱਬ ਨੂੰ ਅੰਤਿਮ ਸੱਚ ਮੰਨਦੇ ਹਨ।

ਹਰੇਕ ਤਰਕਸ਼ੀਲ ਨੂੰ ਕਿਸੇ ਵਿਅਕਤੀ ਦੀ ਮੌਤ ਦੇ ਉਪਰ ਅਫ਼ਸੋਸ ਹੁੰਦਾ ਹੈ। ਸਾਨੂੰ ਵੀ ਬਾਬਾ ਜੀ ਦੇ ਵਿਛੋੜੇ ਦਾ ਦੁੱਖ ਹੈ ਪਰ ਉਨ੍ਹਾਂ ਨੂੰ ਬੈਲਟ ਜ਼ਰੂਰ ਲਾਉਣੀ ਚਾਹੀਦੀ ਸੀ। ਕੋਈ ਕਿੰਨਾ ਵੀ ਵੱਡਾ ਸਮਝਿਆ ਜਾਂਦਾ ਵਿਅਕਤੀ ਜੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰੇਗਾ ਤਾਂ ਉਹ ਹਾਦਸੇ ਦਾ ਸ਼ਿਕਾਰ ਹੋ ਸਕਦਾ ਹੈ।



ਮੇਘ ਰਾਜ ਮਿੱਤਰ
ਫੋਨ ਨੰ: 98887-87440

### 2. ਵਪਾਰੀ ਬਾਬੇ

ਸਮੁੱਚੇ ਭਾਰਤ ਵਿਚ ਬਹੁਤ ਸਾਰੇ ਬਾਬੇ ਅਜਿਹੇ ਪੈਦਾ ਹੋ ਗਏ ਹਨ, ਜਿਹੜੇ ਆਪਣੇ ਭਗਤਾਂ ਰਾਹੀਂ ਬਹੁਤ ਸਾਰਾ ਸਾਮਾਨ ਬਣਵਾਉਂਦੇ ਹਨ ਅਤੇ ਵੇਚਦੇ ਹਨ। ਅਜਿਹੇ ਬਾਬਿਆਂ ਨੂੰ ਬਹੁਤੀ ਵਾਰ ਕਾਮੇ ਮੁਫ਼ਤ ਵਿਚ ਜਾਂ ਘੱਟ ਉਜਰਤਾਂ ’ਤੇ ਪ੍ਰਾਪਤ ਹੋ ਜਾਂਦੇ ਹਨ। ਸਰਕਾਰੇ-ਦਰਬਾਰੇ ਪਹੁੰਚ ਹੋਣ ਕਾਰਨ ਇਨ੍ਹਾਂ ਨੂੰ ਨਾ ਤਾਂ ਲੇਬਰ ਇੰਸਪੈਕਟਰ ਚੈੱਕ ਕਰਦੇ ਹਨ ਅਤੇ ਨਾ ਹੀ ਇਨਕਮ ਟੈਕਸ ਅਧਿਕਾਰੀਆਂ ਦਾ ਹੌਸਲਾ ਪੈਂਦਾ ਹੈ ਅਤੇ ਇਸ ਸਾਮਾਨ ਦੀ ਵਿਕਰੀ ਕਰਨ ਵਾਲੇ ਵੀ ਪੁੰਨ ਦਾ ਕੰਮ ਸਮਝਦੇ ਹਨ। ਇਸ ਲਈ ਹੇਠਲੀਆਂ ਦੁਕਾਨਾਂ ’ਤੇ ਵੀ ਗਾਹਕਾਂ ਨੂੰ ਕਮਿਸ਼ਨ ਬਗੈਰਾ ਦੇਣ ਦੀ ਲੋੜ ਨਹੀਂ ਪੈਂਦੀ। ਇਸ ਲਈ ਇਨ੍ਹਾਂ ਦਾ ਉਤਪਾਦਨ ਬਹੁਤ ਸਸਤਾ ਪੈ ਜਾਂਦਾ ਹੈ ਅਤੇ ਖਪਤ ਵੀ ਵੱਡੀ ਮਾਤਰਾ ਵਿਚ ਹੋ ਜਾਂਦੀ ਹੈ। ਭਗਵੇਂ ਭੇਸਾਂ ਵਿਚ ਵਪਾਰ ਕਰਨ ਨੂੰ ਸਾਰੇ ਧਾਰਮਿਕ ਗ੍ਰੰਥ ਮਾੜਾ ਕਹਿੰਦੇ ਹਨ। ਫਿਰ ਵੀ ਭਾਰਤ ਵਿਚ ਬਾਬਿਆਂ ਲਈ ਇਹ ਧੰਦਾ ਲਾਹੇਵੰਦ ਹੈ। ਆਓ ਵੇਖੀਏ ਕਿਹੜੇ ਵੱਡੇ-ਵੱਡੇ ਬਾਬੇ ਅੱਜ ਕਲ ਉਤਪਾਦਨ ਦੇ ਖੇਤਰ ਵਿਚ ਜੁੜੇ ਹੋਏ ਹਨ:-

### ੳ. ਬਾਬਾ ਰਾਮਦੇਵ

ਦਵਾਈਆਂ ਦੇ ਖੇਤਰ ਵਿਚ, ਕਿਤਾਬਾਂ-ਸੀਡੀਆਂ ਦੇ ਖੇਤਰ ਵਿਚ, ਖਾਣ-ਪੀਣ ਵਾਲੀਆਂ ਵਸਤਾਂ ਦੇ ਖੇਤਰ ਵਿਚ, ਸਰੀਰ ਦੀ ਸਾਫ਼-ਸਫ਼ਾਈ ਦੇ ਖੇਤਰ ਵਿਚ ਇਸ ਬਾਬੇ ਦਾ ਕੋਈ ਮੁਕਾਬਲਾ ਨਹੀਂ। ਇਸ




ਨੇ ਤਾਂ ਯੋਗ ਨੂੰ ਵੀ ਵਪਾਰ ਬਣਾ ਦਿੱਤਾ ਹੈ। ਅਗਲੀਆਂ ਕਤਾਰਾਂ ਵਿਚ ਬੈਠਣ ਵਾਲੇ ਤਾਂ ਮਹਿੰਗੀਆਂ ਟਿਕਟਾਂ ਖ਼ਰੀਦਦੇ ਹਨ ਅਤੇ ਪਿਛਲੀਆਂ ਵਾਲਿਆਂ ਨੂੰ ਸੀਟਾਂ ਕੁੱਝ ਸਸਤੀਆਂ ਮਿਲ ਜਾਂਦੀਆਂ ਹਨ। ਬਾਬਾ ਜੀ ਨੇ ਦੇਸੀ ਦਵਾਈਆਂ ਵੀ ਆਨਲਾਈਨ ਭੇਜਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਦੇਸ਼-ਵਿਦੇਸ਼ ਵਿਚ ਇਨ੍ਹਾਂ ਦੀਆਂ ਲੱਖਾਂ ਦੁਕਾਨਾਂ ਹਨ। ਟੈਲੀਵਿਜ਼ਨ ਚੈਨਲਾਂ ’ਤੇ ਇਹ ਵੱਡੀ ਮਾਤਰਾ ਵਿਚ ਪ੍ਰਚਾਰ-ਪ੍ਰਸਾਰ ਕਰਦੇ ਹਨ। ਪੁੱਤਰ ਪੈਦਾ ਕਰਨ ਦਾ ਦਾਅਵਾ ਕਰਨ ਵਾਲੇ ਬੀਜ, ਗਊ ਦਾ ਮੂਤਰ, ਕਾਮ ਉਤੇਜਕ ਦਵਾਈਆਂ ਵੇਚਣਾ ਇਸ ਦਾ ਵੱਡੀ ਕਮਾਈ ਦਾ ਸਾਧਨ ਹੈ। ਮੈਨੂੰ ਲਗਦਾ ਹੈ ਕਿ ਕੁੱਝ ਹੀ ਸਾਲਾਂ ਵਿਚ ਇਹ ਬਾਬਾ ਲੱਖਾਂ-ਕਰੋੜਾਂ ਦੀ ਜਾਇਦਾਦ ਦਾ ਮਾਲਕ ਹੋਵੇਗਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵੀ ਇਸ ਨੂੰ ਮੁਫ਼ਤ ਜਾਂ ਕੌਡੀਆਂ ਦੇ




ਭਾਅ ਜ਼ਮੀਨਾਂ ਦਿੰਦੀਆਂ ਤੇ ਦੇ ਰਹੀਆਂ ਹਨ।

### ਅ. ਆਸਾਰਾਮ ਬਾਪੂ

ਇਹ ਬਾਬਾ ਜਿਸਮਾਨੀ ਸੋਸ਼ਣ ਦੇ ਦੋਸ਼ਾਂ ਤਹਿਤ ਪਿਛਲੇ ਤਿੰਨ ਸਾਲ ਤੋਂ ਜੇਲ੍ਹ ਵਿਚ ਬੰਦ ਹੈ। ਇੱਕ ਦੌਰ ਵਿੱਚ ਇਸ ਦੇ ਪੁੱਤਰ ਨੇ ਹਜ਼ਾਰਾਂ ਕਰੋੜਾਂ ਰੁਪਏ ਦੀ ਜਾਇਦਾਦ ਜਾਂ ਸਰਕਾਰ ਤੋਂ ਲਈ ਜਾਂ ਗ਼ਲਤ ਢੰਗਾਂ ਨਾਲ ਹਥਿਆਈ ਸੀ। ਇਹ ਵੀ ਕਿਤਾਬਾਂ ਰਸਾਲਿਆਂ ਅਤੇ ਆਯੁਰਵੈਦਿਕ ਦਵਾਈਆਂ ਵੱਡੀ ਮਾਤਰਾ ਵਿਚ ਬਣਾ ਰਿਹਾ ਹੈ। ਸਾਰੇ ਸ਼ਹਿਰਾਂ ਵਿਚ ਆਪਣੇ ਡੇਰੇ ਬਣਾਏ ਹੋਏ ਹਨ। ਕੁੱਝ ਕੁ ਸਮਾਂ ਪਹਿਲਾਂ ਗਊ ਮੂਤਰ ਬਾਰੇ ਲਿਖਿਆ ਮੇਰਾ ਲੇਖ ਇਸ ਦੇ ਪੈਰੋਕਾਰਾਂ ਦੀ ਨਜ਼ਰ ਵਿਚ ਪੈ ਗਿਆ ਤਾਂ ਇਸ ਦੇ ਕਈ ਚੇਲਿਆਂ ਨੇ ਮੈਨੂੰ ਭੱਦੀਆਂ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕਿਤਾਬਾਂ ਅਤੇ ਦਵਾਈਆਂ ਨੂੰ ਵੇਚਣ ਲਈ ਇਸ ਨੇ ਕਈ ਵੈਨਾਂ ਚਲਾਈਆਂ ਹੋਈਆਂ ਹਨ।

### ੲ. ਸ੍ਰੀ ਸ੍ਰੀ ਰਵੀਸ਼ੰਕਰ




ਇਸ ਬਾਬੇ ਦੇ ਮਿਸ਼ਨ ਨੂੰ ਆਮ ਤੌਰ 'ਤੇ 'ਆਰਟ ਆਫ਼ ਲਿਵਿੰਗ' ਕਿਹਾ ਜਾਂਦਾ ਹੈ। ਪਰ ਇਸ ਦੀਆਂ ਸਿਖਲਾਈ ਵਰਕਸ਼ਾਪਾਂ ਦੀ ਵਪਾਰ ਵਧਾਉਣ ਦਾ ਇਕ ਵਸੀਲਾ ਹਨ। ਬਹੁਤ ਸਾਰੇ ਉਤਪਾਦਨ ਇਨ੍ਹਾਂ ਸਿਖਲਾਈ ਵਰਕਸ਼ਾਪਾਂ ਵਿਚ ਵੇਚੇ ਜਾਂਦੇ ਹਨ। ਇਸ ਦਾ ਕਹਿਣਾ ਹੈ ਕਿ ਮੈਂ ਲੋਕਾਂ ਨੂੰ ਸੁਚੱਜੀ ਜ਼ਿੰਦਗੀ ਬਤੀਤ ਕਰਨ ਦੇ ਢੰਗ ਤਰੀਕੇ ਦਸਦਾ ਹਾਂ। ਮੈਂ ਵੇਖਿਆ ਹੈ ਕਿ ਇਸ ਦੇ ਬਹੁਤੇ ਚੇਲੇ ਸਮਾਧੀਆਂ ਲਾਉਂਦੇ ਹਨ ਅਤੇ ਬਹੁਤੀ ਵਾਰੀ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਕਾਰਨ ਉਨ੍ਹਾਂ ਨੂੰ ਮਨੋਭਰਮ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਉਨ੍ਹਾਂ ਦੀ ਸਥਿਤੀ ਭੰਗ ਖਾਧੇ ਵਿਅਕਤੀਆਂ ਵਰਗੀ ਹੋ ਜਾਂਦੀ ਹੈ। ਦੋ ਕੁ ਮਹੀਨੇ ਪਹਿਲਾਂ ਦਿੱਲੀ ਵਿਚ ਇਸ ਨੇ ਵੱਡਾ ਸਮਾਗਮ ਕਰਵਾਇਆ ਸੀ, ਜਿਸ ਵਿਚ ਦੁਨੀਆਂ ਭਰ ਦੇ ਸੰਗੀਤਕਾਰ ਇਸ ਨੇ ਬੁਲਾਏ ਹੋਏ ਸਨ। ਬਹੁਤ ਸਾਰੀਆਂ ਆਯੁਰਵੈਦਿਕ ਦਵਾਈਆਂ, ਖ਼ੁਰਾਕ ਪਦਾਰਥ, ਕਿਤਾਬਾਂ ਤੇ ਸੀਡੀਆਂ ਆਪਣੇ ਚੇਲਿਆਂ ਰਾਹੀਂ ਵੇਚਦਾ ਹੈ। ਇਸ ਦੇ ਚੇਲੇ ਜੋ ਖਾਣ-ਪੀਣ ਦੀਆਂ ਦੁਕਾਨਾਂ ਚਲਾਉਂਦੇ ਹਨ, ਉਨ੍ਹਾਂ ਕੋਲ ਵੀ ਹਮੇਸ਼ਾ ਇਸ ਦੀਆਂ ਸੇਲ ਵਸਤੂਆਂ ਪਈਆਂ ਹੁੰਦੀਆਂ ਹਨ। ਅੱਜ ਇਹ ਬਾਬਾ ਵੀ ਹਜ਼ਾਰਾਂ ਕਰੋੜਾਂ ਰੁਪਏ ਦਾ ਮਾਲਕ ਬਣਿਆ ਹੋਇਆ ਹੈ।

### ਸ. ਸਰਸੇ ਵਾਲਾ ਸੰਤ




ਪੰਜਾਬ ਵਿਚ ਇਸ ਦੇ ਲੱਖਾਂ ਸ਼ਰਧਾਲੂ ਹਨ। ਆਮ ਤੌਰ 'ਤੇ ਪੰਜਾਬ ਦੇ ਬਹੁਤੇ ਦਲਿੱਤ ਇਸ ਬਾਬੇ ਦੇ ਚੇਲੇ ਹਨ। ਬਾਬਾ ਜੀ ਦੇ ਡੇਰੇ ਵਿਚ ਆਉਣ ਵਾਲਾ ਹਰੇਕ ਵਿਅਕਤੀ ਵੱਧ ਤੋਂ ਵੱਧ ਕੰਮ ਕਰਨਾ ਚਾਹੁੰਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਨਾਮ ਕਮਾਉਣਾ ਹੀ ਸਭ ਤੋਂ ਵਧੀਆਂ ਕਮਾਈ ਹੈ। ਇਸ ਬਾਬਾ ਜੀ ਨੇ ਵੀ ਬਹੁਤ ਸਾਰੀਆਂ ਚੀਜ਼ਾਂ ਨੂੰ ਮਾਰਕੀਟ ਵਿੱਚ ਉਤਾਰਿਆ ਹੈ। ਪੰਜਾਬ ਅਤੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਬਹੁਤ ਸਾਰੇ ਸ਼ੋਅ ਰੂਮ ਵੀ ਖੋਲ੍ਹੇ ਗਏ ਹਨ ਜੋ ਇੰਨ੍ਹਾਂ ਦਾ ਸਮਾਨ ਹੀ ਵੇਚਦੇ ਹਨ।

ਇਨ੍ਹਾਂ ਉਤਪਾਦਾਂ ਕਰਕੇ ਬਾਬਿਆਂ ਵਿਚਕਾਰ ਮੁਕਾਬਲੇਬਾਜ਼ੀ ਪੈਦਾ ਹੋਣੀ ਸੁਭਾਵਕ ਹੀ ਹੈ, ਜਿਸ ਕਰਕੇ ਇਹ ਇਕ-ਦੂਜੇ ਨਾਲ ਖਹਿਬੜਣਾ ਸ਼ੁਰੂ ਕਰਨਗੇ। ਹੋ ਸਕਦਾ ਹੈ, ਕੋਈ ਸਿਆਸਤਦਾਨ ਇਨ੍ਹਾਂ ਨੂੰ ਲੜਾਉਣ ਦਾ ਯਤਨ ਕਰੇ।

### 3. ਗਦਰੀ ਬਾਬੇ

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਅਮਰੀਕਾ ਅਤੇ ਕੈਨੇਡਾ ਵਿੱਚ ਵਸੇ ਬਹੁਤ ਸਾਰੇ ਭਾਰਤੀਆਂ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਇੱਕ ਸਮੁੰਦਰੀ ਜ਼ਹਾਜ ਕਿਰਾਏ ਤੇ ਲਿਆ ਅਤੇ ਭਾਰਤ ਨੂੰ ਚੱਲ ਪਏ। ਇਸ ਜ਼ਹਾਜ ਦਾ ਨਾਂ ਕਾਮਾਗਾਟਾਮਾਰੂ ਸੀ। ਹੁਣ ਦੀ ਕੈਨੇਡਾ ਸਰਕਾਰ ਨੇ ਆਪਣੀ ਪਾਰਲੀਮੈਂਟ ਵਿੱਚ ਇੱਕ ਮਤਾ ਪਾਸ ਕਰਕੇ ਗਦਰੀ ਬਾਬਿਆਂ ਤੋਂ ਮਾਫੀ ਮੰਗੀ ਹੈ। ਇਹ ਸੁਲਾਘਾਯੋਗ ਹੈ। ਭਾਵੇਂ ਇਹ ਫੈਸਲਾ ਉਹਨਾਂ ਨੂੰ ਬਹੁਤ ਸਮਾਂ ਪਹਿਲਾਂ ਕਰਨਾ ਚਾਹੀਦਾ ਸੀ। ਬਹੁਤ ਸਾਰੇ ਪੰਜਾਬੀ ਸਿੱਖ ਕੈਨੇਡਾ ਤੋਂ ਇਸ ਗੱਲ ਲਈ ਮੰਗ ਕਰਦੇ ਰਹੇ ਹਨ, ਪਰ ਹੁਣ ਸਿੱਖਾਂ ਦੀ ਸਭ ਤੋਂ ਵੱਡੀ ਜੱਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ



ਕਮੇਟੀ ਨੇ ਤਾਂ ਗਦਰੀਆਂ ਬਾਬਿਆਂ ਨੂੰ ਸਿੱਖ ਧਰਮ ਵਿੱਚੋਂ ਛੇਕਿਆ ਹੋਇਆ ਸੀ। ਇਹਨਾਂ ਨੇ ਕਦੇ ਇਹ ਫੈਸਲਾ ਵਾਪਿਸ ਵੀ ਨਹੀਂ ਲਿਆ ਅਤੇ ਭਾਰਤ ਸਰਕਾਰ ਨੇ ਗਦਰੀ ਬਾਬਿਆਂ ਦੀਆਂ ਜਾਇਦਾਦਾਂ ਜਬਤ ਕੀਤੀਆਂ ਹੋਈਆਂ ਸਨ। ਸਰਕਾਰ ਨੇ ਅੱਜ ਤੱਕ ਇਹ ਜਾਇਦਾਦਾਂ ਗਦਰੀ ਬਾਬਿਆਂ ਦੇ ਵਾਰਿਸਾਂ ਨੂੰ ਵਾਪਿਸ ਵੀ ਨਹੀਂ ਕੀਤੀਆਂ। ਵਿਦੇਸੀਆਂ ਨੇ ਤਾਂ ਇਹਨਾਂ ਗੱਲਾਂ ਨੂੰ ਭੁਲਾ ਦਿੱਤਾ ਹੈ, ਪਰ ਸਿੱਖਾਂ ਦੇ ਧਾਰਮਿਕ

ਆਗੂਆਂ ਅਤੇ ਸਰਕਾਰਾਂ ਨੂੰ ਵੀ ਆਪਣੇ ਫੈਸਲਿਆਂ ਲਈ ਮੁਆਫੀਆਂ ਮੰਗਣੀਆਂ ਚਾਹੀਦੀਆਂ ਹਨ।

## 4. ਮੇਰੀ ਸ਼ਿਮਲਾ ਯਾਤਰਾ

ਮਈ ਦੇ ਮਹੀਨੇ ਮੇਰੀ ਛੋਟੀ ਨੂੰਹ ਕਹਿਣ ਲੱਗੀ ਕਿ ਡੈਡੀ ਸਾਡਾ ਅਖਬਾਰ ਸੇਬਾਂ ਬਾਰੇ ਇੱਕ ਕਹਾਣੀ ਪ੍ਰਕਾਸ਼ਿਤ ਕਰ ਰਿਹਾ ਹੈ। ਤੁਹਾਨੂੰ ਪਤਾ ਹੈ ਕਿ 1916 ਵਿੱਚ ਇੱਕ ਈਸਾਈ ਪ੍ਰਚਾਰਕ ਪਹਿਲੀ ਵਾਰ ਮਿੱਠੇ ਸੇਬਾਂ ਦੀ ਪਨੀਰੀ ਇੱਕ ਸਿਰਹਾਣੇ ਵਿੱਚ ਲੁਕੋ ਕੇ ਲਿਆਇਆ ਸੀ। ਉਸਨੇ ਸ਼ਿਮਲੇ ਦੇ ਨੇੜੇ ਕੋਠਗੜ ਨਾਂ ਦੇ ਸਥਾਨ ਤੇ ਇਹ ਪਨੀਰੀ ਲਾਈ ਸੀ। ਇਸ ਤੋਂ ਪਹਿਲਾਂ ਸੇਬ ਮਿਲਦੇ ਤਾਂ ਸਨ ਪਰ ਉਹ ਖੱਟੇ ਹੁੰਦੇ ਸਨ ਇਸ ਲਈ ਕਿਸਾਨਾਂ ਨੂੰ ਬਹੁਤੀ ਕਮਾਈ ਨਹੀਂ ਸੀ ਹੁੰਦੀ। ਸੇਬਾਂ ਦੀ ਇਸ ਕਿਸਮ ਨੇ ਬਹੁਤ ਸਾਰੇ ਕਿਸਾਨਾਂ ਨੂੰ ਮਾਲਾਮਾਲ ਕਰ ਦਿੱਤਾ ਸੀ। ਇਸ ਸਾਲ ਸੇਬ ਦੇ 100 ਸਾਲ ਪੂਰੇ ਹੋ ਰਹੇ ਹਨ। ਮੈਂ ਤੇ ਮੇਰੀ ਪਤਨੀ ਵੀ ਸ਼ਿਮਲੇ ਲਈ ਤਿਆਰ ਹੋ ਗਏ। ਚੰਡੀਗੜ੍ਹ ਤੋਂ ਸ਼ਿਮਲੇ ਵਿਚਕਾਰ ਸੜਕਾਂ ਚੌੜੀਆਂ ਹੋ ਰਹੀਆਂ ਸਨ। ਪੱਥਰਾਂ ਦੀ ਤੋੜ ਤੁੜਾਈ ਅਤੇ ਢੋਹ-ਢੁਹਾਈ ਵੱਡੀ ਪੱਧਰ ਤੇ ਹੋ ਰਹੀ ਸੀ। ਵੱਡੀਆਂ-ਵੱਡੀਆਂ ਮਸ਼ੀਨਾਂ ਇਹ ਕੰਮ ਕਰ ਰਹੀਆਂ ਸਨ। ਹਜ਼ਾਰਾਂ ਹੀ ਮਜ਼ਦੂਰਾਂ ਦਾ ਕੰਮ ਇਹਨਾਂ ਮਸ਼ੀਨਾਂ ਨੇ ਖੋਹ ਲਿਆ ਸੀ। ਪਰ ਜਿਹੜੀਆਂ ਸੜਕਾਂ ਬਣਾਉਣ ਲਈ ਕਈ ਕਈ ਦਹਾਕੇ ਲੱਗ ਜਾਂਦੇ ਸਨ ਹੁਣ ਉਹ ਛਿਮਾਹੀ ਵਿੱਚ ਤਿਆਰ ਹੋ ਰਹੀਆਂ ਸਨ। ਸ਼ਿਮਲੇ ਵਿਖੇ ਪਤਾ ਲੱਗ ਗਿਆ ਸਾਡੇ ਹੋਟਲ ਦੇ ਕਮਰਿਆਂ ਦੀਆਂ ਕੇਬਲ ਤਾਰਾਂ ਬਾਂਦਰਾਂ ਨੇ ਤੋੜ ਦਿੱਤੀਆਂ ਸਨ। ਹੋਟਲ ਵਾਲੇ ਕਹਿਣ ਲੱਗੇ ਕਿ ਭਾਜਪਾ ਸਰਕਾਰ ਨੇ ਬਾਂਦਰਾਂ ਨੂੰ ਖੁੱਲ੍ਹੇ ਛੱਡਿਆ ਹੋਇਆ ਹੈ। ਇਸ ਲਈ ਇਹ ਲੋਕਾਂ ਤੋਂ ਖਾਣ ਵਾਲੀਆਂ ਚੀਜ਼ਾਂ ਖੋਹ ਲਿਜਾਂਦੇ ਹਨ। ਤਾਰਾਂ ਤੇ ਸੁਕੇ ਪਾਏ ਕੱਪੜੇ ਲੀਰੋ-ਲੀਰ ਹੋ ਜਾਂਦੇ ਹਨ। ਜੇ ਅਸੀਂ ਬਾਂਦਰਾਂ ਨੂੰ ਕੁਝ ਕਹਿੰਦੇ ਹਾਂ ਤਾਂ ਬਜਰੰਗ ਸੈਨਾ ਆ ਧਮਕਦੀ ਹੈ ਜਾਂ ਮੇਨਕਾ ਗਾਂਧੀ ਦਾ ਕੋਈ ਚੇਲਾ ਸਾਡੇ ਉੱਪਰ ਅਦਾਲਤਾਂ ਵਿੱਚ ਮੁਕੱਦਮਾ ਠੋਕ ਦਿੰਦਾ ਹੈ। ਮੈਨੂੰ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੀਆਂ ਸੜਕਾਂ ਤੇ ਅਵਾਰਾ ਫਿਰਦੀਆਂ ਗਾਵਾਂ ਦਾ ਚੇਤਾ ਆ ਗਿਆ। ਧਾਰਮਿਕ ਸਥਾਨਾਂ ਵਿੱਚੋਂ ਪੈਦਾ ਹੋਈ ਰਾਜਨੀਤੀ ਅਜਿਹੀਆਂ ਸਮੱਸਿਆਂ ਖੜੀਆਂ ਕਰਦੀ ਹੀ ਹੁੰਦੀ ਹੈ। ਕੁਫ਼ਰੀ ਅਤੇ ਹੋਰ ਸਥਾਨਾਂ ਤੇ ਜਾਣ ਲਈ ਅਸੀਂ ਟੂਰਿਸਟ ਬੱਸ ਵਿੱਚ ਬੈਠ ਗਏ। ਸਾਡਾ ਗਾਈਡ ਦੱਸਣ ਲੱਗਿਆ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਭਾਵੇਂ 365 ਇਸਤਰੀਆਂ ਨੂੰ ਰਾਣੀਆਂ ਬਣਾਇਆ ਹੋਇਆ ਸੀ। ਫਿਰ ਵੀ ਉਸਨੇ ਸ਼ਿਮਲੇ ਦੇ ਅੰਗਰੇਜ਼ ਅਧਿਕਾਰੀ ਦੀ ਧੀ ਨੂੰ ਛੇੜ ਦਿੱਤਾ। ਉਸਨੇ ਉਸਦਾ ਸ਼ਿਮਲੇ ਵਿੱਚ ਦਾਖ਼ਲਾ ਬੰਦ ਕਰ ਦਿੱਤਾ। ਭਾਵੇਂ ਉਸਨੇ ਇੱਥੇ ਇੱਕ ਬੰਗਲਾ ਬਣਾਇਆ ਹੋਇਆ ਸੀ। ਇਸ ਬੰਗਲੇ ਵਿੱਚ ਇੱਕ ਚੀਨੀ ਕੁੜੀ ਨੂੰ ਚੁੱਕ ਲਿਆਇਆ ਸੀ, ਇਸ ਲਈ ਇਸ ਬੰਗਲੇ ਨੂੰ ਅੱਜ ਕੱਲ੍ਹ ਚੀਨੀ ਬੰਗਲੋ ਕਿਹਾ ਜਾਂਦਾ ਹੈ। ਮਹਾਰਾਜੇ ਨੇ ਆਪਣੀ ਸ਼ਿਮਲਾ ਐਂਟਰੀ ਬੈਨ ਹੋਣ ਤੋਂ ਬਾਅਦ ਸ਼ਿਮਲੇ ਦੇ ਨੇੜੇ ਹੀ ਚੈਲ ਵਿਖੇ ਇੱਕ ਵੱਡਾ ਮਹਿਲ ਬਣਾਇਆ ਹੋਇਆ ਹੈ। ਅੱਜ ਕੱਲ੍ਹ ਇਹ ਮਹਿਲ ਹਿਮਾਚਲ ਟੂਰਿਜਮ ਮਹਿਕਮੇ ਦੇ ਸਪੁਰਦ ਹੈ। ਜਿਸਨੇ ਇੱਕ ਆਲੀਸ਼ਾਨ ਹੋਟਲ ਬਣਾਇਆ ਹੋਇਆ ਹੈ। ਸ਼ਿਮਲੇ ਦੀ ਮਾਲਰੋਡ ਤੇ ਰਿੱਜ ਸੈਲਾਨੀਆਂ ਦੀ ਪਹਿਲੀ ਪਸੰਦ ਹੁੰਦੀ ਹੈ। ਸਾਫ਼ ਸਫ਼ਾਈ ਦਾ ਵੀ ਵਧੀਆਂ ਧਿਆਨ ਰੱਖਿਆ ਜਾਂਦਾ ਹੈ। ਸ਼ਿਮਲਾ ਨਗਰਪਾਲਿਕਾ ਦਾ ਮੇਅਰ ਅਤੇ ਡਿਪਟੀ ਮੇਅਰ ਮਾਰਕਸੀ ਪਾਰਟੀ ਨਾਲ ਸੰਬੰਧਿਤ ਹਨ।




## 5. ਗਊ ਮੂਤਰ

ਕੀ ਤੁਸੀਂ ਮੰਨ ਸਕਦੇ ਹੋ ਕਿ ਦੁਨੀਆਂ ਦੀ ਕੋਈ ਸਰਕਾਰ ਇਹ ਕਹੇ ਕਿ ਗਊ ਦਾ ਮੂਤ ਪੀਣ ਨਾਲ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਜੀ ਹਾਂ, ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਇਹ ਪ੍ਰਚਾਰ ਕਰਦੀਆਂ ਹਨ ਕਿ ਦੇਸ਼ੀ ਗਊਆਂ ਦਾ ਮੂਤ ਪੀਣ ਨਾਲ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਪੰਜਾਬ ਦੇ ਪਸ਼ੂ ਪਾਲਣ ਮਹਿਕਮੇ ਨੇ ਇੱਕ ਪੈਂਫਲਟ ਜਾਰੀ ਕੀਤਾ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਸਾਹੀਵਾਲ ਨਸਲ ਦੀਆਂ ਗਾਵਾਂ ਸਰੀਰ ਵਿੱਚੋਂ ਤੇਜ਼ਾਬੀ ਮਾਦੇਂ ਨੂੰ ਦੂਰ ਕਰ ਦਿੰਦੀਆਂ ਹਨ। ਮਹਿਕਮੇ ਦੇ ਡਾਇਰੈਕਟਰ ਅਨੁਸਾਰ ਇਹ ਦੇਸ਼ੀ ਗਊਆਂ ਦਾ ਪਿਸ਼ਾਬ ਬਹੁਤ ਸਾਰੀਆਂ ਆਯੁਰਵੈਦਿਕ ਦਵਾਈਆਂ ਵਿੱਚ ਵਰਤਿਆਂ ਜਾਂਦਾ ਹੈ। ਕੁਝ ਡਾਕਟਰ ਇਹ ਵੀ ਕਹਿ ਰਹੇ ਸਨ, ਕਿ ਇਹ ਕਦਮ ਬੇਵਕੂਫਾਂ ਵਾਲਾ ਹੈ। ਸਾਡਾ ਮਹਿਕਮਾ ਕੋਈ ਗਊਸ਼ਾਲਾ ਨਹੀਂ ਹੈ। ਇਹ ਤਾਂ ਵਿਗਿਆਨਕ ਅਦਾਰਾ ਹੈ। ਜਿਸਦਾ ਕੰਮ ਲੋਕਾਂ ਵਿੱਚ ਵਿਗਿਆਨਕ ਸੋਚ ਨੂੰ ਵਧਾਉਣਾ ਹੈ। ਉਹਨਾਂ ਦਾ ਕਹਿਣਾ ਇਹ ਵੀ ਸੀ ਮੱਝਾਂ ਅਤੇ ਗਊਆਂ ਦੇ ਪਿਸ਼ਾਬ ਵਿੱਚ ਮਿਲਦੇ ਪਦਾਰਥਾਂ ਵਿੱਚ ਬਹੁਤਾ ਫਰਕ ਨਹੀਂ ਹੈ। ਕਈ ਹੋਰ ਕਹਿ ਰਹੇ ਸਨ, ਜਦੋਂ ਪੰਜਾਬ ਦਾ ਮੁੱਖ ਮੰਤਰੀ ਗਊ ਦੇ ਪਿਸ਼ਾਬ ਦੀ ਪ੍ਰਸੰਸਾ ਕਰਦਾ ਹੈ, ਤਾਂ ਸਾਨੂੰ ਵੀ ਅਜਿਹਾ ਕਰਨਾ ਪੈਂਦਾ ਹੈ। ਪੰਜਾਬ ਦੇ ਲੋਕਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਿਸ ਸੂਬੇ ਦਾ ਮੁੱਖ ਮੰਤਰੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਦੂਜੀ ਸਦੀਂ ਦੇ ਵਸਨੀਕ ਹੋਣ ਕਿ ਉਹ ਸਾਨੂੰ 21ਵੀਂ ਸਦੀਂ ਵਿੱਚ ਲਿਜਾ ਸਕਦੇ ਹਨ। ਜਿਹੜੇ ਪਦਾਰਥਾਂ ਨੂੰ ਪਸ਼ੂ ਫਜ਼ੂਲ ਸਮਝ ਕੇ ਬਾਹਰ ਕੱਢਦੇ ਹਨ। ਉਹ ਪਦਾਰਥ ਮਨੁੱਖ ਦੇ ਸਰੀਰਾਂ ਵਿੱਚ ਵਰਤਣ ਦੀ ਸਲਾਹ ਦੇਣ ਵਾਲਿਆਂ ਨੂੰ ਮੈਂ ਤਾਂ ਲੋਕਦੋਖੀ ਹੀ ਸਮਝਾਗਾਂ। ਇਹ ਧਿਰਾਂ ਕਦੇ ਵੀ ਇਹ ਪਰਖ ਨਹੀਂ ਕਰਨਗੀਆਂ ਕਿ ਗਧੇ ਦੇ ਪਿਸ਼ਾਬ ਵਿੱਚ ਮਿਲਣ ਵਾਲੇ ਫਾਸਫੇਟ ਅਤੇ ਗਊ ਦੇ ਪਿਸ਼ਾਬ 'ਚ ਮਿਲਣ ਵਾਲੇ ਫਾਸਫੇਟ ਕਿਵੇਂ ਵੱਖਰੇ ਹਨ ਅਤੇ ਇਹ ਫਾਸਫੇਟ ਮਨੁੱਖੀ ਬਿਮਾਰੀਆਂ ਉੱਪਰ ਕਿਵੇਂ ਪ੍ਰਭਾਵ ਪਾਉਂਦੇ ਹਨ।

## 7. ਸਾਡੇ ਦੇਸ਼ ਦੇ ਮੁੱਖ ਮੰਤਰੀ

ਯੇਦੀਯੁਰੱਪਾ ਕਰਨਾਟਕ ਦਾ ਸਾਬਕਾ ਮੁੱਖ ਮੰਤਰੀ ਸੀ। ਉਸਨੂੰ ਕਿਸੇ ਕਾਲੇ ਜਾਦੂ ਵਾਲੇ ਨੇ ਇਹ ਕਹਿ ਦਿੱਤਾ ਕਿ ਜੇ ਤੂੰ ਤਿਨ ਰਾਤਾਂ ਨੰਗਾ ਹੋ ਕੇ ਸੌਂਵੇਂ ਤਾਂ ਤੇਰੀ ਗੱਦੀ ਸਲਾਮਤ ਰਹਿ ਸਕਦੀ ਹੈ। ਯੇਦੀਯੁਰੱਪਾ ਨੇ ਇਹ ਸਿਲਸਿਲਾ ਪੂਰੀ ਤਰ੍ਹਾਂ ਨਿਭਾਇਆ। ਪਰ ਗੱਦੀ ਫਿਰ ਵੀ ਸਲਾਮਤ ਨਾ ਰਹੀ। ਅਜਿਹੇ ਮੂਰਖ ਗੱਦੀ ਦਾ ਨੰਗੇ ਸੌਣ ਨਾਲ ਕੀ ਸਬੰਧ ਹੈ ਇਹ ਵੀ ਨਹੀਂ ਜਾਣਦੇ। ਉਦੋਂ ਹੀ ਸਿੱਧਰਮਈਆ ਵਿਰੋਧੀ ਧਿਰ ਦਾ ਨੇਤਾ ਸੀ। ਉਸ ਸਮੇਂ ਉਸਦਾ ਕਹਿਣਾ ਸੀ ਕਿ ਯੇਦੀਯੁਰੱਪਾ ਦਾ ਇਹ ਕਰਨਾਮਾ ਸੂਬੇ ਦੇ ਲੋਕਾਂ ਨੂੰ ਅੰਧ ਵਿਸ਼ਵਾਸ ਵਿੱਚ ਧੱਕਣਾ ਹੈ। ਅੱਜ ਕੱਲ੍ਹ ਸਿੱਧਰਮਈਆ ਕਰਨਾਟਕਾਂ ਦਾ ਮੁੱਖ ਮੰਤਰੀ ਹੈ। ਕਰਨਾਟਕਾਂ ਦੀ ਸਾਰੀ ਤਰੱਕੀ ਦੀ ਸਾਰੀ ਵਾਗਡੋਰ ਇਸ ਵਿਅਕਤੀ ਦੇ ਹੱਥ ਹੈ। ਇਸ ਦੀ ਕਾਰ ਉੱਤੇ ਵੀ ਇੱਕ ਕਾਂ ਬੈਠ ਗਿਆ। ਆਲੇ ਦੁਆਲੇ ਦੇ ਜ਼ੋਤਸੀ ਕਹਿਣ ਲੱਗੇ ਕਾਰ ਤੇ ਕਾਂ ਦਾ ਬੈਠਣਾ ਬਦਸ਼ਗਨ ਹੈ। ਇਸ ਲਈ ਮੁੱਖ ਮੰਤਰੀ ਜੀ ਨੇ ਉਸ ਕਾਰ ਨੂੰ ਵਰਤਣਾ ਹੀ ਬੰਦ ਕਰ ਦਿੱਤਾ ਅਤੇ ਸਰਕਾਰੀ ਖਜ਼ਾਨੇ ਵਿੱਚੋਂ 35 ਲੱਖ ਦੀ ਨਵੀਂ ਕਾਰ ਖਰੀਦ ਲਈ। ਹੁਣ ਤੁਸੀਂ ਹੀ ਦੱਸੋ ਕਿ ਉਸ ਬਾਗ ਦਾ ਕੀ ਹਾਲ ਹੋਵੇਗਾ ਜਿਸ ਦੀ ਹਰ ਸਾਖ ਤੇ ਉੱਲੂ ਬੈਠਾ ਹੈ।

# ਮਾਂ ਤੋਂ ਪਰਮਾਤਮਾ ਤੱਕ ਦਾ ਸ਼ਬਦ ਸਫ਼ਰ

**ਹਰਮਿੰਦਰ ਕਾਲੜਾ**
ਸੰਪਰਕ: 98728-73066




ਜਨਮ ਤੋਂ ਬਾਅਦ ਬੱਚੇ ਦੀ ਪਹਿਲੀ ਪਹਿਚਾਣ ਮਾਂ ਨਾਲ ਹੁੰਦੀ ਹੈ। ਉਹ ਆਪਣਾ ਦੁੱਧ ਚੁੰਘਾ ਕੇ ਉਸ ਦੀ ਮੁਢਲੀ ਖ਼ੁਰਾਕੀ ਲੋੜ ਹੀ ਪੂਰੀ ਨਹੀਂ ਕਰਦੀ, ਸਗੋਂ ਉਸ ਦੀ ਰਾਖੀ ਕਰਦੀ ਹੈ, ਤੇ ਪਾਲਦੀ ਪੋਸਦੀ ਹੈ। ਬੱਚੇ ਦੇ ਬੋਲਣ ਦਾ ਸਿਲਸਿਲਾ ਵੀ ਸਭ ਤੋਂ ਪਹਿਲਾਂ ਉਸ ਨੂੰ ਮਾਂ ਵੱਲੋਂ ਸਿਖਾਏ ਬੋਲਾਂ ਅਤੇ ਉਸ ਦੇ ਪਰਿਵਾਰ ਅਤੇ ਆਲੇ-ਦੁਆਲੇ ਤੋਂ ਸ਼ੁਰੂ ਹੁੰਦਾ ਹੈ। ਇਸ ਧਰਤੀ ਉੱਪਰ ਮਨੁੱਖ ਨੇ ਜਦ ਪਹਿਲਾ ਸ਼ਬਦ ਸਿਰਜਿਆ, ਤਾਂ ਇਹ ਸ਼ਬਦ ਮਾਂ ਹੀ ਰਿਹਾ ਹੋਵੇਗਾ। ਪਰ ਮਨੁੱਖ ਨੇ ਮਾਂ ਦੀ ਪਹਿਚਾਣ ਵਜੋਂ ਪਹਿਲਾ ਸ਼ਬਦ ਕਦੋਂ ਸਿਰਜਿਆ? ਇਹ ਸਮਝਣ ਲਈ ਗੱਲ ਲੱਖਾਂ ਸਾਲ ਪਹਿਲਾਂ ਤੋਂ ਸ਼ੁਰੂ ਕਰਨੀ ਪਵੇਗੀ, ਜਦੋਂ ਅਜੇ ਮਨੁੱਖ ਨੇ ਮੁਢਲੇ ਪੱਥਰ ਯੁਗ ਵਿੱਚ ਪਹਿਲੇ ਸੰਦ ਘੜਨੇ ਸ਼ੁਰੂ ਕੀਤੇ। ਪੁਰਾਤੱਤਵ ਵਿਗਿਆਨੀਆਂ ਨੇ ਇਸ ਸਾਰੇ ਸਿਲਸਿਲੇ ਨੂੰ ਸਮਝਣ ਵਿੱਚ ਮਦਦ ਕੀਤੀ ਹੈ। ਪੁਰਾਤੱਤਵੀ ਖੋਜਾਂ ਤੋਂ ਸਾਨੂੰ ਕੁਝ ਸਦੀਆਂ, ਕੁਝ ਹਜ਼ਾਰ ਸਾਲਾਂ, ਕੁਝ ਲੱਖ ਸਾਲਾਂ ਜਾਂ ਕੁਝ ਕਰੋੜ ਸਾਲ ਪਹਿਲਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸਾਡੇ ਆਪਣੇ ਪੰਜਾਬ ਵਿੱਚ ਹੀ ਕੋਈ 33 ਥਾਵਾਂ ਤੋਂ ਪੁਰਾਤੱਤਵ ਵਿਭਾਗ ਨੇ ਅਜਿਹੇ ਖੋਜ ਭਰਪੂਰ ਕੰਮ ਕੀਤੇ ਹਨ। ਹੁਣੇ ਜਿਹੇ ਚੰਡੀਗੜ੍ਹ ਦੇ ਨੇੜੇ, ਪੰਜਾਬ ਦੇ ਮੋਹਾਲੀ ਜ਼ਿਲ੍ਹੇ ਦੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਵਸੇ ਪਿੰਡ ਮਸੌਲ ਤੋਂ ਪ੍ਰਾਪਤ ਕਈ ਸਬੂਤਾਂ ਨੇ ਆਦਿ ਮਾਨਵ ਬਾਰੇ ਬੇਹੱਦ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ।

ਮਸੌਲ ਪਿੰਡ ਹੁਣ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਦੇ ਖਰੜ ਬਲਾਕ ਵਿੱਚ ਪੈਂਦਾ ਹੈ। ਇਹ ਪੀ.ਜੀ.ਆਈ. ਚੰਡੀਗੜ੍ਹ ਤੋਂ 12 ਕਿਲੋਮੀਟਰ ਅਤੇ ਨਵਾਂ ਗਰਾਉਂ ਤੋਂ 10 ਕਿਲੋਮੀਟਰ 'ਤੇ ਸਥਿਤ ਹੈ। ਇਸ ਪਿੰਡ ਦੇ 50 ਏਕੜ ਖੇਤਰ ਵਿੱਚੋਂ ਮਾਰਚ 2009 ਤੋਂ ਲੈ ਕੇ ਸਤੰਬਰ 2015 ਤੱਕ ਭਾਰਤ ਅਤੇ ਫ਼ਰਾਂਸ ਦੇ ਪੁਰਾਤੱਤਵ ਵਿਗਿਆਨੀਆਂ ਦੀਆਂ ਦੋ ਟੀਮਾਂ ਨੇ ਕੋਈ 1500 ਨਮੂਨੇ ਇਕੱਠੇ ਕੀਤੇ, ਅਤੇ ਉਨ੍ਹਾਂ ਦੀ ਜਾਂਚ ਫ਼ਰਾਂਸ ਦੀ ਇੱਕ ਲੈਬਾਰਟਰੀ ਤੋਂ ਕਰਵਾਈ। ਜਾਂਚ ਤੋਂ ਸ਼ਿਵਾਲਕ ਦੀਆਂ ਇਨ੍ਹਾਂ ਪਹਾੜੀਆਂ ਵਿੱਚ ਅੱਜ ਤੋਂ 26 ਲੱਖ ਸਾਲ ਪਹਿਲਾਂ ਆਦਿ ਮਾਨਵ ਦੀ ਮੁਢਲੀ ਸਰਗਰਮੀ (early human activity) ਦਾ ਪਤਾ ਲਗਦਾ ਹੈ। ਇੱਥੋਂ ਵੱਖ-ਵੱਖ ਜਾਨਵਰਾਂ (ਜਿਰਾਫ਼, ਦਰਿਆਈ ਘੋੜਾ, ਮਗਰਮੱਛ ਆਦਿ) ਦੀਆਂ ਹੱਡੀਆਂ ਦੇ ਪਥਰਾਟ (ਫ਼ੋਸਿਲ), ਜਿਸ ਉੱਪਰ ਆਦਿ ਮਾਨਵ ਵੱਲੋਂ ਕੱਟ ਦੇ ਨਿਸ਼ਾਨ ਸਨ, ਆਦਿ ਮਿਲੇ ਹਨ। ਇਸੇ ਸਾਲ (24 ਜਨਵਰੀ, 2016 ਨੂੰ) ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫ਼ਰਾਂਸ ਦੇ ਰਾਸ਼ਟਰਪਤੀ ਫ਼ਰਾਂਸਵਾ ਓਲਾਂਦ ਨੇ ਰਲ ਕੇ ਮਸੌਲ ਪਿੰਡ ਵਿੱਚੋਂ ਲੱਭੀਆਂ ਵਸਤਾਂ ਦਾ ਚੰਡੀਗੜ੍ਹ ਦੇ ਸੈਕਟਰ 10 ਦੇ ਮਿਊਜ਼ੀਅਮ ਅਤੇ ਆਰਟ ਗੈਲਰੀ ਵਿੱਚ ਉਦਘਾਟਨ ਕੀਤਾ ਹੈ। ਆਦਿ ਮਾਨਵ ਬਾਰੇ ਇੰਨੀ ਪੁਰਾਣੀ ਲੱਭਤ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ। ਇਸ ਤੋਂ ਪਹਿਲਾਂ ਇਥੋਪੀਆ ਵਿੱਚੋਂ ਆਦਿ ਮਾਨਵ ਦੀ ਮੁਢਲੀ ਸਰਗਰਮੀ ਅੱਜ ਤੋਂ 24 ਲੱਖ 80 ਹਜ਼ਾਰ ਪਹਿਲਾਂ ਦੀ ਮੰਨੀ ਜਾਂਦੀ ਸੀ।

ਪਹਿਲਾਂ ਆਦਿ ਮਾਨਵ ਟੋਲਿਆਂ ਵਿੱਚ ਰਹਿੰਦਾ ਸੀ ਤੇ ਸ਼ਿਕਾਰ ਮਾਰਨ ਲਈ ਆਪਣੇ ਸਰੀਰ ਦੀ ਤਾਕਤ ਵਰਤਦਾ ਸੀ। ਮਾਰੇ ਸ਼ਿਕਾਰ ਨੂੰ ਪਾੜਨ ਲਈ ਆਪਣੇ ਤਿੱਖੇ ਦੰਦ ਅਤੇ ਨਹੁੰਦਰਾਂ ਵਰਤਦਾ ਸੀ। ਪੱਥਰ ਦੇ ਤੇਜ਼ ਧਾਰ ਵਾਲੇ ਸੰਦ ਘੜਨ ਨਾਲ ਉਹ ਨਾ ਸਿਰਫ਼ ਪਹਿਲਾਂ ਨਾਲੋਂ ਸੌਖਿਆਂ ਸ਼ਿਕਾਰ ਮਾਰਨ ਲੱਗਿਆ, ਸਗੋਂ ਆਪਣੇ ਤਿੱਖੇ ਕੀਤੇ ਪੱਥਰ ਦੇ ਸੰਦਾਂ ਨਾਲ ਆਪਣੇ ਸ਼ਿਕਾਰ ਨੂੰ ਸੌਖਿਆਂ ਚੀਰ ਵੀ ਸਕਦਾ ਸੀ। ਆਪਣੇ ਹੱਥਾਂ ਤੋਂ ਜ਼ਿਆਦਾ ਕੰਮ ਲੈਣ ਨਾਲ ਉਸ ਦੀਆਂ ਉਂਗਲਾਂ ਜ਼ਿਆਦਾ ਚੁਸਤ ਤੇ ਫੁਰਤੀਲੀਆਂ ਬਣੀਆਂ।

ਆਦਿ ਮਾਨਵ ਨੇ ਜਦੋਂ ਆਪਣਾ ਪਹਿਲਾ ਪੱਥਰ ਦਾ ਸੰਦ ਘੜਿਆ, ਤਾਂ ਇਹ ਕੁਦਰਤ ਦੇ ਕਾਨੂੰਨ ਵਿਰੁੱਧ ਉਸ ਦਾ ਪਹਿਲਾ ਵੱਡਾ ਮਾਹਰਕਾ ਸੀ। ਇਸ ਤੋਂ ਪਹਿਲਾਂ ਤੱਕ ਉਹ ਬਾਕੀ ਜੀਵਾਂ ਵਾਂਗ, ਇੱਕ ਆਗਿਆਕਾਰੀ ਜੀਵ ਵਾਂਗ ਕੁਦਰਤ ਦੇ ਭਾਣੇ ਵਿੱਚ ਰਹਿੰਦਾ ਆਇਆ ਸੀ। ਪਰ ਜਿਵੇਂ ਹੀ ਉਸ ਦੇ ਆਪਣੇ ਹੱਥਾਂ ਨੇ ਪਹਿਲੀ ਵਾਰ ਪੱਥਰ ਨੂੰ ਰਗੜ ਕੇ ਤਿੱਖਾ ਕਰਨ ਦਾ ਕੰਮ ਆਰੰਭ ਕਰ ਦਿੱਤਾ, ਉਸ ਨੇ ਕੁਦਰਤ ਦਾ ਨੇਮ ਤੋੜ ਦਿੱਤਾ। ਇਸ ਤੋਂ ਬਾਅਦ ਉਸ ਦਾ ਕੁਦਰਤੀ ਕਰੋਪੀਆਂ ਅਤੇ ਆਫ਼ਤਾਂ ਨਾਲ ਸੰਘਰਸ਼ਾਂ ਦਾ ਇੱਕ ਲੰਮਾ ਸਿਲਸਿਲਾ ਸ਼ੁਰੂ ਹੋ ਗਿਆ, ਜਿਨ੍ਹਾਂ ਉੱਤੇ ਉਹ ਇੱਕ-ਇੱਕ ਕਰਕੇ ਜਿੱਤ-ਦਰ-ਜਿੱਤ ਦਰਜ ਕਰਦਾ ਆ ਰਿਹਾ ਹੈ।

ਕੰਮ ਵਿੱਚ ਲੱਗੇ ਮਨੁੱਖ ਨੂੰ ਆਪਣੀ ਗੱਲ ਇੱਕ ਦੂਜੇ ਨੂੰ ਸਮਝਾਉਣ ਲਈ ਭਾਸ਼ਾ ਦੀ ਲੋੜ ਸੀ। ਭਾਵੇਂ ਉਸ ਦੇ ਹੱਥਾਂ ਦੇ ਇਸ਼ਾਰੇ ਇਸ ਕੰਮ ਵਿੱਚ ਉਸ ਦੀ ਮਦਦ ਕਰਦੇ ਸਨ, ਪਰ ਇਸ਼ਾਰੇ ਤਾਂ ਸਿਰਫ਼ ਦਿਨ ਵੇਲੇ ਹੀ ਸਮਝੇ ਜਾ ਸਕਦੇ ਸਨ। ਇਸ ਲਈ ਜਦੋਂ ਉਹ ਗੁਫ਼ਾਵਾਂ ਵਿੱਚ ਰਹਿੰਦਾ ਸੀ, ਤਾਂ ਰਾਤ ਦੇ ਸਮੇਂ ਆਪਣੀ ਗੱਲ ਸਿਰਫ਼ ਆਵਾਜ਼ ਰਾਹੀਂ ਹੀ ਸਮਝਾਈ ਜਾ ਸਕਦੀ ਸੀ। ਗੱਲ ਸਮਝਾਉਣ ਦੀ ਇਸੇ ਲੋੜ ਵਿੱਚੋਂ ਮੁਢਲੇ ਸ਼ਬਦ ਹੋਂਦ ਵਿੱਚ ਆਉਣੇ ਸ਼ੁਰੂ ਹੋਏ। ਮੁਢਲੇ ਸ਼ਬਦਾਂ ਵਿੱਚੋਂ ਹੀ ਮਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਸ਼ਾਮਲ ਹੈ।

ਇਹ ਗੱਲ ਬਹੁਤ ਹੀ ਦਿਲਚਸਪ ਹੈ ਕਿ ਅੱਜ ਦੁਨੀਆਂ ਦੀਆਂ 116 ਭਾਸ਼ਾਵਾਂ ਵਿੱਚੋਂ

80 ਭਾਸ਼ਾਵਾਂ ਵਿੱਚ ਮਾਂ ਲਈ ਵਰਤਿਆ ਜਾਂਦਾ ਸ਼ਬਦ 'ਮ' ਅੱਖਰ ਨਾਲ ਸ਼ੁਰੂ ਹੁੰਦਾ ਹੈ, ਜਿਵੇਂ ਅੰਗਰੇਜ਼ੀ (ਮਦਰ), ਚੀਨੀ (ਮਾਂ, ਮਾਮਾ), ਸਪੇਨੀ (ਮਾਦਰੇ, ਮਾਮਾ), ਹਿੰਦੀ, (ਮਾਂ, ਮਾਂ ਜੀ, ਮਾਤਾ) ਰੂਸੀ (ਮਾਤ), ਸੰਸਕ੍ਰਿਤ (ਮਾਤ੍ਰ), ਪੁਰਤਗੀਜ਼ (ਮਾਏ), ਜਰਮਨ (ਮੁੱਟਾਅ) (Mutter), ਮਲਾਈਅਨ (ਮਾਂ, ਇਮਾਕ) ਆਦਿ। 12 ਹੋਰ ਭਾਸ਼ਾਵਾਂ ਵਿੱਚ ਮਾਂ ਲਈ ਵਰਤੇ ਜਾਂਦੇ ਸ਼ਬਦ ਵਿੱਚ 'ਮ' ਬਾਅਦ ਵਿੱਚ ਆਉਂਦਾ ਹੈ, ਜਿਵੇਂ ਅਰਬੀ (ਉਮ), ਉਰਦੂ (ਅੰਮੀ) ਆਦਿ।

ਪਹਿਲਾਂ ਉਹ ਦੂਜੇ ਜਾਨਵਰਾਂ ਵਾਂਗ ਸਿਰਫ਼ ਘੁਰ-ਘੁਰ ਜਾਂ ਚੀਕਾਂ, ਕੂਕਾਂ ਰਾਹੀਂ ਆਪਣੇ ਭਾਵ ਪ੍ਰਗਟ ਕਰਦਾ ਸੀ। ਉਸ ਦੇ ਜਬਾੜੇ ਦੀ ਬਣਤਰ ਅਤੇ ਉਸ ਦਾ ਦਿਮਾਗ਼ ਅਜੇ ਇਸ ਕਾਬਲ ਨਹੀਂ ਸੀ ਹੋਇਆ, ਕਿ ਉਹ ਅੱਜ ਵਾਂਗ ਇੱਕ ਵੀ ਸ਼ਬਦ ਘੜ ਸਕਦਾ। ਪਹਿਲਾਂ ਆਪਣੇ ਟੋਲਿਆਂ ਵਿੱਚ ਰਹਿੰਦਿਆਂ ਉਹ ਕਮਜ਼ੋਰ ਜਾਨਵਰਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਸੀ। ਜਿਵੇਂ-ਜਿਵੇਂ ਉਹ ਆਪਣੇ ਦਿਮਾਗ ਤੋਂ ਜ਼ਿਆਦਾ ਕੰਮ ਲੈਣ ਲੱਗਾ ਤਾਂ ਉਹ ਪੱਥਰ ਦੇ ਕਈ ਤਰ੍ਹਾਂ ਦੇ ਸੰਦ ਤਿਆਰ ਕਰਦਾ ਗਿਆ। ਇਹ ਸੰਦ ਉਸ ਦੇ ਕੰਮ ਨੂੰ ਸੌਖਾ ਕਰਦੇ ਗਏ। ਆਪਣੇ ਦਿਮਾਗ ਤੋਂ ਜ਼ਿਆਦਾ ਕੰਮ ਲੈਣ ਕਾਰਨ ਉਸ ਦੇ ਦਿਮਾਗ ਦਾ ਆਕਾਰ ਵੀ ਤੇਜ਼ੀ ਨਾਲ ਵਧਣ ਲੱਗਾ।

ਅੱਜ ਮਨੁੱਖ ਦੇ ਦਿਮਾਗ ਦਾ ਆਕਾਰ ਬਾਕੀ ਦੇ ਥਣਧਾਰੀ ਜੀਵਾਂ ਦੇ ਮੁਕਾਬਲੇ ਤਿੰਨ ਗੁਣਾਂ ਤੋਂ ਜ਼ਿਆਦਾ ਵੱਡਾ ਹੈ। ਇਹ ਉਸ ਦੇ ਸਰੀਰ ਦੇ ਭਾਰ ਦੇ ਅਨੁਪਾਤ ਵਿੱਚ 1:50 ਹੈ, ਅਰਥਾਤ ਜੇ ਮਨੁੱਖ ਦਾ ਭਾਰ 50 ਕਿੱਲੋ ਹੈ ਤਾਂ ਉਸ ਦੇ ਦਿਮਾਗ ਦਾ ਭਾਰ ਇੱਕ ਕਿੱਲੋ ਹੈ, ਜਦੋਂ ਕਿ ਦੂਜੇ ਥਣਧਾਰੀ ਜੀਵਾਂ ਦੇ ਦਿਮਾਗ ਦਾ ਇਹ ਅਨੁਪਾਤ 1:180 ਹੈ, ਅਰਥਾਤ ਜੇ ਜੀਵ ਦਾ ਭਾਰ 180 ਕਿੱਲੋ ਹੈ, ਤਾਂ ਉਸ ਦੇ ਦਿਮਾਗ ਦਾ ਭਾਰ ਇੱਕ ਕਿੱਲੋ ਹੈ। ਪੰਛੀਆਂ ਵਿੱਚ ਇਹ ਅਨੁਪਾਤ 1:220 ਹੈ, ਅਰਥਾਤ ਜੇ ਪੰਛੀ ਦਾ ਭਾਰ 220 ਗ੍ਰਾਮ ਹੈ ਤਾਂ ਦਿਮਾਗ ਇੱਕ ਗ੍ਰਾਮ ਹੈ।

ਸ਼ਬਦ ਕਿਸੇ ਵਸਤੂ, ਭਾਵ, ਸੋਚ ਆਦਿ ਨੂੰ ਪ੍ਰਗਟ ਕਰਦੇ ਹਨ। ਸ਼ਬਦ ਸਿਰਫ਼ ਤੇ ਸਿਰਫ਼ ਮਨੁੱਖ ਹੀ ਸਿਰਜ ਸਕਦਾ ਹੈ। ਮਨੁੱਖ ਤੋਂ ਬਿਨਾਂ ਦੁਨੀਆਂ ਦਾ ਕੋਈ ਵੀ ਜੀਵ ਸ਼ਬਦ ਸਿਰਜ ਹੀ ਨਹੀਂ ਸਕਦਾ। ਸ਼ਬਦਾਂ ਦੇ ਨਾਲ ਉਨ੍ਹਾਂ ਦੀ ਪਹਿਚਾਣ ਜੁੜੀ ਹੁੰਦੀ ਹੈ, ਤੇ ਉਹ ਕਿਸੇ ਭਾਵ ਨੂੰ ਪ੍ਰਗਟ ਕਰਦੇ ਹਨ। ਹਰ ਸ਼ਬਦ ਦਾ ਇੱਕ ਰਚਨਾ-ਕਾਲ ਹੁੰਦਾ ਹੈ। ਇਸ ਦਾ ਪਤਾ ਉਸ ਸ਼ਬਦ ਦੇ ਪਹਿਲੀ ਵਾਰ ਕਿਸੇ ਗ੍ਰੰਥ, ਪੁਸਤਕ ਆਦਿ ਵਿੱਚ ਆਉਣ ਤੋਂ ਲਗਦਾ ਹੈ। ਮੋਬਾਈਲ, ਇੰਟਰਨੈੱਟ, ਏਲੀਅਨ ਆਦਿ ਸ਼ਬਦ ਸਾਡੇ ਅੱਜ ਦੇ ਦੌਰ ਦੇ ਸ਼ਬਦ ਹਨ। ਜਦੋਂ ਕੋਈ ਸ਼ਬਦ ਪਹਿਲੀ ਵਾਰ ਵਰਤੇ ਜਾਣ ਬਾਅਦ ਅੱਗੇ ਚਲਦਾ ਹੈ, ਤਾਂ ਉਸ ਤੋਂ ਉਸ ਦੇ ਰਚਨਾ-ਕਾਲ ਦਾ ਪਤਾ ਲੱਗਦਾ ਹੈ। ਅੱਜ ਕੰਪਿਊਟਰ ਅਤੇ ਇੰਟਰਨੈੱਟ ਆਉਣ ਨਾਲ ਪੁਰਾਣੇ ਗ੍ਰੰਥ ਹਰ ਕਿਸੇ ਦੀ ਪਹੁੰਚ ਵਿੱਚ ਆ ਗਏ ਹਨ। ਦੁਨੀਆਂ ਭਰ ਦੇ ਸਾਰੇ ਪੁਰਾਤਨ ਗ੍ਰੰਥ ਅੱਜ ਇੰਟਰਨੈੱਟ ਉੱਤੇ ਮਿਲ ਜਾਂਦੇ ਹਨ। ਕੋਈ ਵੀ ਸਬੰਧਤ ਭਾਸ਼ਾ ਜਾਣਨ ਵਾਲਾ ਵਿਅਕਤੀ ਉਨ੍ਹਾਂ ਨੂੰ ਦੇਖ, ਪੜ੍ਹ ਅਤੇ ਅਧਿਐਨ ਕਰ ਸਕਦਾ ਹੈ। ਕਿਸੇ ਵੇਲੇ ਜਿਹੜੇ ਵੇਦ, ਸ਼ਾਸਤਰ, ਤੇ ਹੋਰ ਧਾਰਮਿਕ ਗ੍ਰੰਥ ਸਮਾਜ ਦੇ ਨੀਵੇਂ ਮੰਨੇ ਜਾਂਦੇ ਵਰਗਾਂ ਲਈ ਪੜ੍ਹਨ, ਸੁਣਨ ਦੀ ਮਨਾਹੀ ਹੁੰਦੀ ਸੀ, ਅੱਜ ਇਹ ਬਿਨਾਂ ਕਿਸੇ ਜਾਤੀ ਭੇਦ-ਭਾਵ ਦੇ ਇੰਟਰਨੈੱਟ ਰਾਹੀਂ ਹਰ ਕਿਸੇ ਦੀ ਪਹੁੰਚ ਵਿੱਚ ਹਨ।

ਵਾਹਿਗੁਰੂ, ਅੱਲ੍ਹਾ, ਖ਼ੁਦਾ, ਪਰਮਾਤਮਾ, ਗੌਡ ਆਦਿ ਸ਼ਬਦ ਵੀ ਮਨੁੱਖ ਨੇ ਹੀ ਸਿਰਜੇ ਹਨ। ਮਿਸਾਲ ਵਜੋਂ ਸ਼ਬਦ 'ਵਾਹਿਗੁਰੂ' ਅੱਜ ਤੋਂ ਕੋਈ 500 ਸਾਲ ਪਹਿਲਾਂ ਸਿਰਜਿਆ ਗਿਆ ਅਤੇ ਇਸ ਦੇ ਸਿਰਜਣਹਾਰੇ ਭੱਟ ਗਯੰਦ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿੱਚ 'ਵਾਹਿਗੁਰੂ' ਸ਼ਬਦ ਪਹਿਲੀ ਵਾਰ 'ਸਵਯੇ ਮਹਲੇ ਚਉਥੇ ਕੇ' (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ਨੰ. 1402-1403) ਵਿੱਚ ਚੌਥੇ ਗੁਰੂ ਰਾਮ ਦਾਸ ਦੀ ਉਸਤਤ ਵਿੱਚ ਵਰਤਿਆ ਹੈ। ਇਸ ਤੋਂ ਪਹਿਲਾਂ ਇਹ ਸ਼ਬਦ ਹੈ ਹੀ ਨਹੀਂ ਸੀ। ਸਾਡੇ ਕਿਸੇ ਵੀ ਗੁਰੂ ਸਾਹਿਬਾਨ ਨੇ 'ਵਾਹਿਗੁਰੂ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਪਣੀ ਬਾਣੀ ਵਿੱਚ ਨਹੀਂ ਵਰਤਿਆ।

ਮਾਂ ਦੀ ਪਹਿਚਾਣ ਲਈ ਸ਼ਬਦ ਮਨੁੱਖ ਨੇ ਅੱਜ ਤੋਂ ਲੱਖਾਂ ਸਾਲ ਪਹਿਲਾਂ ਸਿਰਜਿਆ ਹੈ। ਪਰ ਪਰਮਾਤਮਾ ਸ਼ਬਦ ਦੀ ਸਿਰਜਣਾ ਕੋਈ ਦੋ ਹਜ਼ਾਰ ਸਾਲ ਪਹਿਲਾਂ ਹੋਈ ਹੈ। ਬਾਕੀ ਸ਼ਬਦਾਂ ਵਾਂਗ 'ਪਰਮਾਤਮਾ' ਸ਼ਬਦ ਵੀ ਮਨੁੱਖ ਨੇ ਹੀ ਸਿਰਜਿਆ ਹੈ।

ਸੰਸਕ੍ਰਿਤ ਭਾਸ਼ਾ ਦੇ ਵੇਦਾਂ (ਰਿਗਵੇਦ, ਯਜੁਰਵੇਦ, ਸਾਮ ਵੇਦ, ਅਥਰਵਵੇਦ), ਅਤੇ ਬਹੁਤ ਸਾਰੇ ਉਪਨਿਸ਼ਦਾਂ (ਬ੍ਰਹਦਾਰਣਿਯਕ, ਤੈਤ੍ਰੀਆ, ਮਾਂਡੂਕਯ, ਮੰਡੁਕ, ਪ੍ਰਸ਼ਨ, ਈਸ਼ਾ, ਕਥਾ, ਐਤ੍ਰੇਆ, ਕੇਨ, ਛਾਂਦੋਗਯਾ ਆਦਿ) ਵਿੱਚ ਪਰਮਾਤਮਾ ਸ਼ਬਦ ਹੈ ਹੀ ਨਹੀਂ।

ਪਰਮਾਤਮਾ ਸ਼ਬਦ ਦੀ ਸਿਰਜਣਾ ਤੋਂ ਪਹਿਲਾਂ 'ਪਰਮ' ਨਾਲ ਜੁੜ ਕੇ ਬਣੇ ਸ਼ਬਦ ਬਣਨੇ ਸ਼ੁਰੂ ਹੋਏ, ਜਿਵੇਂ ਕੇਨ ਉਪਨਿਸ਼ਦ ਵਿੱਚ ਪਰਮਪੁਰਸ਼, ਪ੍ਰਸ਼ਨ ਉਪਨਿਸ਼ਦ ਵਿੱਚ ਪਰਮਰਿਸ਼ੀ, ਛਾਂਦੋਗਿਆ ਉਪਨਿਸ਼ਦ ਵਿੱਚ ਪਰਮਜਿਓਤੀ ਤੇ ਪਰਮਗਤੀ ਆਦਿ। ਪਰ ਇਨ੍ਹਾਂ ਵਿੱਚ ਪਰਮ ਅਤੇ ਆਤਮਾ ਤੋਂ ਮਿਲ ਕੇ ਬਣਿਆ ਸ਼ਬਦ ਪਰਮਾਤਮਾ ਨਹੀਂ ਮਿਲਦਾ।

ਪਰਮਾਤਮਾ ਸ਼ਬਦ ਪਹਿਲੀ ਵਾਰ ਯਜੁਰਵੇਦ ਸ਼ਾਖਾ ਦੇ ਕੁਝ ਉਪਨਿਸ਼ਦਾਂ ਵਿੱਚ ਆਉਣਾ ਸ਼ੁਰੂ ਹੁੰਦਾ ਹੈ, ਜਿਨ੍ਹਾਂ ਵਿੱਚ ਜਾਬਾਲਦਰਸ਼ਨ ਉਪਨਿਸ਼ਦ ਸ਼ਾਮਲ ਹੈ। 108 ਉਪਨਿਸ਼ਦਾਂ ਵਿੱਚੋਂ ਇਹ 90ਵੇਂ ਨੰਬਰ 'ਤੇ ਆਉਂਦਾ ਹੈ। ਇਸ ਦੇ ਨਾਲ ਹੀ ਇਹ ਬ੍ਰਹਮਵਿਦਿਆ ਉਪਨਿਸ਼ਦ, ਪਾਸ਼ੂਪਤਬ੍ਰਹਮ ਉਪਨਿਸ਼ਦ, ਮੰਡਲਬ੍ਰਾਹਮਣ ਉਪਨਿਸ਼ਦ, ਯੋਗਕੁੰਡਲਯ ਉਪਨਿਸ਼ਦ ਵਿੱਚ ਵੀ ਆਉਂਦਾ ਹੈ। ਇਨ੍ਹਾਂ ਉਪਨਿਸ਼ਦਾਂ ਦਾ ਰਚਨਾ ਕਾਲ ਅੱਜ ਤੋਂ ਕੋਈ 2000 ਸਾਲ ਪਹਿਲਾਂ ਦਾ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਦੀ ਮੁੱਠੀ ਵਿੱਚ ਹੁਣ ਪੂਰੀ ਦੁਨੀਆਂ ਦਾ ਗਿਆਨ ਆ ਗਿਆ ਹੈ, ਅਰਥਾਤ ਇੰਟਰਨੈੱਟ ਹੈ, ਤੇ ਇਹ ਅਗਿਆਨ ਰੂਪੀ ਹਨੇਰੇ ਨੂੰ ਦੂਰ ਕਰਦਾ ਜਾ ਰਿਹਾ ਹੈ। ਨਵੀਂ ਜਾਣਕਾਰੀ ਨਾਲ ਉਹ ਅੰਧਵਿਸ਼ਵਾਸਾਂ ਵਿੱਚੋਂ ਬਾਹਰ ਨਿਕਲ ਰਹੀ ਹੈ। ਅੱਜ ਮਨੁੱਖ ਪਹਿਲਾਂ ਨਾਲੋਂ ਜ਼ਿਆਦਾ ਸੋਚ-ਵਿਚਾਰ ਤੋਂ ਕੰਮ ਲੈਂਦਾ ਹੈ। ਉਹ ਹਰ ਗੱਲ ਨੂੰ ਘੋਖਣ-ਪਰਖਣ ਲੱਗਾ ਹੈ। ਹੁਣ ਉਹ ਹਰ ਗੱਲ ਦੀ ਜਾਣਕਾਰੀ ਲੈਣ ਲਈ ਸਵਾਲ ਕਰਦਾ ਹੈ। ਇਸ ਨਾਲ ਅਗਿਆਨ ਤੋਂ ਪਰਦਾ ਉਠਦਾ ਹੈ। ਜਿੰਨਾ ਜ਼ਿਆਦਾ ਅਗਿਆਨ ਤੋਂ ਪਰਦਾ ਹਟੇਗਾ, ਗਿਆਨ ਦਾ ਚਾਨਣ ਫੈਲੇਗਾ।

ਸਾਡੇ ਇਤਿਹਾਸ ਦੇ ਸਾਰੇ ਦੇ ਸਾਰੇ ਨਾਇਕ, ਮਹਾਂਨਾਇਕ, ਤੇ ਉਹ ਸਾਰੇ ਜਿਨ੍ਹਾਂ ਨੂੰ ਅਸੀਂ ਅੱਜ ਉਨ੍ਹਾਂ ਦੀ ਮਹਾਨਤਾ ਕਾਰਨ ਮਹਾਨ ਗੁਰੂ, ਰਿਸ਼ੀ-ਮੁਨੀ, ਪੀਰ-ਪੈਗ਼ੰਬਰ, ਤੇ ਇੱਥੋਂ ਤੱਕ ਕਿ ਭਗਵਾਨ ਦਾ ਰੁਤਬਾ ਦਿੰਦੇ ਹਾਂ, ਇਨ੍ਹਾਂ ਸਭਨਾਂ ਦੀ ਤਕਦੀਰ ਘੜਨ ਵਿੱਚ ਇਸ ਤੋਂ ਪਹਿਲਾਂ ਜਿਨ੍ਹਾਂ ਬੇਨਾਮ ਮਨੁੱਖਾਂ ਨੇ ਲੱਖਾਂ ਸਾਲ ਪੱਥਰ ਘੜ-ਘੜ ਕੇ ਮਾਨਵ ਵਿਕਾਸ ਨੂੰ ਅੱਗੇ ਵਧਾਇਆ ਹੈ, ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਸ ਪੂਰੇ ਸਿਲਸਿਲੇ ਨੂੰ ਸਮਝਣ ਲਈ ਆਦਿ ਮਾਨਵ ਤੋਂ ਹੁਣ ਤੱਕ ਦੇ ਮਾਨਵ ਵਿਕਾਸ ਨੂੰ ਆਪਸ ਵਿੱਚ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ, ਵੱਖ ਕਰ ਕੇ ਨਹੀਂ।

ਦੁਨੀਆਂ ਹੁਣ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਕੰਮ ਵਿੱਚ ਲੱਗੇ ਹੁਨਰਮੰਦ ਹੱਥ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਨਵੀਆਂ ਕਾਢਾਂ ਕੱਢ ਰਹੇ ਹਨ। ਅੱਜ ਮਨੁੱਖ ਦਾ ਰਹਿਣ-ਸਹਿਣ, ਖਾਣ-ਪੀਣ, ਪਾਲਣ-ਪੋਸਣ, ਪੜ੍ਹਾਈ-ਲਿਖਾਈ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਬਿਹਤਰ ਹੈ। ਇਹ ਸਿਲਸਿਲਾ ਹੁਣ ਪਿੱਛੇ ਨਹੀਂ ਜਾ ਸਕਦਾ। ਹਾਂ, ਸਾਂਵੀਂ ਜ਼ਿੰਦਗੀ ਲਈ ਮਨੁੱਖ ਦੇ ਸੰਘਰਸ਼ ਵੀ ਨਾਲ-ਨਾਲ ਜਾਰੀ ਹਨ। ਪਰ ਹਜ਼ਾਰਾਂ ਲੋਕਾਂ ਰਾਹੀਂ ਹੋਣ ਵਾਲਾ ਕੰਮ ਹੁਣ ਇੱਕ ਵਿਅਕਤੀ ਮਸ਼ੀਨ ਦੀ ਵਰਤੋਂ ਨਾਲ ਜ਼ਿਆਦਾ ਮਿਆਰੀ ਅਤੇ ਤੇਜ਼ ਰਫ਼ਤਾਰੀ ਨਾਲ ਕਰ ਰਿਹਾ ਹੈ। ਵੱਧ ਰਹੀ ਆਬਾਦੀ ਦੀਆਂ ਹਰ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਵਿਗਿਆਨਕ ਤਕਨੀਕਾਂ ਰਾਹੀਂ ਵਧੀਆ ਤਰੀਕੇ ਨਾਲ ਨਜਿੱਠਿਆ ਜਾ ਰਿਹਾ ਹੈ। ਮਾਨਵ ਜਾਤੀ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਵੀ ਵਿਗਿਆਨ ਨਾਲ ਹੀ ਸੰਭਵ ਹੈ। ਭਵਿੱਖ ਦੀਆਂ ਚੁਣੌਤੀਆਂ ਨਾਲ ਨਜਿੱਠਣ ਅਤੇ ਤੇਜ਼ ਗਤੀ ਨਾਲ ਵਿਕਾਸ ਕਰਨ ਲਈ ਅਗਿਆਨਤਾ ਵਿੱਚੋਂ ਨਿਕਲਣਾ ਬਹੁਤ ਜ਼ਰੂਰੀ ਹੈ।

# ਆਖਿਰ ਬੰਦ ਹੋ ਗਿਆ ਨਲਕੇ ਦੇ ਪਾਣੀ ਦਾ ਪਖੰਡਵਾਦ

## ਤਰਕਸ਼ੀਲਾ ਦੀ ਮਿਹਨਤ ਤੇ ਮੀਡੀਏ ਦੀ ਵਿਗਿਆਨਕ ਕਵਰੇਜ ਲਿਆਈ ਰੰਗ

**ਕੁਲਵਿੰਦਰ ਸਿੰਘ ਰਾਣਾ, ਸਤੀਸ਼ ਕੁਮਾਰ ਆਲੋਵਾਲ ਦੀ ਵਿਸ਼ੇਸ਼ ਰਿਪੋਰਟ**

**ਅਮਲੋਹ ਪ੍ਰਸ਼ਾਸ਼ਨ ਨੇ ਵੀ ਕੀਤੇ ਜਰੂਰੀ ਉਪਰਾਲੇ**

ਜਿਲ੍ਹਾ ਫ਼ਤਿਹਗੜ੍ਹ ਸਾਹਿਬ ਦੀ ਤਹਿਸੀਲ ਅਮਲੋਹ ਦੇ ਪਿੰਡ ਅੰਨੀਆ ਦੇ ਰਜਵਾਹੇ ਦੇ ਕਿਨਾਰੇ ਤੇ ਲੱਗੇ ਨਲਕੇ ਬਾਰੇ ਕੁਝ ਸ਼ਰਾਰਤੀ ਅੰਸਰਾ ਵੱਲੋਂ ਇਹ ਅਫਵਾਹ ਫੈਲਾ ਦਿੱਤੀ ਗਈ ਕਿ ਇਸ ਨਲਕੇ ਦਾ ਪਾਨੀ ਪੀਣ ਨਾਲ ਹਰ ਤਰ੍ਹਾਂ ਦੇ ਸਰੀਰਕ ਰੋਗ ਠੀਕ ਹੋ ਜਾਂਦੇ ਹਨ। ਅਫਵਾਹ ਫੈਲਣ ਤੋਂ ਬਾਅਦ ਇਲਾਕੇ ਦੇ ਲੋਕ ਇਸ ਨਲਕੇ ਦਾ ਪਾਣੀ ਭਰਨ ਲਈ ਇਸ ਥਾਂ ਤੇ ਆਉਣ ਲੱਗ ਪਏ ਅਤੇ ਲੋਕਾਂ ਦੀ ਆਮਦ ਨੂੰ ਵੇਖਦਿਆ ਕੁਝ ਸਥਾਨਕ ਵਾਸੀਆ ਵੱਲੋਂ ਨਲਕੇ ਦਾ ਪਾਨੀ ਲੋਕਾਂ ਨੂੰ ਪਿਲਾਉਣ ਦਾ ਕੰਮ ਸੰਭਾਲ ਲਿਆ ਗਿਆ। ਅਫਵਾਹ ਫੈਲਾਉਣ ਵਾਲੇ ਵਿਅਕਤੀਆਂ ਨੇ ਇਸ ਗੱਲ ਦਾ ਵੀ ਪ੍ਰਚਾਰ ਕੀਤਾ ਕਿ ਇਹ ਨਲਕਾ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਸੀ ਅਤੇ ਇੱਕ ਮਹਾਤਮਾ ਅਚਾਨਕ ਇੱਥੇ ਆਇਆ ਤੇ ਰਜਵਾਹੇ ਦੇ ਕਿਨਾਰੇ ਪਿੱਪਲ ਥਲੇ ਕੰਮ ਕਰਨ ਵਾਲੇ ਕੁਝ ਲੋਕਾਂ ਨੂੰ ਇਹ ਕਹਿ ਗਿਆ ਕਿ ਇਸ ਨਲਕੇ ਦਾ ਪਾਨੀ ਚਾਰ ਵਾਰ ਪੀਣ ਵਾਲੇ ਵਿਅਕਤੀ ਦੀਆਂ ਸਾਰੀਆਂ ਬਿਮਾਰੀਆਂ ਠੀਕ ਹੋ ਜਾਣਗੀਆ ਅਤੇ ਇਨ੍ਹਾਂ ਕੁਝ ਕਹਿ ਕੇ ਉਹ ਬਾਬਾ ਵੇਖਦੇ ਹੀ ਵੇਖਦੇ ਅਲੋਪ ਹੋ ਗਿਆ। ਅਜਿਹੀ ਅਫਵਾਹ ਫੈਲਣ ਨਾਲ ਲੋਕ ਵੱਡੀ ਗਿਣਤੀ ਵਿੱਚ ਆਪਣੇ ਦੁੱਖ ਦੂਰ ਹੋਣ ਦੀ ਆਸ ਨਾਲ ਇਸ ਥਾਂ ਤੇ ਆਉਣ ਲੱਗ ਪਏ। ਲੋਕਾਂ ਨੂੰ ਇਸ ਪਖੰਡ ਵਾਦ ਬਾਰੇ ਜਾਣੂ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਦੀ ਇਕਾਈ ਪਟਿਆਲਾ ਦੇ ਆਗੂ ਸ਼ਤੀਸ਼ ਕੁਮਾਰ ਆਲੋਵਾਲ, ਜਨਵਾਦੀ ਨੌਜਵਾਨ ਸਭਾ ਦੇ ਆਗੂ ਹਰਿੰਦਰ ਸਿੰਘ ਤੂਰ, ਕੁਲਵਿੰਦਰ ਸਿੰਘ ਰਾਣਾ ਅਤੇ ਇਕਾਈ ਮੰਡੀ ਗੋਬਿੰਦਗੜ੍ਹ ਦੇ ਆਗੂ ਮਾ. ਜਰਨੈਲ ਸਿੰਘ, ਸਮਸੇਰ ਮਲਿਕ, ਕਾਮਰੇਡ ਕੁਲਵੰਤ ਬੈਣਾ, ਜਸਦੇਵ ਸਿੰਘ, ਬਲਦੇਵ ਬਿੱਟੂ, ਲਖਵੀਰ ਸਿੰਘ ਡਡਹੇੜੀ, ਰਾਜੇਸ਼ ਬੱਤਾ, ਪਰਮਿੰਦਰ ਸਿੰਘ ਖੰਨਾ ਤੇ ਆਧਾਰਿਤ ਟੀਮ ਵੱਲੋਂ ਨਲਕੇ ਵਾਲੀ ਥਾਂ ਉੱਪਰ ਜਾ ਕੇ ਲੋਕਾਂ ਨੂੰ ਪਾਨੀ ਬਾਰੇ ਜਾਗਰੂਕ ਕੀਤਾ ਗਿਆ ਅਤੇ ਫੈਲੀ ਅਫਵਾਹ ਦੀ ਜਾਣਕਾਰੀ ਲੈਣ ਲਈ ਸਥਾਨਕ ਲੋਕਾਂ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਅਫਵਾਹ ਅਨੁਸਾਰ ਪ੍ਰਗਟ ਹੋਏ ਬਾਬੇ ਸਬੰਧੀ ਕੋਈ ਸੁਰਾਗ ਨਹੀਂ ਮਿਲਿਆ ਅਤੇ ਨਾ ਹੀ ਕੋਈ ਅਜਿਹਾ ਵਿਅਕਤੀ ਮਿਲਿਆ ਜੋ ਨਲਕੇ ਦਾ ਪਾਨੀ ਪੀ ਕੇ ਠੀਕ ਹੋਇਆ ਹੋਵੇ। ਇਸ ਉਪਰੰਤ ਅਫਵਾਹ ਕਾਰਨ ਨਲਕੇ ਵਾਲੀ ਥਾਂ ਤੇ ਭੀੜ ਜਮ੍ਹਾ ਹੁੰਦੀ ਗਈ। ਇਸ ਨਲਕੇ ਦੇ ਪਾਨੀ ਦਾ ਟੈਸਟ ਵੀ ਆਗੂਆ ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਕਰਵਾਇਆ ਗਿਆ ਜਿਸ ਦੀ ਰਿਪੋਰਟ ਵਿੱਚ ਇਹ ਦਰਜ ਸੀ ਕਿ ਇਹ ਪਾਨੀ ਪੀਣ ਯੋਗ ਤਾਂ ਹੈ ਪਰ ਇਸ ਵਿੱਚ ਕਿਸੇ ਵੀ ਸਰੀਰਕ ਰੋਗ ਨੂੰ ਠੀਕ ਕਰਨ ਲਈ ਹੋਰ ਤੱਤ ਮੌਜੂਦ ਨਹੀਂ। ਆਗੂਆ ਵੱਲੋਂ ਪੂਰੇ ਮਾਮਲੇ ਦੀ ਜਾਂਚ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਕਿ ਅਫਵਾਹ ਫੈਲਾਉਣ ਪਿੱਛੇ ਸ਼ਰਾਰਤੀ ਅੰਸਰਾਂ ਦੇ ਟੇਢੇ ਢੰਗ ਨਾਲ ਮੋਟੀ ਕਮਾਈ ਕਰਨ ਦੇ ਹਿੱਤ ਜੁੜੇ ਹੋਏ ਹਨ। ਨਲਕੇ ਤੋਂ ਪਾਨੀ ਭਰਨ ਲਈ ਜਮ੍ਹਾ ਹੁੰਦੀ ਭੀੜ ਬਾਰੇ ਕਵਰੇਜ ਕਰਨ ਲਈ ਚੈਨਲ ਨਿਊਜ਼ 24 ਦੀ ਟੀਮ ਵੱਲੋਂ ਮੋਹਿਤ ਮਲਹੋਤਰਾ ਦੀ ਅਗਵਾਈ ਹੇਠ ਆਈ ਅਤੇ ਪੂਰੇ ਮਾਮਲੇ ਦੀ ਵਿਗਿਆਨਕ ਢੰਗ ਨਾਲ ਕਵਰੇਜ ਕੀਤੀ ਗਈ। ਚੈਨਲ ਦੀ ਟੀਮ ਵੱਲੋਂ ਤਰਕਸ਼ੀਲ ਸੁਸਾਇਟੀ ਦੇ ਆਗੂਆ ਦੇ ਬਿਆਨ ਵੀ ਟੀ.ਵੀ. ਉੱਤੇ ਵਿਖਾਏ ਗਏ ਅਤੇ ਪਾਨੀ ਦੇ ਟੈਸਟ ਦੀ ਰਿਪੋਰਟ ਵੀ ਵਿਖਾ ਕੇ ਲੋਕਾ ਨੂੰ ਅੰਧਵਿਸ਼ਵਾਸ ਤੋਂ ਬਚਣ ਦੀ ਅਪੀਲ ਕੀਤੀ ਗਈ। ਇਸੇ ਤਰ੍ਹਾਂ ਨਿਊਜ਼ ਨੇਸ਼ਨ ਚੈਨਲ ਦੀ ਟੀਮ ਵੱਲੋਂ ਸਲਿਲ ਖੰਨਾ ਦੀ ਅਗਵਾਈ ਹੇਠ ਪੂਰੇ ਮਾਮਲੇ ਦੀ ਕਵਰੇਜ ਵਿਗਿਆਨਕ ਢੰਗ ਨਾਲ ਕੀਤੀ ਗਈ ਅਤੇ ਲੋਕਾ ਨੂੰ ਅੰਧਵਿਸ਼ਵਾਸ਼ਾਂ ਤੋਂ ਬਾਹਰ ਨਿਕਲਣ ਬਾਰੇ ਸੁਚੇਤ ਕੀਤਾ ਗਿਆ। ਇਸ ਸਬੰਧ ਵਿੱਚ ਆਗੂਆ ਵੱਲੋਂ ਸੋਸ਼ਲ ਮੀਡੀਆ ਤੇ ਵੀ ਜਾਗਰੂਕਤਾ ਮੁਹਿੰਮ ਚਲਾਈ ਗਈ ਜਿਸ ਦੇ ਵੀ ਚੰਗੇ ਸਿੱਟੇ ਮਿਲੇ। ਪਾਨੀ ਦੇ ਪਖੰਡ ਵਾਦ ਸਬੰਧੀ ਅਮਲੋਹ ਦੇ ਪ੍ਰਿੰਟ ਮੀਡੀਆ ਦੇ ਕੁਝ ਵਿਗਿਆਨਕ ਸੋਚ ਰੱਖਣ ਵਾਲੇ ਚੰਗੇ ਪੱਤਰਕਾਰਾਂ ਨੇ ਇਸ ਮਾਮਲੇ ਦੀ ਤਰਕਸ਼ੀਲ ਕਵਰੇਜ ਕਰਕੇ ਲੋਕਾ ਨੂੰ ਭਰਮ ਜਾਲ ਵਿੱਚੋਂ ਕਢਣ ਲਈ ਲਗਾਤਾਰ ਯਤਨ ਕੀਤੇ ਗਏ। ਇਸ ਸਬੰਧੀ ਅਫਵਾਹ ਫੈਲਾਉਣ ਵਾਲੇ ਵਿਅਕਤੀਆ ਤੇ ਕਾਰਵਾਈ ਕਰਵਾਉਣ ਲਈ ਉੱਕਤ ਆਗੂਆ ਵੱਲੋਂ ਐਸ.ਡੀ.ਐਮ ਅਮਲੋਹ ਨੂੰ ਮੰਗ ਪੱਤਰ ਦਿੱਤਾ ਗਿਆ ਪਰ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪ੍ਰਸਾਸ਼ਨ ਵੱਲੋਂ ਇਸ ਸਬੰਧ ਵਿੱਚ ਕੋਈ ਐਕਸ਼ਨ ਨਹੀਂ ਲਿਆ ਗਿਆ ਜਿਸ ਤੋਂ ਬਾਅਦ ਆਗੂਆ ਵੱਲੋਂ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੂੰ ਮੰਗ ਪੱਤਰ ਦਿੱਤਾ ਗਿਆ ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਪ੍ਰਸਾਸ਼ਨ ਨੂੰ ਇਸ ਸਬੰਧ ਵਿੱਚ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਅਤੇ ਪ੍ਰਸ਼ਾਸਨ ਵੱਲੋਂ ਵੀ ਫੌਰਨ ਕਾਰਵਾਈ ਕਰਦਿਆ ਲੋਕਾਂ ਦੇ ਸਹਿਯੋਗ ਨਾਲ ਨਲਕਾ ਪੁਟਵਾ ਦਿੱਤਾ ਗਿਆ ਪਰ ਫਿਰ ਵੀ ਇਸ ਥਾਂ ਉੱਪਰ ਲੋਕਾਂ ਦੀ ਆਮਦ ਜਾਰੀ ਰਹੀ ਜੋ ਸਮਾਂ ਬੀਤਣ ਤੇ ਬਿਲਕੁਲ ਬੰਦ ਹੋ ਗਈ।





# ਲੜਕੀ ਨੂੰ ਤੰਗ-ਪ੍ਰੇਸ਼ਾਨ ਕਰਨ ਵਾਲ਼ਾ 'ਮੇਰੇ ਲੜਕੇ ਦਾ ਭੂਤ'

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਸਰਕਾਰੀ ਸਕੂਲ ਵਿੱਚ ਪੜ੍ਹਦੀ 9ਵੀਂ ਜਮਾਤ ਦੀ ਇੱਕ ਅਜਿਹੀ ਵਿਦਿਆਰਥਣ ਨੂੰ ਮੈਂ 13 ਅਕਤੂਬਰ 2011 ਨੂੰ 'ਮਨੋਵਿਗਿਆਨਕ ਤੇ ਤਰਕਸ਼ੀਲ' ਢੰਗ-ਤਰੀਕੇ ਨਾਲ ਠੀਕ ਕੀਤਾ ਸੀ। ਜਿਸਦੇ ਪਿਤਾ ਅਨੁਸਾਰ ਉਸਨੂੰ ਇੱਕ ਗੈਬੀ ਭੂਤ ਗਲ਼ਾ ਘੁੱਟ ਕੇ ਜਾਨੋ ਮਾਰਨਾ ਚਾਹੁੰਦਾ ਸੀ। ਭਾਵੇਂ ਇਸ ਘਰ 'ਚ ਸਾਰੇ ਮੈਂਬਰ ਬਹੁਤ ਹੀ ਪੜ੍ਹੇ-ਲਿਖੇ ਸਨ ਤੇ ਕੁਝ ਅਧਿਆਪਕ ਦੀ ਨੌਕਰੀ ਵੀ ਕਰਦੇ ਸਨ, ਪਰ ਫਿਰ ਵੀ ਉਹ ਲਾਈਲੱਗਤਾ ਤੇ ਮੂਰਖਤਾ ਕਾਰਨ ਇੱਕ ਡੇਰੇ ਦੇ ਬਾਬੇ ਨੂੰ ਸੱਚੇ ਮਨੋ ਪੂਰੀ ਸ਼ਰਧਾ ਨਾਲ਼ ਮੰਨਦੇ ਸਨ। ਘਰ ਦੀਆਂ ਲਗਭਗ ਸਾਰੀਆਂ ਹੀ ਦੀਵਾਰਾਂ ਇਸੇ ਬਾਬੇ ਦੀਆਂ ਤਸਵੀਰਾਂ ਨਾਲ਼ ਸਜਾ ਰੱਖੀਆਂ ਸਨ, ਪਰ ਫਿਰ ਵੀ ਇਹ ਅਖੌਤੀ ਬਾਬਾ ਦੁਖੀ ਵਿਦਿਆਰਥਣ ਨੂੰ ਠੀਕ ਕਰਨ ਵਿੱਚ ਭੋਰਾ-ਭਰ ਵੀ ਕਰਾਮਾਤ (ਮਦਦ) ਨਹੀਂ ਸੀ ਕਰ ਸਕਿਆ, ਜਿਸ ਕਰਕੇ ਇਹ ਬਾਬਾ ਧੋਖੇਬਾਜ਼, ਪਾਖੰਡੀ ਤੇ ਲੁਟੇਰਾ ਸਿੱਧ ਹੋ ਰਿਹਾ ਸੀ। ਫਿਰ ਵੀ ਘਰਦਿਆਂ ਦੀ ਸ਼ਰਧਾ ਭਰਿਆ ਵਿਸ਼ਵਾਸ਼ ਇਸੇ ਬਾਬੇ ਦੇ ਪਾਖੰਡ ਉਪਰ ਟਿਕਿਆ ਹੋਇਆ ਸੀ। ਜਿਸ ਕਾਰਨ ਉਹ ਬਾਬੇ ਦੇ 'ਮਾਨਸਿਕ ਗੁਲਾਮ' ਬਣੇ ਹੋਏ ਸੀ। ਭਾਵੇਂ ਵਿਦਿਆਰਥਣ ਨੂੰ ਮੈਂ ਆਪਣੇ ਮੁਸੀਬਤਾਂ ਭਰੇ ਯਤਨਾਂ ਨਾਲ, ਬਿਨਾਂ ਕਿਸੇ ਖਰਚੇ ਤੋਂ ਠੀਕ ਕੀਤਾ ਸੀ, ਫਿਰ ਵੀ ਘਰਦਿਆਂ ਦੇ ਮਨਾਂ 'ਚ ਮੇਰੀ ਓਨੀਂ 'ਕਦਰ' ਨਹੀਂ ਸੀ, ਜਿਨੀ ਉਸ ਪਾਖੰਡੀ ਬਾਬੇ 'ਚ ਸੀ। ਇਹ ਸਭ ਦੇਖ ਕੇ ਮੈਂ ਬਹੁਤ ਹੈਰਾਨ-ਪ੍ਰੇਸ਼ਾਨ ਹੋਇਆ ਕਿ ਇਕ ਪੜ੍ਹਿਆ-ਲਿਖਿਆ ਪਰਿਵਾਰ ਵੀ ਅਜਿਹੇ ਅਨੇਕਾਂ ਪਾਖੰਡੀਆਂ ਵਲੋਂ ਆਪਣਾ 'ਮਾਨਸਿਕ ਗੁਲਾਮ' ਬਣਾ ਕੇ ਲੁੱਟਣ ਲਈ ਫੈਲਾਏ ਹੋਏ 'ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ' ਦੇ ਮੱਕੜ-ਜਾਲ਼ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ।

ਜਿਸ ਸਮੇਂ ਮੈਂ ਸਕੂਲ ਦੀ ਵਿਦਿਆਰਥਣ ਨੂੰ ਠੀਕ ਕੀਤਾ ਸੀ, ਉਦੋਂ ਮੈਂ ਉਸੇ ਸਕੂਲ 'ਚ ਪੇਂਟਿੰਗ ਦਾ ਕੰਮ ਵੀ ਕਰਦਾ ਸੀ। ਪੇਂਟਿੰਗ ਕਰਦੇ ਸਮੇਂ ਉਸੇ ਸਕੂਲ ਦੀ ਇੱਕ ਸਾਂਇੰਸ ਅਧਿਆਪਕਾ (ਮੈਡਮ) ਨੂੰ ਜਦੋਂ ਵਿਦਿਆਰਥਣ ਦੇ ਠੀਕ ਹੋਣ ਬਾਰੇ ਪਤਾ ਲੱਗਿਆ ਤਾਂ ਉਸਨੇ ਵੀ ਅਜਿਹੀਆਂ ਮਾਨਸਿਕ ਸਮੱਸਿਆਵਾਂ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਨ ਲਈ ਮੇਰੇ ਕੋਲੋਂ ਪੁੱਛਿਆ, "ਸਰ! ਇਨ੍ਹਾਂ ਸਮੱਸਿਆਵਾਂ ਦੇ ਪੈਦਾ ਹੋਣ ਦਾ ਕੀ ਕਾਰਨ ਹੈ ਅਤੇ ਇਹ ਹੱਲ ਕਿਵੇਂ ਹੁੰਦੀਆਂ ਹਨ।" ਮੈਂ ਵਿਸਥਾਰ ਨਾਲ ਸਮਝਾਉਂਦਿਆਂ ਦੱਸਿਆ, "ਮੈਡਮ! ਇਹ 'ਮਾਨਸਿਕ ਰੋਗ' ਹੁੰਦੇ ਹਨ। ਇਹ ਰੋਗ ਵੀ 'ਸਰੀਰਕ ਰੋਗਾਂ' ਵਾਂਗ ਹੀ ਹੁੰਦੇ ਹਨ। ਜਿਸਨੂੰ ਸਿਰਫ਼ ਮਨੋਵਿਗਿਆਨਕ ਢੰਗ-ਤਰੀਕੇ ਨਾਲ਼ ਹੀ ਠੀਕ ਕੀਤਾ ਜਾ ਸਕਦਾ ਹੈ। ਲਾਈਲੱਗ ਤੇ ਮੂਰਖ ਲੋਕ 'ਅਗਿਆਨਤਾ' ਕਾਰਨ ਇਸ ਨੂੰ ਭੂਤਾਂ ਪ੍ਰੇਤਾਂ, ਸ਼ੈਤਾਨਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ ਆਦਿ ਦਾ ਕਹਿਰ ਸਮਝ ਲੈਂਦੇ ਹਨ। ਜਿਸ ਕਰਕੇ ਉਹ ਵਹਿਮ-ਭਰਮ ਤੇ ਅੰਧਵਿਸ਼ਵਾਸ ਫੈਲਾ ਕੇ ਲੁੱਟਣ ਵਾਲ਼ੇ ਪਾਖੰਡੀ ਤੇ ਲੁਟੇਰੇ ਜੋਤਸ਼ੀਆਂ, ਬਾਬਿਆਂ, ਮੌਲਵੀਆਂ, ਪੁਜਾਰੀਆਂ ਤੇ ਪਾਦਰੀਆਂ ਆਦਿ ਦੇ ਜਾਲ਼ ਵਿੱਚ ਬੁਰੀ ਤਰ੍ਹਾਂ ਫਸ ਕੇ 'ਮਾਨਸਿਕ ਗੁਲਾਮ' ਬਣ ਜਾਂਦੇ ਹਨ। ਫਿਰ ਇਹ ਪਾਖੰਡੀ-ਲੁਟੇਰੇ ਸਾਰੀ ਜਿੰਦਗੀ ਇਨਾਂ ਦੀ ਲੁੱਟ ਕਰਦੇ ਤੇ ਕਾਲ਼ੀਆਂ ਕਰਤੂਤਾਂ ਕਰਦੇ ਹੋਏ, ਇਨਾਂ ਦਾ ਘਰ ਪਰਿਵਾਰ ਉਜਾੜ ਕੇ ਬਰਬਾਦ ਕਰ ਦਿੰਦੇ ਹਨ।"

'ਮਾਨਸਿਕ ਰੋਗਾਂ' ਨੂੰ ਹੋਰ ਵਿਸਥਾਰ ਨਾਲ ਸਮਝਣ ਲਈ ਮੈਂ ਮੈਡਮ ਨੂੰ ਅਗਲੇ ਦਿਨ ਆਪਣੇ ਘਰ ਦੀ ਨਿੱਜੀ ਲਾਇਬ੍ਰੇਰੀ 'ਚੋਂ ਤਰਕਸ਼ੀਲਤਾ ਤੇ ਮਨੋਵਿਗਿਆਨ ਦੇ ਉੱਘੇ ਮਨੋਵਿਗਿਆਨੀ ਡਾ. ਅਬਰਾਹਮ ਟੀ-ਕਾਵੂਰ ਦੀ ਕਿਤਾਬ '......ਤੇ ਦੇਵ ਪੁਰਸ਼ ਹਾਰ ਗਏ' ਪੜ੍ਹਨ ਲਈ ਦਿੱਤੀ। ਜਿਸਦੇ ਲਈ ਉਸਨੇ ਮੇਰਾ ਧੰਨਵਾਦ ਕੀਤਾ। ਪਰ ਅਗਲੇ ਦਿਨ ਜਦੋਂ ਮੈਂ ਫਿਰ ਸਕੂਲ 'ਚ ਪੇਂਟਿੰਗ ਦਾ ਕੰਮ ਕਰਨ ਗਿਆ ਤਾਂ ਓਹੀ ਕਿਤਾਬ ਸਾਂਇੰਸ ਰੂਮ 'ਚ ਬਿਨਾਂ ਕਿਸੇ ਸਾਂਭ-ਸੰਭਾਲ ਦੇ ਰੁਲ਼-ਖੁਲ਼ ਰਹੀ ਸੀ। ਜਿਸਨੂੰ ਮੈਂ ਕਈ ਦਿਨਾਂ ਤੱਕ ਇਸੇ ਤਰ੍ਹਾਂ ਹੀ ਰੁਲ਼ਦੀ ਹੋਈ ਦੇਖਦਾ ਰਿਹਾ। ਇਹ ਸਭ ਦੇਖ ਕੇ ਮੈਂ ਹੈਰਾਨ-ਪ੍ਰੇਸ਼ਾਨ ਹੋਇਆ। ਮੈਂ ਸਮਝ ਗਿਆ ਕਿ ਮੈਡਮ ਨੂੰ ਇਸ ਕਿਤਾਬ 'ਚ ਕੋਈ ਰੁੱਚੀ ਨਹੀਂ। ਆਪਣੀ ਹਰਮਨ ਪਿਆਰੀ ਕਿਤਾਬ ਨੂੰ ਅਜਿਹੀ ਹਾਲਤ ਵਿੱਚ ਦੇਖ ਕੇ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਹ ਜਿਲਣ ਵਿੱਚ ਫਸ ਗਈ ਹੋਵੇ ਤੇ ਉਥੋਂ ਕੱਢਣ ਲਈ ਮੇਰਾ ਮਿਨਤ-ਤਰਲਾ ਕਰ ਰਹੀ ਹੋਵੇ। ਭਾਵੇਂ ਮੈਡਮ ਬਹੁਤ ਸਮਝਦਾਰ ਸੀ। ਪਰ ਮੈਨੂੰ ਇਹ ਸਮਝ ਨਹੀਂ ਆਇਆ ਕਿ ਉਸ ਕੋਲ਼ੋਂ ਅਜਿਹਾ ਕਿਵੇਂ ਹੋ ਗਿਆ। ਆਖਿਰ ਮੈਂ ਉਹ ਕਿਤਾਬ ਕਿਸੇ ਦੂਜੀ ਸਾਇੰਸ ਮੈਡਮ ਨੂੰ ਮਜ਼ਬੂਰੀ ਦੱਸ ਕੇ ਆਪਣੇ ਘਰ ਵਾਪਸ ਲੈ ਆਇਆ। ਘਰ 'ਚ ਵਾਪਸ ਆਈ ਕਿਤਾਬ ਨੂੰ ਦੇਖ ਕੇ ਮੈਨੂੰ ਇਸ ਤਰ੍ਹਾਂ ਲੱਗਿਆ, ਜਿਵੇਂ ਉਹ ਮੇਰਾ ਧੰਨਵਾਦ ਕਰ ਰਹੀ ਹੋਵੇ।

ਕਾਫੀ ਚਿਰਾਂ (ਲੱਗਭਗ 5 ਸਾਲ) ਬਾਅਦ 14-1-2016 ਨੂੰ ਮੇਰੇ ਮੋਬਾਇਲ ਦੀ ਰਿੰਗ ਵੱਜੀ। ਅੱਗਿਓਂ ਅਵਾਜ਼ ਉਸੇ ਸਾਇੰਸ ਮੈਡਮ ਦੀ ਸੀ ਜਿਸਨੂੰ ਮੈਂ ਉਪਰੋਕਤ ਕਿਤਾਬ ਪੜਨ ਲਈ ਦਿੱਤੀ ਸੀ। ਮੈਡਮ ਨੇ ਪੁੱਛਿਆ, "ਸਰ! ਤੁਸੀਂ ਜਿੰਦੀ ਪੇਂਟਰ ਬੋਲਦੇ ਹੋ?" ਮੈਂ ਆਖਿਆ, "ਜੀ ਹਾਂ! ਜਿੰਦੀ ਪੇਂਟਰ ਹਾਂ।" ਉਸਨੇ ਫਿਰ ਆਖਿਆ, "ਸਰ! ਮੈਨੂੰ ਤੁਹਾਡੀ ਮੱਦਦ ਦੀ ਲੋੜ ਹੈ।" ਮੈਂ ਪੁੱਛਿਆ, "ਕਿਸ ਤਰ੍ਹਾਂ ਦੀ ਮੱਦਦ?" ਉਸਨੇ ਕਿਹਾ, "ਮੇਰੀ ਬੇਟੀ 'ਦੇਵੀਕਾ' ਕਈ ਦਿਨਾਂ ਤੋਂ ਅਜੀਬ ਜਿਹਾ ਵਿਵਹਾਰ ਕਰ ਰਹੀ ਹੈ ਤੇ ਹੁਣ ਦੋ ਦਿਨ ਪਹਿਲਾਂ ਅਚਾਨਕ ਹੀ ਘਰ 'ਚ ਗੱਸ਼ ਖਾਕੇ ਡਿੱਗ ਪਈ ਤੇ ਬੇਹੋਸ਼ ਹੋ ਗਈ, ਜਦੋਂ ਉਸਨੂੰ ਹੋਸ਼ ਆਈ ਤਾਂ ਉਸਨੇ ਦੱਸਿਆ ਕਿ ਕਿਸੇ ਗੈਬੀ ਰੂਹ (ਭੂਤ-ਪ੍ਰੇਤ) ਨੇ ਹੀ ਉਸਨੂੰ ਬੜੀ ਜ਼ੋਰ ਨਾਲ਼ ਮਾਰਿਆ ਸੀ, ਜਿਸ ਕਰਕੇ ਉਹ ਡਿੱਗ ਪਈ ਸੀ। ਹੁਣ ਜੋ ਵੀ ਆਂਢ-ਗੁਆਂਢ ਜਾਂ ਰਿਸ਼ਤੇਦਾਰ ਘਰ 'ਚ ਖਬਰ-ਸਾਰ ਲੈਣ ਆਉਂਦਾ ਹੈ, ਉਹ ਏਹੀ ਆਖਦਾ ਹੈ ਕਿ ਇਸਨੂੰ ਤਾਂ ਕਿਸੇ ਭੂਤ-ਪ੍ਰੇਤ ਦੀ ਕਸਰ ਹੋ ਗਈ ਹੈ, ਉਹੀ ਇਸਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ। ਜਲਦੀ ਹੀ ਇਸਨੂੰ 'ਡੇਰਾ ਬਾਬਾ ਵਡਭਾਗ ਸਿੰਘ' ਦੇ ਨਹਲ਼ਾ ਲਿਆਓ ਜਾਂ ਕਿਸੇ ਜੋਤਸ਼ੀ, ਬਾਬੇ, ਚੇਲੇ, ਸਿਆਣੇ, ਪੁਜਾਰੀ ਅਤੇ ਪਾਦਰੀ ਨੂੰ ਦਿਖਾ ਲਓ। ਅਜਿਹਾ ਕਰਨ ਲਈ ਘਰ ਦੇ ਸਾਰੇ ਮੈਂਬਰ ਹੀ ਜ਼ੋਰ ਪਾ ਰਹੇ ਹਨ ਕਿਉਂਕਿ ਘਰ 'ਚ ਭੂਤਾਂ ਦੇ ਹੋਣ ਦੇ ਡਰ 'ਚ ਸਾਰੇ ਬੱਚੇ ਸਹਿਮੇ ਹੋਏ ਹਨ। ਸਾਇੰਸ ਅਧਿਆਪਕਾ ਹੋਣ ਕਰਕੇ ਮੈਂ ਹੁਣ ਅਜਿਹੀਆਂ ਗੱਲਾਂ ਵਿੱਚ

ਭੋਰਾ-ਭਰ ਵੀ ਯਕੀਨ ਨਹੀਂ ਕਰਦੀ। ਇਸ ਲਈ ਅਜਿਹੇ ਪਾਖੰਡੀ ਬਾਬਿਆਂ, ਜੋਤਸ਼ੀਆਂ ਤੇ ਪਾਦਰੀਆਂ ਆਦਿ ਦੇ ਪਾਖੰਡ ਪੁਣੇ ਤੇ ਉਲਝਣ ਭਰੇ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਦੇ ਮਕੜ ਜਾਲ਼ ਵਿੱਚ ਫਸਣ ਤੋਂ ਬਚਣ ਲਈ, ਮੈਨੂੰ ਤੁਹਾਡੀ ਮੱਦਦ ਦੀ ਜ਼ਰੂਰਤ ਹੈ।" ਜਦ ਮੈਂ ਮੈਡਮ ਨੂੰ ਪੁੱਛਿਆ, "ਤੁਸੀਂ ਮੈਨੂੰ ਕਿਵੇਂ ਜਾਣਦੇ ਹੋ ਤੇ ਮੇਰਾ ਨੰਬਰ ਕਿੱਥੋਂ ਪ੍ਰਾਪਤ ਕੀਤਾ?" ਤਾਂ ਉਸਨੇ ਦੱਸਿਆ, "ਆਪਾਂ ਪਹਿਲਾਂ ਵੀ ਮਿਲ ਚੁੱਕੇ ਹਾਂ। ਤੁਸੀਂ ਲਗਭਗ 5 ਸਾਲ ਪਹਿਲਾਂ ਕੁੜੀਆਂ ਦੇ ਸਰਕਾਰੀ ਸਕੂਲ 'ਚ ਪੇਂਟਿੰਗ ਦਾ ਕੰਮ ਕਰਦੇ ਸੀ। ਉੱਥੇ ਮੈਂ ਤੁਹਾਡੇ ਕੋਲੋਂ ਅਜਿਹੀਆਂ ਹੀ ਮਾਨਸਿਕ ਸਮੱਸਿਆਵਾਂ (ਬਿਮਾਰੀਆਂ) ਬਾਰੇ ਸਹੀ ਜਾਣਕਾਰੀ ਪ੍ਰਾਪਤ ਕੀਤੀ ਸੀ। ਹੁਣ ਵੀ ਮੈਂ ਉਸੇ ਸਕੂਲ 'ਚ ਪੜਾਉਂਦੀ ਹਾਂ ਤੇ ਉੱਥੋਂ ਹੀ ਬੋਲ ਰਹੀ ਹਾਂ। ਮੈਂ ਤੁਹਾਡਾ ਨੰਬਰ, ਤੁਹਾਡੇ ਵੱਲੋਂ ਲਿਖੇ ਪੇਂਟਿੰਗ ਬੋਰਡ ਉਪਰੋਂ ਪ੍ਰਾਪਤ ਕੀਤਾ, ਜਿਸ ਕਰਕੇ ਤੁਹਾਡੇ ਨਾਲ਼ ਸੰਪਰਕ ਹੋ ਸਕਿਆ।" ਮੈਂ ਮੈਡਮ ਨੂੰ ਪਹਿਚਾਣ ਲਿਆ, ਇਹ ਓਹੀ ਮੈਡਮ ਸੀ ਜਿਸਨੂੰ ਮੈਂ ਕਿਤਾਬ ਪੜ੍ਹਨ ਲਈ ਦਿੱਤੀ ਸੀ। ਜਦ ਮੈਂ ਉਸਨੂੰ ਉਸ ਕਿਤਾਬ ਬਾਰੇ ਸਭ ਕੁਝ ਦੱਸਿਆ ਤਾਂ ਉਸਨੂੰ ਇਸ ਬਾਰੇ ਕੁਝ ਵੀ ਯਾਦ ਨਹੀਂ ਸੀ। ਮੈਂ ਦੱਸਿਆ, "ਜੇਕਰ ਤੁਸੀਂ ਉਹ ਕਿਤਾਬ ਪੜ ਕੇ ਸਮਝ ਲਈ ਹੁੰਦੀ ਤਾਂ ਅੱਜ ਇਹ ਸਮੱਸਿਆ ਪੈਦਾ ਹੀ ਨਹੀਂ ਸੀ ਹੋਣੀ ਤੇ ਨਾ ਹੀ ਮੇਰੀ ਮੱਦਦ ਦੀ ਜ਼ਰੂਰਤ ਪੈਣੀ ਸੀ। ਫਿਰ ਵੀ ਮੈਂ ਜਲਦੀ ਹੀ ਆਪਣੇ ਜ਼ਰੂਰੀ ਕੰਮ ਤੋਂ ਵਿਹਲਾ ਹੋ ਕੇ ਦੇਵੀਕਾ ਨੂੰ ਠੀਕ ਕਰਨ ਲਈ ਤੁਹਾਡੇ ਘਰ ਆਵਾਂਗਾ।"

17-1-2016 ਨੂੰ ਮੈਂ ਫਿਰ ਓਹੀ ਕਿਤਾਬ (.....ਤੇ ਦੇਵ ਪੁਰਸ਼ ਹਾਰ ਗਏ) ਜਿਸ ਵਿੱਚ ਡਾ. ਕਾਵੂਰ ਨੇ ਅਜਿਹੇ ਹੀ ਕੇਸ਼ਾਂ ਨੂੰ 'ਮਨੋਵਿਗਿਆਨਕ' ਢੰਗ-ਤਰੀਕੇ ਨਾਲ ਹੱਲ ਕੀਤਾ ਹੈ, ਨਾਲ਼ ਲੈ ਕੇ ਮੋਟਰ ਸਾਇਕਲ ਰਾਹੀਂ ਮੈਡਮ ਦੇ ਘਰ ਸ਼ਾਮ ਦੇ ਚਾਰ ਵਜੇ ਪਹੁੰਚ ਗਿਆ ਤਾਂ ਜੋ ਦੇਵੀਕਾ ਦੀ 'ਮਾਨਸਿਕ ਸਮੱਸਿਆ' ਵੀ 'ਮਨੋਵਿਗਿਆਨਕ' ਢੰਗ-ਤਰੀਕੇ ਨਾਲ਼ ਹੀ ਠੀਕ ਕੀਤੀ ਜਾ ਸਕੇ। ਮੈਡਮ ਨੇ ਮੈਨੂੰ ਆਦਰ ਸਹਿਤ ਡਰਾਇੰਗ-ਰੂਮ (ਬੈਠਕ) 'ਚ ਬਿਠਾ ਦਿੱਤਾ। ਘਰ ਦੀਆਂ ਦੀਵਾਰਾਂ ਉਪਰ ਕਿਸੇ ਡੇਰੇ ਦੇ ਮੁਖੀ ਬਾਬਿਆਂ ਦੀਆਂ ਤਸਵੀਰਾਂ ਟੰਗੀਆਂ ਹੋਈਆਂ ਸਨ ਤੇ ਮੇਰੇ ਸਾਹਮਣੇ ਵਾਲੇ ਮੇਜ਼ ਉਤੇ ਇਸੇ ਡੇਰੇ ਦੀ ਇੱਕ ਅੰਧਵਿਸ਼ਵਾਸ਼ੀ ਕਿਤਾਬ ਰੱਖੀ ਹੋਈ ਸੀ। ਜਿਸ ਨੂੰ ਦੇਖ ਕੇ ਮੈਂ ਸਮਝ ਗਿਆ ਕਿ ਮੈਡਮ ਨੂੰ ਮੇਰੇ ਵੱਲੋਂ ਦਿੱਤੀ ਵਿਗਿਆਨਕ ਕਿਤਾਬ 'ਚ ਦਿਲਚਸਪੀ ਕਿਉਂ ਨਹੀਂ ਸੀ। ਭਾਵੇਂ ਉਹ ਇੱਕ ਸਾਇੰਸ (ਵਿਗਿਆਨ) ਅਧਿਆਪਕਾ ਸੀ, ਫਿਰ ਵੀ ਉਸਨੂੰ 'ਤਰਕਸ਼ੀਲ ਤੇ ਵਿਗਿਆਨਕ ਸੋਚ' ਪੈਦਾ ਕਰਨ ਵਾਲੀਆਂ ਵਧੀਆ ਕਿਤਾਬਾਂ ਨਾਲੋਂ ਵਹਿਮ-ਭਰਮ ਤੇ ਅੰਧਵਿਸ਼ਵਾਸ ਫੈਲਾਉਣ ਵਾਲੇ ਡੇਰੇ ਦੀਆਂ 'ਤਰਕ ਹੀਣ ਤੇ ਗੈਰ-ਵਿਗਿਆਨਕ ਸੋਚ' ਪੈਦਾ ਕਰਨ ਵਾਲ਼ੀਆਂ ਘਟੀਆ ਕਿਤਾਬਾਂ ਪੜਨ 'ਚ ਵੱਧ ਦਿਲਚਸਪੀ ਸੀ। ਮੈਡਮ ਦੂਜਿਆਂ ਦੇ ਵਿਸ਼ਵਾਸ ਨੂੰ ਤਾਂ 'ਵਹਿਮ-ਭਰਮ ਤੇ ਅੰਧਵਿਸ਼ਵਾਸ' ਸਮਝਦੀ ਸੀ, ਪਰ ਆਪਣੇ ਵਿਸ਼ਵਾਸ ਬਾਰੇ ਉਹ ਅਜੇ ਵੀ ਭੁਲੇਖੇ ਵਿੱਚ ਹੀ ਸੀ। ਮੈਡਮ ਦਾ ਪਤੀ ਵੀ ਸਰਕਾਰੀ ਨੌਕਰੀ ਕਰਦਾ ਸੀ। ਏਨੇ ਨੂੰ ਉਹ ਮੇਰੇ ਲਈ ਚਾਹ ਬਣਾ ਲਿਆਈ। ਜਦੋਂ ਮੈਂ ਚਾਹ ਪੀ ਰਿਹਾ ਸੀ ਤਾਂ ਮੈਡਮ ਨੇ ਮੈਨੂੰ ਦੇਵੀਕਾ ਦੀ ਬਿਮਾਰੀ ਬਾਰੇ ਹੋਰ ਜਾਣਕਾਰੀ ਦਿੱਤੀ, "ਇਸਨੂੰ ਸਾਰੀ-ਸਾਰੀ ਰਾਤ ਨੀਂਦ ਨਹੀਂ ਆਉਂਦੀ, ਜਿਸ ਕਰਕੇ ਇਹ ਰਾਤ ਭਰ ਟੀ. ਵੀ. ਸੀਰੀਅਲ ਹੀ ਦੇਖਦੀ ਰਹਿੰਦੀ ਹੈ। ਇਕੋ ਹੀ ਤਰ੍ਹਾਂ ਦੀਆਂ ਗੱਲਾਂ ਇਹ ਬਾਰ-ਬਾਰ ਕਰਦੀ ਰਹਿੰਦੀ ਹੈ। ਇਸਨੂੰ ਬਹੁਤ ਸਮਝਾਉਂਦੇ ਹਾਂ, ਪਰ ਇਸ ਉਤੇ ਕੋਈ ਅਸਰ ਨਹੀਂ ਹੁੰਦਾ। ਜਿਸ ਕਰਕੇ ਅਸੀਂ ਬਹੁਤ ਪ੍ਰੇਸ਼ਾਨ ਰਹਿੰਦੇ ਹਾਂ। ਮਾਨਸਿਕ ਰੋਗਾਂ ਦੇ ਡਾਕਟਰ ਨੂੰ ਦਿਖਾਇਆ। ਉਸਨੇ ਕਿਹਾ ਇਸ ਦਾ ਮਾਹੌਲ ਬਦਲ ਕੇ ਦੇਖ ਲਓ, ਇਸਨੂੰ ਕਿਸੇ ਰਿਸ਼ਤੇਦਾਰ ਦੇ ਘਰ ਛੱਡ ਆਓ। ਫਿਰ ਅਸੀਂ ਇਸਨੂੰ ਇਸ ਦੇ ਨਾਨਕੇ ਛੱਡ ਆਏ। ਉੱਥੇ ਵੀ ਇਸਦੇ ਮਨ 'ਚ ਕੋਈ ਸੁਧਾਰ ਨਾ ਹੋਇਆ। ਫਿਰ ਅਸੀਂ ਇਸਨੂੰ ਕੁਝ ਮਹੀਨੇ ਪਹਿਲਾਂ 26-11-2015 ਤੋਂ 6-1-2016 ਤੱਕ ਛੁੱਟੀਆਂ ਕੱਟਣ ਲਈ ਫੌਰਨ ਕੰਟਰੀ (ਵਿਦੇਸ਼) 'ਚ ਭੇਜ ਦਿੱਤਾ। ਅਸੀਂ ਸੋਚਿਆ ਉਥੇ ਜਾਕੇ ਇਸਦਾ ਮਨ ਬਦਲ (ਠੀਕ) ਜਾਵੇਗਾ। ਪਰ ਅਜਿਹਾ ਕੁਝ ਵੀ ਨਹੀਂ ਵਾਪਰਿਆ। ਇੱਕ ਦਿਨ 'ਈਸਾਈ ਧਰਮ ਦਾ ਪਾਦਰੀ' ਦੇਵੀਕਾ ਦੀ ਸਮੱਸਿਆ ਬਾਰੇ ਸੁਣ ਕੇ, ਆਪਣੇ-ਆਪ ਹੀ ਘਰ ਆ ਗਿਆ। ਉਸਦੇ ਹੱਥ ਵਿੱਚ 'ਬਾਈਬਲ' ਸੀ। ਉਸਨੇ ਆਖਿਆ ਕਿ ਇਹ ਸਾਰਾ ਕੰਮ ਸ਼ੈਤਾਨ ਅਤੇ ਦੁਸ਼ਟ ਆਤਮਾਵਾਂ (ਭੂਤਾਂ-ਪ੍ਰੇਤਾਂ) ਦਾ ਹੀ ਹੈ। ਸ਼ੈਤਾਨ (ਭੂਤਾਂ) ਨੂੰ ਭਜਾਉਣ ਲਈ ਉਹ ਬਾਈਬਲ 'ਚੋਂ ਕੁੱਝ ਸ਼ਬਦ (ਬਚਨ) ਪੜ ਕੇ ਸੁਣਾਉਂਦਾ ਹੋਇਆ, ਉੱਚੀ-ਉੱਚੀ ਪ੍ਰਾਰਥਨਾ ਕਰਨ ਲੱਗਾ। ਪਰ ਇਸ ਨਾਲ ਵੀ ਕੋਈ ਫਰਕ ਨਹੀਂ ਪਿਆ, ਸਗੋਂ ਸਮੱਸਿਆ ਹੋਰ ਉਲਝ ਗਈ। ਜਦੋਂ ਸਾਡੇ ਸਕੂਲ ਦੀ ਦੂਜੀ ਮੈਡਮ ਨੇ ਸਕੂਲ ਦੀ ਇੱਕ ਹੋਰ ਵਿਦਿਆਰਥਣ ਨੂੰ ਅਜਿਹੀ ਹੀ ਸਮੱਸਿਆ ਤੋਂ ਠੀਕ ਕਰਨ ਲਈ, ਤੁਹਾਡੇ ਨਾਲ਼ ਸੰਪਰਕ ਕੀਤਾ ਤਾਂ ਮੈਨੂੰ ਵੀ ਆਪਣੀ ਬੇਟੀ 'ਦੇਵੀਕਾ' ਦੇ ਇਲਾਜ ਵਾਸਤੇ ਤੁਹਾਡੇ ਕੋਲ਼ੋਂ ਮੱਦਦ ਲੈਣ ਦਾ ਖਿਆਲ ਆਇਆ। ਫਿਰ ਮੈਂ ਤੁਹਾਡਾ ਨੰਬਰ ਪ੍ਰਾਪਤ ਕਰਕੇ ਸੰਪਰਕ ਕੀਤਾ।"

ਇਹ ਸੱਭ ਸੁਣਨ ਤੋਂ ਬਾਅਦ ਮੈਂ ਦੇਵੀਕਾ ਨਾਲ਼ ਮਿਲਣ ਦੀ ਇੱਛਾ ਪ੍ਰਗਟਾਈ। ਆਪਣੀ ਮਾਂ ਦੇ ਅਵਾਜ਼ ਮਾਰਨ ਤੇ ਦੇਵੀਕਾ ਦੂਜੇ ਕਮਰੇ 'ਚੋਂ ਨਿਕਲ਼ ਕੇ ਮੈਨੂੰ ਆਦਰ ਨਾਲ਼ ਬਲਾਉਂਦੀ ਹੋਈ, ਨਾਲ ਦੇ ਸੋਫ਼ੇ ਉਪਰ ਬੈਠ ਗਈ। ਮੈਂ ਪੁੱਛਿਆ, "ਦੇਵੀਕਾ ਕੀ ਕਰਦੇ ਹੋ ਅੱਜ ਕੱਲ?" ਉਸਨੇ ਥੋੜਾ ਜਿਹਾ ਮੁਸਕਰਾਉਂਦਿਆਂ ਹੌਲ਼ੀ ਦੇਣਾ ਮਿੱਠੀ ਜਿਹੀ ਅਵਾਜ 'ਚ ਆਖਿਆ, "ਸਰ! +2 'ਚ ਕੋਸਮਟੋਲੌਜ਼ੀ (ਸੁੰਦਰਤਾ ਦਾ ਹਾਰ ਸ਼ਿੰਗਾਰ) ਦਾ ਕੋਰਸ ਕਰ ਰਹੀ ਹਾਂ।" ਉਹ ਬਹੁਤ ਹੀ ਸਮਝਦਾਰ ਲੜਕੀ ਸੀ। ਭਾਂਵੇਂ ਉਹ +2 ਕਰ ਰਹੀ ਸੀ, ਫਿਰ ਵੀ ਉਹ 2.1, $.1. ਵਾਲ਼ਿਆਂ ਦਾ ਮੁਕਾਬਲਾ ਅਸਾਨੀ ਨਾਲ਼ ਕਰ ਸਕਦੀ ਸੀ। ਜਦ ਮੈਂ ਉਸਨੂੰ ਬੇਹੋਸ਼ ਹੋਣ ਦਾ ਕਾਰਨ ਵਿਸਥਾਰ ਨਾਲ਼ ਦੱਸਣ ਲਈ ਕਿਹਾ ਤਾਂ ਉਸਨੇ ਦੱਸਿਆ, "ਘਰ ਵਿੱਚ ਅਚਾਨਕ ਹੀ ਕਿਸੇ ਗੈਬੀ ਰੂਹ (ਭੂਤ-ਪ੍ਰੇਤ) ਨੇ ਮੈਨੂੰ ਸਿਰ ਵਿੱਚ ਬੜੀ ਜੋਰ ਨਾਲ ਮਾਰਿਆ ਤੇ ਮੈਂ ਜਮੀਨ ਉਪਰ ਧੜੱਮ ਕਰਕੇ ਡਿੱਗ ਪਈ, ਮੇਰੀਆਂ ਅੱਖਾਂ ਅੱਗੇ ਇੱਕ-ਦਮ ਹਨੇਰਾ ਛਾ ਗਿਆ ਤੇ ਮੈਨੂੰ ਚੱਕਰ ਆਉਣ ਲੱਗੇ। ਫਿਰ ਮੈਂ ਬੇਹੋਸ਼ ਹੋ ਗਈ। ਲਗਭਗ ਚਾਰ ਘੰਟੇ ਬਾਅਦ ਹੋਸ਼ ਆਈ। ਜਿਸ ਜਗ੍ਹਾ ਸਿਰ 'ਚ ਰੂਹ (ਭੂਤ) ਨੇ ਮਾਰਿਆ ਸੀ, ਉਥੇ ਸੋਜ ਪਈ ਹੋਈ ਸੀ ਤੇ ਦਰਦ ਮਹਿਸੂਸ ਹੋ ਰਿਹਾ ਸੀ।" ਮਨੋਵਿਗਿਆਨਕ ਤੌਰ ਤੇ ਮੈਂ ਸਮਝ ਗਿਆ ਕਿ ਉਹ 'ਮਾਨਸਿਕ ਰੋਗ' (ਪਾਗਲਪਨ) ਦੀ ਸਥਿਤੀ 'ਚੋਂ ਗੁਜਰ ਰਹੀ ਹੈ। ਮੈਂ ਉਸ ਨੂੰ ਪੁੱਛਿਆ, "ਦੇਵੀਕਾ! ਕੀ ਤੂੰ ਅਜਿਹੇ ਗੈਬੀ ਭੂਤਾਂ-ਪ੍ਰੇਤਾਂ ਜਾਂ ਰੂਹਾਂ-ਬਦਰੂਹਾਂ ਦੇ ਹੋਣ ਵਿੱਚ ਯਕੀਨ ਕਰਦੀ ਏਂ?" ਤਾਂ ਉਸਨੇ ਦੱਸਿਆ, "ਮੈਨੂੰ ਆਲ਼ੇ-ਦੁਆਲ਼ੇ ਦੇ ਲੋਕ ਤੇ ਰਿਸ਼ਤੇਦਾਰ ਵੀ ਏਹੀ ਆਖਦੇ ਹਨ ਕਿ ਤੈਨੂੰ ਭੂਤਾਂ ਦੀ ਕਸਰ ਹੋ ਗਈ ਹੈ। ਪਹਿਲਾਂ ਤਾਂ ਮੈਂ ਅਜਿਹੀਆਂ ਗੱਲਾਂ 'ਚ ਯਕੀਨ ਨਹੀਂ ਸੀ ਕਰਦੀ, ਪਰ ਹੁਣ ਜਦ ਮੇਰੇ ਆਪਣੇ ਨਾਲ ਅਜਿਹਾ ਕੁਝ ਵਾਪਰ ਰਿਹਾ ਹੈ ਤਾਂ ਮਜਬੂਰਨ ਮੰਨਣਾ ਪੈ ਰਿਹਾ ਹੈ।"

ਦੇਵੀਕਾ ਦੀਆਂ ਗੱਲਾਂ ਸੁਣਦਿਆਂ ਮੈਨੂੰ ਕਾਫੀ ਹਨੇਰਾ ਹੋ ਰਿਹਾ ਸੀ, ਇਸ ਲਈ ਮੈਂ ਘਰ ਵਾਪਸ ਮੁੜਨ ਬਾਰੇ ਸੋਚਣ ਲੱਗਾ, ਕਿਉਂਕਿ ਰਸਤੇ ਵਿੱਚ ਹਨੇਰੇ ਦਾ ਫਾਇਦਾ ਉਠਾ ਕੇ 'ਲੁਟੇਰੇ' ਲੁੱਟਾਂ-ਖੋਹਾਂ ਆਮ ਹੀ ਕਰਦੇ ਰਹਿੰਦੇ ਹਨ। ਇਸ ਲਈ ਮੈਂ ਜਲਦੀ ਹੀ ਉਸਨੂੰ ਕੁਝ ਅਜਿਹੀਆਂ ਕਹਾਣੀਆਂ ਤੇ ਗੱਲਾਂ-ਬਾਤਾਂ ਸੁਣਾਈਆਂ ਜਿਸ ਨਾਲ ਉਸਦਾ ਯਕੀਨ ਹੋਂਦ-ਰਹਿਤ ਭੂਤਾਂ-ਪ੍ਰੇਤਾਂ, ਰੂਹਾਂ-ਬਦਰੂਹਾਂ, ਸ਼ੈਤਾਨਾਂ ਅਤੇ ਦੁਸ਼ਟ-ਆਤਮਾਵਾਂ ਦੇ ਹੋਣ ਵਿੱਚੋਂ ਖਤਮ ਹੋ ਜਾਵੇ। ਜਾਣ ਲੱਗਿਆਂ ਮੈਂ ਮੈਡਮ ਨੂੰ ਫਿਰ ਓਹੀ ਕਿਤਾਬ ਪੜ੍ਹਨ ਲਈ ਦਿੱਤੀ, ਜਿਸਨੂੰ ਉਸਨੇ ਪੰਜ ਸਾਲ ਪਹਿਲਾਂ ਅਣਗੌਲਿਆ ਕਰ ਦਿੱਤਾ ਸੀ। ਜਿਸ ਵਿੱਚੋਂ ਦੇਵੀਕਾ ਦੀ ਸਮੱਸਿਆ ਦੇ ਕਾਰਨ ਅਤੇ ਹੱਲ ਬਾਰੇ ਸਹੀ ਜਾਣਕਾਰੀ ਵਾਲ਼ੇ ਲੇਖ ਪੜਨ ਲਈ ਕਿਹਾ। ਜਿਸ ਵਿੱਚ ਡਾ. ਕਾਵੂਰ ਨੇ ਅਜਿਹੇ ਕੇਸ ਤਸੱਲੀ ਬਖਸ਼ ਠੀਕ ਕੀਤੇ ਸਨ।

ਤੀਜੇ ਦਿਨ 20-1-2016 ਨੂੰ ਮੈਡਮ ਦਾ ਫੋਨ ਉਸ ਸਮੇਂ ਆਇਆ। ਜਦ ਉਹ ਸਕੂਲ 'ਚ ਪੜਾਉਣ ਗਈ ਸੀ। ਉਸਨੇ ਬੜੀ ਹੈਰਾਨੀ ਨਾਲ ਦੱਸਿਆ, "ਦੇਵੀਕਾ ਨੂੰ ਕੱਲ੍ਹ ਕਿਸੇ ਮਰੇ ਲੜਕੇ ਦੇ ਭੂਤ ਨੇ ਦਿਖਾਈ ਦੇ ਕੇ, ਡਰਾਉਣੀਆਂ ਗੱਲਾਂ-ਬਾਤਾਂ ਰਾਹੀਂ ਬਹੁਤ ਤੰਗ-ਪ੍ਰੇਸ਼ਾਨ ਕੀਤਾ।" ਮੈਡਮ ਨੇ ਆਪਣੀ ਸ਼ੰਕਾ ਜਾਹਿਰ ਕੀਤੀ, "ਸ਼ਾਇਦ ਤੁਹਾਡੀਆਂ ਕਹਾਣੀਆਂ ਅਤੇ ਗੱਲਾਂ-ਬਾਤਾਂ ਦਾ ਉਸਦੇ ਮਨ ਉਤੇ ਉਲਟਾ ਅਸਰ ਤਾਂ ਨਹੀਂ ਹੋਇਆ?" ਮੈਂ ਆਖਿਆ, "ਅਜਿਹਾ ਨਹੀਂ ਹੈ! ਮਰੇ ਲੜਕੇ ਦਾ ਭੂਤ ਦਿਖਾਈ ਦੇਣਾ, ਉਸੇ ਬਿਮਾਰੀ ਦਾ ਇੱਕ ਹਿੱਸਾ ਹੈ, ਜਿਸ ਨਾਲ ਉਹ ਬੇਹੋਸ਼ ਹੋ ਗਈ ਸੀ। ਤੁਸੀਂ ਫਿਕਰ ਨਾ ਕਰੋ ਮੈਂ ਜਲਦੀ ਹੀ ਸ਼ਾਮ ਨੂੰ ਤੁਹਾਡੇ ਘਰ ਪਹੁੰਚ ਰਿਹਾ ਹਾਂ।" ਮੈਂ ਕੁੱਝ ਜਾਦੂ ਦਾ ਸਮਾਨ ਤੇ ਤਰਕਸ਼ੀਲ ਵੀਡੀਓ ਡੈਸਕਾਂ ਇਕ ਬੈਗ 'ਚ ਪਾ ਕੇ ਉਨਾਂ ਦੇ ਘਰ ਪਹੁੰਚ ਗਿਆ। ਜਲਦੀ ਹੀ ਮੈਂ ਦੇਵੀਕਾ ਨਾਲ ਅਲੱਗ ਕਮਰੇ 'ਚ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ ਤਾਂ ਜੋ ਮਰੇ ਲੜਕੇ ਦੇ ਭੂਤ ਬਾਰੇ ਗੁਪਤ ਤੌਰ ਤੇ ਸਮਝ ਸਕਾਂ। ਦੇਵੀਕਾ ਨੇ ਦੱਸਿਆ, "ਕੱਲ੍ਹ ਜਦ ਮੰਮੀ ਸਕੂਲ ਪੜਾਉਣ ਗਈ ਹੋਈ ਸੀ ਤਾਂ ਮੈਂ ਘਰ 'ਚ ਇਕੱਲੀ ਸੀ। ਅਚਾਨਕ ਹੀ ਮੈਨੂੰ ਕਿਸੇ ਨੇ ਮੇਰਾ ਨਾਮ ਲੈ ਕੇ ਅਵਾਜ਼ ਮਾਰੀ, ਜਦ ਮੈਂ ਦਰਵਾਜਾ ਖੋਲ੍ਹਿਆ ਤਾਂ ਦੇਖਿਆ ਕਿ ਇਕ ਲੜਕਾ ਲੋਈ ਲੈਕੇ ਖੜਾ ਸੀ, ਜਿਸਨੂੰ ਦੇਖ ਕੇ ਮੈਂ ਬਹੁਤ ਹੈਰਾਨ-ਪ੍ਰੇਸ਼ਾਨ ਹੋ ਗਈ। ਕਿਉਂਕਿ ਇਹ ਉਹੀ ਲੜਕਾ ਸੀ ਜੋ ਪਹਿਲਾਂ ਮੇਰੇ ਨਾਲ਼ ਪੜਦਾ ਹੁੰਦਾ ਸੀ ਤੇ ਕੁਝ ਮਹੀਨੇ ਪਹਿਲਾਂ ਜਦ ਉਹ ਮੋਟਰਸਾਇਕਲ ਚਲਾ ਰਿਹਾ ਸੀ ਤਾਂ ਸਾਡੇ ਸਕੂਲ ਦੇ ਸਾਹਮਣੇ ਇੱਕ ਖਤਰਨਾਕ ਐਕਸੀਡੈਂਟ 'ਚ ਮਾਰਿਆ ਗਿਆ ਸੀ। ਉਸਨੂੰ ਖੂਨ ਨਾਲ ਲਥ-ਪਥ ਹਾਲਤ 'ਚ ਮੈਂ ਆਪਣੇ ਅੱਖੀਂ ਸਕੂਲ ਦੇ ਬਾਹਰ ਦੇਖਿਆ ਸੀ। ਅੱਜ ਉਸਨੂੰ ਇਸ ਤਰ੍ਹਾਂ ਦੇਖ ਕੇ ਮੈਂ ਬਹੁਤ ਡਰ ਗਈ। ਮੈਂ ਜਲਦੀ ਹੀ ਦਰਵਾਜਾ ਬੰਦ ਕਰਕੇ ਕੁੰਡੀ ਲਗਾ ਲਈ ਤੇ ਦੌੜ ਕੇ ਆਪਣੇ ਕਮਰੇ 'ਚ ਰਜਾਈ ਲੈ ਕੇ ਲੁਕ ਗਈ। ਏਨੇ ਨੂੰ ਉਸ ਮਰੇ ਲੜਕੇ ਦਾ ਭੂਤ ਵੀ ਕਿਸੇ ਤਰ੍ਹਾਂ ਕੁੰਡੀ ਖੋਲ੍ਹ ਕੇ ਮੇਰੇ ਕਮਰੇ ਅੰਦਰ ਦਾਖਲ ਹੋ ਗਿਆ। ਮੈਨੂੰ ਉਸਦੇ ਆਉਣ ਦੀਆਂ ਸਾਰੀਆਂ ਹਰਕਤਾਂ ਚੰਗੀ ਤਰ੍ਹਾਂ ਮਹਿਸੂਸ ਹੋ ਰਹੀਆਂ ਸਨ। ਉਸਨੇ ਮੇਰੇ ਉਪਰੋਂ ਰਜਾਈ ਆਪਣੇ ਹੱਥਾਂ ਨਾਲ ਖਿੱਚ ਕੇ ਲਾਹ ਦਿੱਤੀ ਤੇ ਮੇਰੇ ਚਿਹਰੇ ਉੱਤੇ ਹੱਥ ਫੇਰਿਆ। ਮੈਂ ਡਰਦੀ ਹੋਈ ਨੇ ਉਸ ਵੱਲ ਵੇਖਿਆ ਤਾਂ ਉਹ ਸਾਹਮਣੇ ਵਾਲੀ ਕੁਰਸੀ ਉਪਰ ਬੈਠ ਗਿਆ। ਉਸ ਸਮੇਂ ਮੇਰੇ ਮਨ 'ਚ ਤੁਹਾਡੇ (ਲੇਖਕ) ਵੱਲੋਂ ਦਸਿਆ ਗਿਆ ਵਿਚਾਰ ਕਿ ਭੂਤ-ਪ੍ਰੇਤ ਤੇ ਰੂਹਾਂ-ਬਦਰੂਹਾਂ ਦੀ ਕੋਈ ਹੋਂਦ ਨਹੀਂ, ਇਹ ਸਭ ਵਹਿਮ-ਭਰਮ ਦੇ ਅੰਧਵਿਸ਼ਵਾਸ ਕਾਰਨ 'ਮਾਨਸਿਕ ਰੋਗ' ਹੁੰਦੇ ਹਨ। ਜਿਸਨੂੰ ਯਾਦ ਕਰਕੇ ਮੈਨੂੰ ਕੁਝ ਹੌਂਸਲਾ ਮਿਲਿਆ ਤੇ ਮੈਂ ਹਿੰਮਤ ਕਰਕੇ ਉਸ ਭੂਤ ਨਾਲ ਕੁਝ ਸਵਾਲ-ਜਵਾਬ ਕੀਤੇ। ਮੈਂ ਪੁੱਛਿਆ, 'ਤੂੰ ਏਥੇ ਕਿਉਂ ਆਇਆ ਹੈ ਤੇ ਮੈਨੂੰ ਤੰਗ-ਪ੍ਰੇਸ਼ਾਨ ਕਿਉਂ ਕਰ ਰਿਹਾ ਹੈ?" ਤਾਂ ਉਸਨੇ ਦੱਸਿਆ, 'ਜਦ ਮੇਰਾ ਐਸੀਡੈਂਟ ਹੋਇਆ ਤਾਂ ਤੂੰ ਮੈਨੂੰ ਬਚਾਉਣ ਲਈ ਮੱਦਦ ਕਿਉਂ ਨਹੀਂ ਕੀਤੀ? ਤੂੰ ਮੈਨੂੰ ਮਰਦੇ ਨੂੰ ਦੇਖਦੀ ਰਹੀ। ਤੂੰ ਮੇਰੇ ਨਾਲ ਧੋਖਾ ਕੀਤਾ ਹੈ।' ਫਿਰ ਮੈਂ ਕਿਹਾ, 'ਮੈਂ ਉਥੇ ਤੇਰੇ ਲਈ ਕੀ ਕਰ ਸਕਦੀ ਸੀ, ਜੇਕਰ ਮੇਰੇ ਵਸ 'ਚ ਹੁੰਦਾ ਤਾਂ ਮੈਂ ਤੇਰੀ ਮੱਦਦ ਜਰੂਰ ਕਰਦੀ। ਇਸ ਵਿੱਚ ਮੇਰਾ ਕੀ ਦੋਸ਼ ਹੈ।' ਤਾਂ ਉਸਨੇ ਕਿਹਾ, 'ਕੁਝ ਵੀ ਹੋ ਜਾਵੇ, ਹੁਣ ਮੈਂ ਤੈਨੂੰ ਵੀ ਨਾਲ਼ ਹੀ ਲੈ ਕੇ ਜਾਣਾ ਹੈ। ਕੱਲ੍ਹ ਸਵੇਰ ਤੋਂ ਹੀ ਮੀਂਹ ਪੈਣਾ ਸ਼ੁਰੂ ਹੋ ਜਾਵੇਗਾ ਤੇ ਮੈਂ ਦੁਬਾਰਾ ਆਵਾਂਗਾ ਤੇ ਤੈਨੂੰ ਆਪਣੇ ਨਾਲ ਲੈ ਕੇ ਹੀ ਜਾਵਾਂਗਾ।' ਮੈਂ ਆਖਿਆ, 'ਠੀਕ ਏ! ਆ ਜਾਵੀਂ।' ਫਿਰ ਉਸਨੇ ਮੈਨੂੰ ਆਪਣੀ ਲੋਈ ਉਤਾਰ ਕੇ ਆਪਣੇ ਸਰੀਰ ਉੱਪਰ ਉਹ ਨਿਸ਼ਾਨ ਦਿਖਾਏ ਜੋ ਐਕਸੀਡੈਂਟ ਸਮੇਂ ਲੱਗੇ ਸੀ, ਉਸਦਾ ਨੰਗਾ ਸਰੀਰ ਤੇ ਕੱਪੜੇ ਖੂਨ ਨਾਲ਼ ਲਥ-ਪਥ (ਭਿੱਜੇ) ਹੋਏ ਸਨ ਜਦ ਉਹ ਕੁਰਸੀ ਤੋਂ ਖੜਾ ਹੋ ਕੇ ਆਪਣੀ ਲੋਈ ਠੀਕ ਕਰਨ (ਸੁਆਰਨ) ਲੱਗਾ ਤਾਂ ਮੈਂ ਜਲਦੀ ਹੀ ਬੈਡ ਉਪਰੋਂ ਉੱਠ ਕੇ ਕਮਰੇ 'ਚੋਂ ਬਾਹਰ ਵੱਲ ਦੌੜੀ ਤੇ ਉਸਨੂੰ ਅੰਦਰ ਹੀ ਬੰਦ ਕਰਕੇ ਬਾਹਰੋਂ ਦਰਵਾਜੇ ਦਾ ਕੁੰਡਾ ਲਾ ਦਿੱਤਾ। ਆਪ ਮੈਂ ਬਾਹਰ ਵਿਹੜੇ ਦੀਆਂ ਪੌੜੀਆਂ 'ਚ ਡਰਦੀ ਹੋਈ ਬੈਠੀ ਰਹੀ ਤੇ ਆਪਣੀ ਮੰਮੀ ਦੇ ਆਉਣ ਦੀ ਉਡੀਕ ਕਰਨ ਲੱਗੀ। ਲਗਭਗ ਤਿੰਨ ਘੰਟੇ ਬਾਅਦ ਮੰਮੀ ਆਈ ਤਾਂ ਮੈਂ ਉਸਨੂੰ ਇਹ ਸਾਰੀ ਕਹਾਣੀ ਦੱਸੀ। ਜਦ ਮੈਂ ਮੰਮੀ ਨੂੰ ਕੁੰਡਾ ਖੋਲ੍ਹ ਕੇ ਮਰੇ ਲੜਕੇ ਦੀ ਰੂਹ (ਭੂਤ) ਦਿਖਾਉਣਾ ਚਾਹਿਆ ਤਾਂ ਉਹ ਕਿਤੇ ਵੀ ਨਜ਼ਰ ਨਹੀਂ ਆ ਰਿਹਾ।"

ਦੇਵੀਕਾ ਦੀ ਇਹ ਹੈਰਾਨ-ਪੇਸ਼ਾਨ ਕਰਨ ਵਾਲੀ ਸਮੱਸਿਆ ਸੁਣਨ ਤੋਂ ਬਾਅਦ ਮੈਂ ਮਨੋਵਿਗਿਆਨਕ ਤੌਰ ਤੇ ਸਮਝ ਗਿਆ ਕਿ ਉਸਦਾ ਮਨੋਰੋਗ ਹੌਲ਼ੀ-ਹੌਲ਼ੀ ਵਿਕਰਾਲ ਰੂਪ ਧਾਰਨ ਕਰਦਾ ਜਾ ਰਿਹਾ ਹੈ। ਜਿਸਨੂੰ 'ਸਕੀਜ਼ੋਫਰੇਨੀਆਂ' ਕਹਿੰਦੇ ਹਨ। ਮੈਂ ਉਸਨੂੰ ਸੰਮੋਹਨ ਸੁਝਾਵਾਂ ਰਾਹੀਂ ਇਹ ਯਕੀਨ ਦੁਆਇਆ ਕਿ ਜਿਸ ਸਮੇਂ ਲੜਕੇ ਦਾ ਐਕਸੀਡੈਂਟ ਹੋਇਆ ਸੀ, ਉਸ ਸਮੇਂ ਸੱਚ ਮੁੱਚ ਹੀ ਉਸਦੀ ਮਦਦ ਕਰਨਾ ਤੇਰੇ ਵੱਸ ਦੀ ਗੱਲ ਨਹੀਂ ਸੀ। ਜੇਕਰ ਤੇਰੇ ਵੱਸ 'ਚ ਹੁੰਦਾ ਤਾਂ ਤੂੰ ਜ਼ਰੂਰ ਹੀ ਉਸਦੀ ਮੱਦਦ ਕਰਦੀ। ਇਸ ਲਈ ਉਸਦੀ ਮੌਤ 'ਚ ਤੇਰਾ ਕੋਈ ਦੋਸ਼ (ਕਸੂਰ) ਨਹੀਂ ਹੈ। ਇਸ ਲਈ ਉਹ ਹੁਣ ਤੈਨੂੰ ਕਦੇ ਤੰਗ-ਪ੍ਰੇਸ਼ਾਨ ਨਹੀਂ ਕਰੇਗਾ, ਕਿਉਂਕਿ ਉਹ ਵੀ ਹੁਣ ਸਮਝ ਚੁੱਕਾ ਹੈ ਕਿ ਇਸ 'ਚ ਤੇਰਾ ਕੋਈ ਕਸੂਰ ਨਹੀਂ।" ਜਦੋਂ ਦੇਵੀਕਾ ਨੂੰ ਇਹ ਯਕੀਨ ਹੋਇਆ ਕਿ ਉਹ ਬੇਕਸੂਰ ਹੈ, ਜਿਸ 'ਚ ਉਸਦਾ ਕੋਈ ਦੋਸ਼ ਨਹੀਂ ਤਾਂ ਉਹ ਖੁਸ਼ ਹੋ ਗਈ। ਭਾਵੇਂ ਉਹ ਮੇਰੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹੋ ਗਈ ਪਰ ਉਸਨੇ ਆਖਿਆ, "ਜੇਕਰ ਉਸ ਮਰੇ ਲੜਕੇ ਦਾ ਭੂਤ ਕੱਲ੍ਹ ਮੀਂਹ ਪੈਂਦੇ ਸਮੇਂ ਮੈਨੂੰ ਨਾਲ ਲੈ ਕੇ ਜਾਣ ਲਈ ਨਾ ਆਇਆ ਤਾਂ ਮੈਂ ਸਮਝ ਜਾਵਾਂਗੀ ਕਿ ਇਹ ਮੇਰਾ ਆਪਣਾ ਹੀ ਵਹਿਮ-ਭਰਮ (ਮਾਨਸਿਕ ਰੋਗ) ਹੀ ਸੀ।" ਮੈਂ ਉਸਨੂੰ ਦੱਸਿਆ, "ਕੱਲ ਅਜਿਹਾ ਕੁੱਝ ਵੀ ਨਹੀਂ ਹੋਵੇਗਾ। ਜੇਕਰ ਅਜਿਹਾ ਹੋਇਆ ਤਾਂ ਇਹ ਤੇਰੇ ਮਨ ਦੀਆਂ ਆਪਣੀਆਂ ਹੀ ਇਛਾਵਾਂ (ਕਲਪਨਾਵਾਂ) ਦਾ ਪ੍ਰਤੀਬਿੰਬ (ਸੁਪਨਾ) ਹੋਵੇਗਾ, ਕਿਉਂਕਿ ਮਨ (ਦਿਮਾਗ) ਤੋਂ ਬਾਹਰ ਤਾਂ ਕੁੱਝ ਵੀ ਨਹੀਂ, ਸਭ ਕੁਝ ਤਾਂ ਤੇਰੇ ਮਨ ਅੰਦਰ ਹੀ ਚਲ ਰਿਹਾ ਹੈ ਜੋ ਮਾਨਸਿਕ ਸੰਤੁਸ਼ਟੀ ਵਾਸਤੇ 'ਮਨੋਰੋਗ' ਬਣ ਕੇ ਬਾਹਰ ਦਿਖਾਈ ਦੇ ਰਿਹਾ ਹੈ।"

ਫਿਰ ਮੈਂ ਘਰ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਕਰਕੇ ਜਾਦੂ ਦੇ ਕੁਝ ਟ੍ਰਿਕ ਮਨੋਰੰਜਨ ਵਜੋਂ ਦਿਖਾਏ ਤੇ ਉਸ 'ਚ ਵਰਤੀ ਜਾਂਦੀ ਚਲਾਕੀ ਬਾਰੇ ਦੱਸ ਕੇ ਇਹ ਯਕੀਨ ਦੁਆਇਆ ਕਿ ਜਾਦੂ ਮੰਤਰ ਬਾਰੇ ਭੂਤ-ਪ੍ਰੇਤ ਬਿਲਕੁਲ ਵੀ ਨਹੀਂ ਹੁੰਦੇ। ਦੇਵੀਕਾ ਪੜੀ-ਲਿਖੀ ਤੇ ਸਮਝਦਾਰ ਹੋਣ ਕਰਕੇ ਉਹ ਮੇਰੀਆਂ ਇਨ੍ਹਾਂ ਗੱਲਾਂ ਤੇ ਯਕੀਨ ਕਰਨ ਲੱਗ ਪਈ ਸੀ। ਕੱਲ ਦੁਬਾਰਾ ਭੂਤ ਵੱਲੋਂ ਮੀਂਹ ਪੈਣ ਸਮੇਂ ਆਉਣ ਦੇ ਵਾਇਦੇ (ਭਰਮ) ਨੂੰ ਧਿਆਨ 'ਚ ਰੱਖਦਿਆ ਮੈਂ ਮੈਡਮ ਨੂੰ ਆਖਿਆ, "ਇਸ ਨੂੰ ਕੱਲ੍ਹ ਘਰ 'ਚ ਇਕੱਲੀ ਨਾ ਛੱਡਿਆ ਜਾਵੇ। ਜੇਕਰ ਭੂਤ ਬਾਰੇ ਕੋਈ ਵੀ ਘਟਨਾ ਵਾਪਰੇ ਤਾਂ ਮੈਨੂੰ ਜ਼ਰੂਰ ਦੱਸਿਆ ਜਾਵੇ। ਤਾਂ ਜੋ ਅਗਲੀ ਕਾਰਵਾਈ ਕੀਤੀ ਜਾ ਸਕੇ।" ਜਾਣ ਲੱਗਿਆਂ ਮੈਂ ਉਨ੍ਹਾਂ ਨੂੰ ਮਨੋਰੰਜਨ ਅਤੇ ਸਹੀ ਜਾਣਕਾਰੀ ਪ੍ਰਾਪਤ ਕਰਨ ਲਈ ਕੁਝ ਜਾਦੂ ਦਾ ਸਮਾਨ ਅਤੇ ਤਰਕਸ਼ੀਲ ਵੀਡੀਓ ਡੈਸਕਾਂ (ਤਰਕ ਦੀ ਸਾਣ 'ਤੇ) ਦੇਖਣ ਲਈ ਦਿੱਤੀਆਂ ਤਾਂ ਜੋ ਵਹਿਮੀ ਤੇ ਅੰਧਵਿਸ਼ਵਾਸੀ ਮਹੌਲ ਖਤਮ ਕੀਤਾ ਜਾਵੇ ਘਰ ਪਹੁੰਚ ਕੇ ਮੈਂ ਸੋਚ ਰਿਹਾ ਸੀ ਕਿ ਜੇਕਰ ਉਸਨੂੰ ਭੂਤ ਦ੍ਰਿਸ਼ਟੀ ਭਰਮ (ਭੁਲੇਖੇ) ਦਾ ਅਨੁਭਵ ਬਾਰ-ਬਾਰ ਹੁੰਦਾ ਰਿਹਾ ਤਾਂ ਮੈਨੂੰ ਮਜਬੂਰਨ ਮਾਨਸਿਕ ਰੋਗਾਂ ਦੇ ਡਾਕਟਰ ਦਾ ਸਹਾਰਾ ਲੈਣਾ ਪਵੇਗਾ।

ਅਗਲੇ ਦਿਨ 21-1-2016 ਨੂੰ ਮੈਂ ਸਵੇਰੇ 10 ਵਜੇ ਮੈਡਮ ਨੂੰ ਫੋਨ ਕਰਕੇ ਪੁੱਛਿਆ, "ਮੈਡਮ ਤੁਸੀਂ ਅੱਜ ਘਰ ਹੋ?" ਮੈਡਮ ਨੇ ਕਿਹਾ, "ਨਹੀਂ! ਮੈਂ ਸਕੂਲ 'ਚ ਆਂ।" ਮੈਂ ਫਿਰ ਪੁੱਛਿਆ, "ਕੀ ਦੇਵੀਕਾ ਘਰ 'ਚ ਇਕੱਲੀ ਤਾਂ ਨਹੀ?" ਮੈਡਮ ਨੇ ਜਵਾਬ ਦਿੱਤਾ, "ਨਹੀਂ! ਅੱਜ ਮੈਂ ਘਰ 'ਚ ਰਹਿਣ ਲਈ ਦੋਨੋਂ ਛੋਟੇ ਬੱਚਿਆਂ ਨੂੰ ਸਕੂਲ ਜਾਣ ਤੋਂ ਛੁੱਟੀ ਕਰਵਾ ਦਿੱਤੀ ਸੀ ਕਿਉਂਕਿ ਮੈਂ ਦੇਵੀਕਾ ਨੂੰ ਆਪਣੇ ਨਾਲ਼ ਹੀ ਸਕੂਲ ਜਾਣ ਲਈ ਕਿਹਾ ਸੀ, ਪਰ

ਉਹ ਨਾ ਮੰਨੀ। ਨਾਲ਼ੇ ਉਹ ਸਵੇਰੇ ਉਠਦੇ ਸਾਰ ਹੀ ਪੁੱਛ ਰਹੀ ਸੀ 'ਕੀ ਬਾਹਰ ਮੀਂਹ ਪੈ ਰਿਹਾ ਹੈ, ਕੀ ਬੱਦਲ ਹੋਏ ਹਨ? ਮੈਂ ਉਸਨੂੰ ਯਕੀਨ ਦੁਆਇਆ ਕਿ ਬਾਹਰ ਅਜਿਹਾ ਕੁਝ ਵੀ ਨਹੀਂ ਹੋ ਰਿਹਾ। ਅਜਿਹੀਆਂ ਗੱਲਾਂ ਉਹ ਬਾਰ-ਬਾਰ ਕਰੀ ਜਾ ਰਹੀ ਸੀ। ਮੀਂਹ ਪੈਣ ਅਤੇ ਬੱਦਲ ਦੇ ਨਿਸ਼ਾਨ ਉਹ ਬਾਹਰ ਨਿਕਲ਼ ਕੇ ਬਾਰ-ਬਾਰ ਦੇਖ ਰਹੀ ਸੀ।" ਪਰ ਉਸ ਦਿਨ ਕੋਈ ਬੱਦਲ ਨਹੀਂ ਹੋਇਆ ਤੇ ਨਾ ਹੀ ਮੀਂਹ ਪਿਆ। ਉਸ ਤੋਂ ਬਾਅਦ ਮੈਡਮ ਦਾ ਕੋਈ ਫੋਨ ਨਹੀਂ ਆਇਆ। ਲਗਭਗ ਇੱਕ ਮਹੀਨੇ ਬਾਅਦ ਮੈਂ ਆਪ ਹੀ ਦੇਵੀਕਾ ਦੀ ਹਾਲਤ ਬਾਰੇ ਉਸਦੀ ਮਾਂ (ਮੈਡਮ) ਨੂੰ ਫੋਨ ਕਰਕੇ ਪੁੱਛਿਆ ਤਾਂ ਉਸਨੇ ਬੜੀ ਖੁਸ਼ੀ ਨਾਲ ਦੱਸਿਆ, "ਦੇਵੀਕਾ ਹੁਣ ਪੂਰੀ ਤਰ੍ਹਾਂ ਠੀਕ ਹੋ ਗਈ ਹੈ। ਇਸਦੇ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ!"

ਵਿਆਖਿਆ :- ਤਰਕ ਅਤੇ ਮਨੋਵਿਗਿਆਨ' ਅਨੁਸਾਰ ਭਾਵੇਂ ਕਿਤੇ ਵੀ ਭੂਤਾਂ-ਪ੍ਰੇਤਾਂ, ਰੂਹਾਂ-ਬਦਰੂਹਾਂ, ਸ਼ੈਤਾਨਾਂ, ਦੁਸ਼ਟ ਆਤਮਾਵਾਂ ਅਤੇ ਗੈਬੀ-ਸ਼ਕਤੀਆਂ ਦੀ ਕੋਈ ਹੋਂਦ ਨਹੀਂ ਹੈ। ਫਿਰ ਵੀ ਸਾਡੀਆਂ ਰਾਜ ਕਰ ਰਹੀਆਂ ਸਰਕਾਰਾਂ ਨੇ 'ਵੋਟਾਂ' ਪ੍ਰਾਪਤ ਕਰਨ ਲਈ, ਜਾਣ-ਬੁਝ ਕੇ ਅਜਿਹੇ 'ਵਹਿਮਾਂ-ਭਰਮਾਂ ਤੇ ਅੰਧਵਿਸਵਾਸਾਂ' ਨੂੰ ਫੈਲਾਅ ਕੇ ਲੁੱਟਣ ਵਾਲੇ ਪਾਖੰਡੀ-ਲੁਟੇਰਿਆਂ ਦਾ ਸਾਥ ਦਿੱਤਾ ਹੈ। ਇਹ ਲੁਟੇਰੇ ਆਪਣੇ ਪਾਖੰਡ ਰਾਹੀਂ ਲੁੱਟਣ ਲਈ ਸਿਰਫ਼ ਦੋ ਗੱਲਾਂ ਦਾ ਹੀ ਸਹਾਰਾ ਲੈਂਦੇ ਹਨ, ਪਹਿਲਾਂ 'ਡਰ' ਅਤੇ ਦੂਜਾ 'ਲਾਲਚ'। ਜਿਸ ਵਿੱਚ ਇਹ ਮਨਘੜਤ 'ਨਰਕਾਂ' ਦਾ ਡਰ ਅਤੇ 'ਸਵਰਗਾਂ' ਦਾ ਲਾਲਚ ਦਿੰਦੇ ਹਨ। ਫਿਰ, ਜਿਸ ਨਾਲ ਇਹ ਆਪਣੀਆਂ ਮਨਘੜਤ ਕਹਾਣੀਆਂ ਤੇ ਗੱਲਾਂ-ਬਾਤਾਂ ਰਾਹੀਂ ਭੋਲ਼ੇ-ਭਾਲ਼ੇ ਲੋਕਾਂ ਨੂੰ ਲੁੱਟਣ ਲਈ 'ਹਿਪਨੋਟਾਇਜ' ਭਾਵ ਵਸ ਵਿੱਚ ਕਰਕੇ 'ਮਾਨਸਿਕ ਗੁਲਾਮ' (ਮਾਨਸਿਕ ਰੋਗੀ) ਬਣਾਕੇ ਆਪਣੇ 'ਮੱਕੜ ਜਾਲ਼' ਵਿੱਚ ਫਸਾ ਲੈਂਦੇ ਹਨ। ਦੇਵੀਕਾ ਤੇ ਉਸਦੇ ਘਰਦੇ ਵੀ ਇਸੇ ਮਕੜ-ਜਾਲ਼ ਵਿੱਚ ਫਸੇ ਹੋਏ ਸੀ। ਦੇਵੀਕਾ ਨੇ ਜਦੋਂ ਲੜਕੇ ਦਾ ਐਕਸੀਡੈਂਟ ਆਪਣੇ ਅੱਖੀਂ ਦੇਖਿਆ ਸੀ ਤਾਂ ਉਹ ਜਮਾਤੀ (ਕਲਾਸ ਫੈਲੋ) ਹੋਣ ਕਰਕੇ ਉਸਦੀ ਮੱਦਦ ਕਰਨਾ ਚਾਹੁੰਦੀ ਸੀ, ਪਰ ਕਿਸੇ ਮਜ਼ਬੂਰੀ ਕਰਕੇ ਉਹ ਅਜਿਹਾ ਨਹੀਂ ਕਰ ਸਕੀ, ਜਿਸਦਾ ਉਸਨੂੰ ਬਹੁਤ ਦੁੱਖ ਸੀ, ਜਿਸ ਕਰਕੇ ਉਹ ਆਪਣੇ-ਆਪ ਨੂੰ ਉਸਦੀ ਮੌਤ ਦਾ ਦੋਸ਼ੀ ਮਹਿਸੂਸ ਕਰਨ ਲੱਗ ਪਈ ਸੀ। ਉਸਨੂੰ ਇਹ ਭਰਮ ਹੋ ਗਿਆ ਸੀ ਕੇ ਲੜਕਾ ਹੁਣ ਉਸਤੋਂ ਬਦਲਾ ਲਵੇਗਾ। ਇਸ ਦੋਸ਼ ਵਾਲੀ ਭਾਵਨਾ ਨੇ ਹੀ ਉਸਦਾ ਕਮਜ਼ੋਰ ਮਨ ਹਿਲਾ ਕੇ ਰੱਖ ਦਿੱਤਾ ਤੇ ਉਹ ਬਹੁਤ ਪ੍ਰੇਸ਼ਾਨ ਰਹਿਣ ਲੱਗ ਪਈ ਸੀ ਕਿਉਂਕਿ ਇਸ ਦੋਸੀ-ਭਾਵਨਾ ਨੇ ਹੀ ਉਸਦੇ 'ਅਚੇਤ ਮਨ' ਵਿੱਚ ਆਪਣੀ ਖਾਸ ਥਾਂ ਬਣਾ ਲਈ ਸੀ ਤੇ ਉਹ ਅਰਧ-ਸੁਚੇਤ ਰਹਿਣ ਲੱਗ ਪਈ ਸੀ। ਇਸ ਲਈ ਉਹ ਇਸ ਪ੍ਰੇਸ਼ਾਨੀ ਨਾਲ ਜੁੜੀਆਂ ਹੋਈਆਂ ਗੱਲਾਂ ਬਾਰ-ਬਾਰ ਕਰਦੀ ਰਹਿੰਦੀ ਸੀ। ਕਿਉਂਕਿ ਉਸਦੇ ਦੋਸ਼ੀ ਮਨ ਨੂੰ ਕਿਤੇ ਵੀ ਟਕਾਅ ਨਹੀਂ ਸੀ ਆਉਂਦਾ। ਜਿਸ ਕਰਕੇ ਉਹ ਆਪਣੇ ਨਾਨਕੇ ਪਿੰਡ ਅਤੇ ਫੌਰਨ ਕੰਟਰੀ 'ਚ ਵੀ ਨਹੀਂ ਸੀ ਟਿਕ ਸਕੀ। ਇਸ ਕਰਕੇ ਉਸਨੂੰ ਨੀਂਦ ਵੀ ਨਹੀਂ ਸੀ ਆਉਂਦੀ। ਪ੍ਰੇਸ਼ਾਨ ਰਹਿਣ ਕਰਕੇ ਉਸਦੇ ਦਿਮਾਗੀ 'ਨਿਊਰੋਨਜ਼' ਸੈਲਾਂ ਵਿੱਚ ਗੜਬੜ ਪੈਦਾ ਹੋ ਗਈ। ਇਸ ਗੜਬੜ ਨੇ ਹੀ ਉਸਨੂੰ ਨੀਮ-ਪਾਗਲਾਂ (ਮਨੋਰੋਗ) ਵਾਲੀ ਹਾਲਤ 'ਚ ਪਹੁੰਚਾ ਦਿੱਤਾ ਸੀ। ਇਸ ਲਈ ਉਹ ਆਪਣੇ ਹੀ ਖਿਆਲਾਂ ਕਰਕੇ ਲੜਕੇ ਵੱਲੋਂ ਬਦਲੇ ਦੀ ਭਾਵਨਾ ਨਾਲ ਸਜਾ ਪ੍ਰਾਪਤ ਕਰਕੇ ਤੰਗ-ਪ੍ਰੇਸ਼ਾਨ ਹੋਣ ਲਗ ਪਈ ਸੀ। ਮਨੋਰੋਗ ਕਾਰਨ ਕਿਸੇ ਗੈਬੀ ਰੂਹ (ਭੂਤ) ਵੱਲੋਂ ਸਿਰ 'ਚ ਮਾਰਨ ਦਾ ਅਨੁਭਵ, ਉਸ ਲੜਕੇ ਵਲੋਂ ਬਦਲੇ ਦੀ ਭਾਵਨਾ ਦੀ ਪੂਰਤੀ ਹੀ ਸੀ, ਜਿਸ ਕਰਕੇ ਉਹ ਧੜੱਮ ਕਰਕੇ ਡਿੱਗ ਪਈ ਸੀ, ਉਸਦੇ ਸਿਰ 'ਚ ਲੱਗੀ ਸੱਟ ਕਿਸੇ ਭੂਤ ਕਰਕੇ ਨਹੀਂ ਸੀ, ਉਹ ਜਮੀਨ ਤੇ ਡਿੱਗ ਜਾਣ ਕਰਕੇ ਸੀ। ਮਾਨਸਿਕ ਰੋਗਾਂ ਦੇ ਡਾਕਟਰ ਨੂੰ ਚਾਹੀਦਾ ਸੀ ਕਿ ਉਹ ਇਸਨੂੰ ਕੁਝ ਖਾਣ ਲਈ 'ਦਵਾਈ' ਵੀ ਦਿੰਦਾ ਰਹਿੰਦਾ, ਜਿਸ ਨਾਲ ਉਸਦੇ 'ਦਿਮਾਗੀ ਸੈੱਲਾਂ' ਦੀ ਗੜਬੜ ਠੀਕ ਹੋ ਜਾਂਦੀ ਤੇ ਉਹ ਵਧੀਆ ਨੀਂਦ ਸੌਂ ਸਕਦੀ ਪਰ ਡਾਕਟਰ ਨੇ ਅਜਿਹਾ ਨਹੀਂ ਕੀਤਾ।

ਪਾਦਰੀ ਨੇ ਜਦੋਂ ਇਹ ਆਖਿਆ ਕਿ ਇਹ ਕੰਮ ਸ਼ੈਤਾਨ (ਭੂਤ) ਅਤੇ ਦੁਸ਼ਟ-ਆਤਮਾ ਦਾ ਹੈ ਤਾਂ ਉਸਦੇ ਇਸ ਵਿਚਾਰ ਨੇ ਉਸਦੇ 'ਪਾਗਲ ਮਨ' (ਮਨੋਰੋਗ) ਨੂੰ ਹੋਰ ਵਧਾਉਣ 'ਚ ਯੋਗਦਾਨ ਪਾਇਆ ਪਾਦਰੀ ਉਤੇ ਯਕੀਨ ਕਰਕੇ ਉਹ ਮਰੇ ਲੜਕੇ ਦੇ ਭੂਤ ਦੇ 'ਦ੍ਰਿਸ਼ਟੀ ਭਰਮ' ਭਾਵ ਨਜ਼ਰ ਦੇ ਭੁਲੇਖੇ ਦਾ ਸ਼ਿਕਾਰ ਹੋ ਗਈ ਸੀ। ਜਿਸਨੂੰ ਮਨੋਵਿਗਿਆਨ 'ਚ ਬਹੁਤ ਗੰਭੀਰ ਮਾਨਸਿਕ ਰੋਗ 'ਸ਼ਕੀਜ਼ੋਫਰੇਨੀਆ' ਆਖਦੇ ਹਨ। 'ਸਕੀਜ਼ੋਫਰੇਨੀਆ' ਕਰਕੇ, ਭਾਵੇਂ ਇਹ ਸਾਰਾ ਕੁਝ ਉਸਦੇ ਆਪਣੇ ਖਿਆਲਾਂ ਕਰਕੇ ਹੀ ਉਸ ਨਾਲ ਹੋ ਰਿਹਾ ਸੀ, ਫਿਰ ਵੀ ਅੰਤਰ ਮੁਖੀ ਤੌਰ ਤੇ ਉਸਦੇ ਆਪਣੇ ਲਈ ਪੂਰੀ ਸੱਚਾ ਸੀ ਅਤੇ ਬਾਹਰ ਮੁਖੀ ਤੌਰ ਤੇ ਦੂਜਿਆਂ ਲਈ ਇਹ ਪੂਰੀ ਤਰ੍ਹਾਂ ਝੂਠਾ ਸੀ। ਜਦ ਮੈਂ ਉਸਨੂੰ ਸੰਮੋਹਨ (ਹਿਪਨੋਟਿਜਮ) ਸੁਝਾਅ ਦੇ ਕੇ ਉਸ ਦੇ 'ਅਰਧ-ਸੁਚੇਤ 'ਮਨ ਵਿੱਚੋਂ 'ਦੋਸ਼ੀ-ਭਾਵਨਾ' ਦਾ ਉਹ ਵਿਚਾਰ ਜੋ ਉਸਦੇ 'ਅਚੇਤ' ਮਨ 'ਚ ਖਾਸ ਥਾਂ ਬਣਾ ਚੁੱਕਾ ਸੀ, ਉਸਨੂੰ ਖਤਮ ਕਰ ਦਿੱਤਾ ਤਾਂ ਉਹ 'ਸੁਚੇਤ' ਮਨ ਹੋ ਕੇ ਖੁਸ਼ ਰਹਿਣ ਲੱਗ ਗਈ।

ਇਸ ਦੇ ਨਾਲ਼ ਹੀ ਜਦੋਂ ਮੈਂ ਪਾਦਰੀ ਦੇ ਭੂਤਾਂ-ਪ੍ਰੇਤਾਂ, ਸ਼ੈਤਾਨਾਂ ਅਤੇ ਦੁਸ਼ਟ-ਆਤਮਾਵਾਂ' ਵਾਲ਼ੇ ਖਤਰਨਾਕ ਵਿਚਾਰਾਂ ਨੂੰ ਆਪਣੀਆਂ 'ਤਰਕਸ਼ੀਲ ਤੇ ਵਿਗਿਆਨਕ' ਕਹਾਣੀਆਂ ਤੇ ਗੱਲਾਂ ਬਾਤਾਂ (ਦਲੀਲਾਂ) ਨਾਲ ਖਤਮ ਕਰ ਦਿੱਤਾ ਤਾਂ ਉਸਨੂੰ ਇਹ ਪੱਕਾ ਯਕੀਨ ਹੋ ਗਿਆ ਕਿ ਅਜਿਹਾ ਕੁਝ ਵੀ ਨਹੀਂ ਹੁੰਦਾ ਤੇ ਇਹ ਸਭ ਕੁੱਝ ਉਸਦੇ 'ਮਾਨਸਿਕ ਰੋਗ' (ਆਪਣੇ ਹੀ ਖਿਆਲਾਂ) ਕਰਕੇ ਦ੍ਰਿਸ਼ਟੀ-ਭਰਮ (ਨਜ਼ਰ ਦਾ ਭੁਲੇਖਾ) ਹੀ ਹੈ ਤਾਂ ਉਹ ਹੌਲ਼ੀ-ਹੌਲ਼ੀ ਆਪਣੇ ਆਪ ਹੀ ਠੀਕ ਹੋ ਗਈ। ਜੇਕਰ ਉਸ ਦਿਨ ਅਚਾਨਕ (ਕੁਦਰਤੀ) ਮੀਂਹ ਪੈ ਵੀ ਜਾਂਦਾ ਤਾਂ ਵੀ ਉਸਨੂੰ 'ਮਰੇ ਹੋਏ ਲੜਕੇ ਦਾ ਭੂਤ' ਦਿਖਾਈ ਨਹੀਂ ਸੀ ਦੇਣਾ, ਕਿਉਂਕਿ ਉਹ ਸੁਚੇਤ ਤੌਰ 'ਤੇ ਠੀਕ ਹਾਲਤ 'ਚ ਉਸਦੇ ਆਉਣ ਦੀ ਪਰਖ (ਤਰਕ) ਕਰ ਰਹੀ ਸੀ। ਜੇਕਰ ਮੈਂ ਉਸਨੂੰ 'ਹਿਪਨੋਟਿਜਮ' (ਵਸ ਵਿੱਚ ਕਰਨ) ਵਾਲ਼ੇ ਯੋਗ ਸੁਝਾਅ ਦੇਕੇ ਉਸਦੇ 'ਅਚੇਤ' ਮਨ 'ਚੋਂ ਦੋਸ਼ੀ ਭਾਵਨਾ ਵਾਲ਼ੇ ਵਿਚਾਰ ਖਤਮ ਨਾ ਕਰਦਾ ਤਾਂ ਉਸਨੇ ਤੇ ਉਸਦੇ ਘਰਦਿਆਂ ਨੇ ਈਸਾਈ ਧਰਮ ਦੇ ਪਾਦਰੀ (ਪਾਸ਼ਟਰ) ਮਗਰ ਲੱਗਕੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਦੀ ਖਤਰਨਾਕ ਦਲਦਲ 'ਚ ਬੁਰੀ ਤਰ੍ਹਾਂ ਫਸ ਕੇ 'ਚਰਚ' ਜਾਣ ਲੱਗ ਪੈਣਾ ਸੀ। ਉੱਥੇ ਅਖੌਤੀ 'ਪ੍ਰਾਰਥਾਨਾਵਾਂ' ਕਰਦਿਆਂ ਪਾਦਰੀ ਕੋਲ਼ੋਂ ਆਪਣੀ ਸਰੀਰਕ, ਮਾਨਸਿਕ, ਆਰਥਿਕ ਤੇ ਸਮਾਜਿਕ ਲੁੱਟ ਕਰਵਾਉਣ ਲੱਗ ਪੈਣਾ ਸੀ। ਭਾਵੇਂ ਮੈਂ ਉਨ੍ਹਾਂ ਨੂੰ ਅਖੌਤੀ 'ਡੇਰੇ' ਦੇ ਚੱਕਰਾਂ ਤੋਂ ਵੀ ਮੁਕਤ ਕਰਾ ਕੇ 'ਵਿਗਿਆਨਕ ਤੇ ਤਰਕਸ਼ੀਲ' ਸੋਚ ਵੱਲ ਲਾਉਣ ਦਾ ਯਤਨ ਕੀਤਾ ਪਰ ਅਫਸੋਸ ਉਨ੍ਹਾਂ ਦੇ ਇਸ ਵੱਲ ਭੋਰਾ ਭਰ ਵੀ ਧਿਆਨ ਦੇਣ ਤੋਂ ਮਨਾ ਕਰ ਦਿੱਤਾ। ਦੇਵੀਕਾ ਦੇ ਠੀਕ ਹੋਣ ਤੋਂ ਬਾਅਦ ਉਸਦੇ ਪਿਤਾ ਨੇ ਵੀ ਮੇਰਾ ਧੰਨਵਾਦ ਕਰਦਿਆਂ ਆਖਿਆ ਸੀ, "ਤੁਹਾਡੀ ਕਿਰਪਾ ਨਾਲ਼ ਹੀ ਅੱਜ ਸਾਡੀ ਲੜਕੀ ਠੀਕ ਹੋ ਸਕੀ ਹੈ।"

**ਸੂਚਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਧਰਮਗੁਰੂ ਦਾ ਖਰੀਦ-ਫਰੋਖ਼ਤ/ ਮਾਰਕੀਟਿੰਗ ਮੇਲਾ



ਮੂਲ ਲੇਖਕ : ਜਗਦੀਸ਼ ਪੰਵਾਰ
ਅਨੁਵਾਦਕ : ਪਵਨ ਕੁਮਾਰ ਰੱਤੋ

ਸਰਕਾਰੀ ਮਸ਼ੀਨਰੀ, ਸੈਨਾ ਅਤੇ ਵਾਤਾਵਰਨ ਨੂੰ ਤਾਕ ਉੱਤੇ ਰੱਖ ਕੇ ਯੋਜਨਾ-ਬੱਧ ਕੀਤਾ ਗਿਆ ਸ਼੍ਰੀ ਸ਼੍ਰੀ ਰਵੀਸ਼ੰਕਰ ਦਾ ਸੰਸਕ੍ਰਿਤਕ ਉਤਸਵ ਇੱਕ ਧਰਮਗੁਰੂ ਦੇ ਖਰੀਦਵੇਚ ਮੇਲੇ ਦੇ ਇਲਾਵਾ ਕੁੱਝ ਨਹੀਂ ਸੀ। ਜਿਥੇ ਨਾਚਗਾਣੇ ਅਤੇ ਮੰਤਰਾਂ ਉਚਾਰਾਂ ਦੀ ਧੁਨ ਵਿੱਚ ਧਰਮ ਅਤੇ ਅੰਧਭਗਤੀ ਦੇ ਗੀਤ ਗਾਏ ਗਏ। ਕਰੋੜਾਂ ਰੁਪਏ ਵਹਾ ਕੇ ਆਯੋਜਿਤ ਕੀਤੇ ਗਏ ਇਸ ਬਹਿਸਯੋਗ ਆਯੋਜਨ ਦੀ ਲੇਖਕ ਜਾਂਚ ਕਰ ਰਿਹਾ ਹੈ।

ਦੁਨੀਆਂ ਭਾਵੇਂ ਹੀ ਧਰਮਯੁੱਧ ਦੇ ਕਗਾਰ ਉੱਤੇ ਖੜ੍ਹੀ ਹੋਵੇ, ਅਰਬ ਦੇਸ਼ਾਂ ਤੋਂ ਲੈਕੇ ਯੋਰਪ ਤੱਕ ਧਰਮਾਂ ਦੇ ਵਿੱਚ ਲੜਾਈ ਛਿੜੀ ਹੋਵੇ ਪਰ ਧਰਮਗੁਰੂ ਅਜਿਹੇ ਹਾਲਾਤ ਵਿੱਚ ਵੀ ਸੰਸਕ੍ਰਿਤੀ ਨਾਲ ਸੰਬੰਧਤ ਉਤਸਵ ਦੇ ਨਾਂ ਉੱਤੇ ਆਪਣੇ ਪ੍ਰਚਾਰ ਦਾ ਢੋਲ ਵਜਾਉਣ ਤੋਂ ਬਾਜ਼ ਨਹੀਂ ਆਉਂਦੇ ਹਨ। ਧਰਮਗੁਰੂ ਧਰਮ ਅਤੇ ਸੱਭਿਆਚਾਰ ਦੇ ਨਾਂ ਉੱਤੇ ਆਪਣੇ ਪ੍ਰਚਾਰ ਤੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਜ਼ਮਾਉਣ ਵਿੱਚ ਪਿੱਛੇ ਨਹੀਂ ਰਹੇ। ਪ੍ਰਚਾਰ ਦੇ ਜ਼ੋਰ/ਬਲ ਉੱਤੇ ਭਾਰਤ ਦੇ ਕਈ ਗੁਰੂ ਸੰਸਾਰ ਵਿੱਚ ਪ੍ਰਸਿੱਧ ਹੋ ਰਹੇ ਹਨ। ਹਾਲ ਦੀ ਘੜੀ ਸਾਂਸਕ੍ਰਿਤਕ ਏਕਤਾ ਦੇ ਨਾਂ ਉੱਤੇ ਸੰਸਾਰ ਭਾਈਚਾਰੇ ਦਾ ਢੋਲ ਵਜਾਇਆ ਜਾ ਰਿਹਾ ਹੈ।

ਦਿੱਲੀ ਦੇ ਯਮੁਨਾ ਕਿਨਾਰੇ ਉੱਤੇ ਚੱਲੇ ਤਿੰਨ ਦਿਨ੍ਹਾਂ ਦੇ ਸੰਸਾਰ ਸਾਂਸਕ੍ਰਿਤਕ ਮਹਾਂਉਤਸਵ ਵਿੱਚ ਕਲਾ ਅਤੇ ਸੰਸਕ੍ਰਿਤੀ ਦੇ ਨਾਂ ਉੱਤੇ ਨਾਚਗਾਣਿਆਂ ਦੀ ਆੜ ਵਿੱਚ ਆਰਟ ਆਫ਼ ਲਿਵਿੰਗ Art of living (ਜੀਵਨ ਸ਼ੈਲੀ ਵੀ ਕਲਾ) ਦੇ ਬਾਨੀ ਸ਼੍ਰੀ ਸ਼੍ਰੀ ਰਵੀਸ਼ੰਕਰ ਨੇ ਨਾਚ ਗਾਉਣ ਦੇ ਸਹਾਰੇ ਧਰਮ ਅਤੇ ਸੱਭਿਆਚਾਰ ਦਾ ਖ਼ੂਬ ਵਰਨਣ ਕੀਤਾ। ਨਾਚ, ਗਾਉਣ ਦੇ ਨਾਂ ਉੱਤੇ ਹਜ਼ਾਰਾਂ ਸਾਲ ਪੁਰਾਣੇ ਵੇਦ ਮੰਤਰ ਪੜ੍ਹੇ ਗਏ, ਸ਼ਲੋਕ ਗਾਏ ਗਏ। ਰਾਜਸੱਤਾ ਤੋਂ ਲੈ ਕੇ ਧਰਮਗੁਰੂ ਅਤੇ ਆਮ ਅੰਧਭਗਤ ਧਰਮ ਦੇ ਨਸ਼ੇ ਵਿੱਚ ਖ਼ੂਬ ਲੋਟਪੋਟ ਹੁੰਦੇ ਦਿਖਾਈ ਦਿੱਤੇ। ਕੇਂਦਰੀ ਸਰਕਾਰ ਦੇ ਸਮੁੱਚੇ ਮੰਤਰੀ ਮੰਡਲ ਸਮੇਤ ਦੁਨੀਆਂ ਭਰ ਦੇ ਭਗਤਾਂ ਨੇ ਸ਼੍ਰੀ ਸ਼੍ਰੀ ਵੱਧ ਚੜ੍ਹ ਕੇ ਜੈ ਜੈਕਾਰ ਕੀਤੀ।

ਇਹ ਗੱਲ ਹੋਰ ਹੈ ਕਿ ਉਹ ਅਲਗ-ਅਲਗ ਧਰਮਾਂ, ਜਾਤਾਂ ਵਰਗਾਂ ਅਤੇ ਵਿਚਾਰ ਧਾਰਾਵਾਂ ਵਿੱਚ ਵੰਡੇ ਭਾਰਤ ਵਿੱਚ ਭਾਈਚਾਰਾ, ਸ਼ਾਂਤੀ ਕਾਇਮ ਨਹੀਂ ਕਰ ਸਕੇ। ਦੇਸ਼ ਭਰ ਵਿੱਚ ਰੋਜ਼ਾਨਾ ਲੜਾਈ, ਖ਼ੂਨਖਰਾਬਾ ਹੋ ਰਿਹਾ ਹੋਵੇ, ਫੇਰ ਵੀ ਮਹਾਨਤਾ ਦੀ ਮਾਲਾ ਜਪੀ ਗਈ। 'ਵਸੁਧੈਵ ਕੁਟੰਬਕਮ' ਦਾ ਰਾਗ ਅਲਾਪਿਆ ਗਿਆ।

11 ਤੋਂ 13 ਮਾਰਚ ਨੂੰ ਕੇਂਦਰ ਦੀ ਧਾਰਮਕ ਸਰਕਾਰ ਦੀ ਸੁਰੱਖਿਆ ਵਿੱਚ ਆਰਟ ਔਫ ਲਿਵਿੰਗ ਦੇ ਬਾਨੀ ਧਰਮਗੁਰੂ ਸ਼੍ਰੀ ਸ਼੍ਰੀ ਰਵੀਸ਼ੰਕਰ ਦੀ ਅਗਵਾਈ ਵਿੱਚ ਹੋਇਆ ਸੰਸਾਰ ਸਾਂਸਕ੍ਰਿਤਕ ਮਹਾਂਉਤਸਵ ਸ਼ੁਰੂ ਤੋਂ ਹੀ ਝਗੜਿਆਂ/ਵਿਵਾਦਾਂ ਵਿੱਚ ਘਿਰਿਆ ਰਿਹਾ। ਸ਼ੁਰੂਆਤ ਯਮੁਨਾ ਕਿਨਾਰੇ ਉੱਤੇ ਪ੍ਰਬੰਧ ਦੇ ਝਗੜੇ ਨਾਲ ਹੋਈ। ਮਹਾਂਉਤਸਵ ਉਂਜ ਤਾਂ ਸ਼੍ਰੀ ਸ਼੍ਰੀ (ਆਦਰ-ਬੋਧਕ ਸ਼ਬਦ) ਰਵੀਸ਼ੰਕਰ ਦਾ ਇੱਕ ਨਿਜੀ ਪ੍ਰੋਗਰਾਮ ਸੀ ਪਰੰਤੂ ਇਸਦੇ ਪ੍ਰਬੰਧ ਵਿੱਚ ਸਾਰੀ ਸਰਕਾਰੀ ਮਸ਼ੀਨਰੀ ਜੁਟੀ ਰਹੀ। ਦੇਸ਼ ਦੀ ਸਰਕਾਰ ਨੇ ਸੈਨਾ ਤਕ ਨੂੰ ਸ਼੍ਰੀ ਸ਼੍ਰੀ ਦੀ ਸੇਵਾ ਵਿੱਚ ਲਗਾ ਦਿੱਤਾ। ਸੈਨਾ ਨੇ ਫੌਰਨ/ਝਟਪਟ ਸਟੇਜ ਵਾਲੀ ਥਾਂ ਤਕ ਪਹੁੰਚਣ ਦੇ ਲਈ ਯਮੁਨਾ ਨਦੀ ਉੱਤੇ ਪੁੱਲ ਬਣਾਇਆ ਅਤੇ ਪ੍ਰੋਗਰਾਮ ਦੇ ਦੌਰਾਨ ਸੈਨਾ ਦੇ ਜਵਾਨ ਤੈਨਾਤ ਰਹੇ।

ਯਮੁਨਾ ਜਿਓ ਮੁਹਿੰਮ ਦੇ ਸੰਚਾਲਕ ਅਤੇ ਵਾਤਾਵਰਨਵਿਦ ਮਨੋਜ-ਮਿਸ਼ਰ ਜੀ ਵੱਲੋਂ ਨੈਸ਼ਨਲ ਗਰੀਨ ਟ੍ਰਿਬਿਊਨਲ ਯਾਨੀ ਐਨਜੀਟੀ ਵਿੱਚ ਪ੍ਰੋਗਰਾਮ ਨੂੰ ਚੁਨੌਤੀ ਦਿੱਤੀ ਗਈ। ਅਪੀਲ ਵਿੱਚ ਕਿਹਾ ਗਿਆ ਕਿ ਸ਼੍ਰੀ ਸ਼੍ਰੀ ਰਵੀਸ਼ੰਕਰ ਦੀ ਸੰਸਥਾ ਆਰਟ ਔਫ਼ ਲਿਵਿੰਗ ਯਮੁਨਾ ਦੇ ਕਿਨਾਰੇ ਸੰਸਾਰ ਸਾਂਸਕ੍ਰਿਤਕ ਮਹਾਂਉਤਸਵ ਦਾ ਜੋ ਪ੍ਰੋਗਰਾਮ ਕਰ ਰਹੀ ਹੈ ਉਸ ਤੋਂ ਵਾਤਾਵਰਨ ਨੂੰ ਭਾਰੀ ਨੁਕਸਾਨ ਹੋਵੇਗਾ। ਪ੍ਰੋਗਰਾਮ ਵਾਲੀ ਥਾਂ ਉੱਤੇ ਦਰੱਖਤ ਪੌਦੇ ਵੱਢੇ ਜਾ ਰਹੇ ਹਨ, ਥਾਂ ਨੂੰ ਸਮਤਲ ਕੀਤਾ ਜਾ ਰਿਹਾ ਹੈ ਅਤੇ ਦੂਸ਼ਿਤ ਚੀਜ਼ਾਂ ਯਮੁਨਾ ਵਿੱਚ ਸੁੱਟੀਆਂ ਜਾ ਰਹੀਆਂ ਹਨ।

**ਧਰਮ ਬਨਾਮ ਕਾਨੂੰਨ** : ਇਸ ਉੱਤੇ ਐਨਜੀਟੀ ਨੇ ਦਿੱਲੀ ਸਰਕਾਰ, ਦਿੱਲੀ ਵਿਕਾਸ ਪ੍ਰਾਥਿਕਰਣ ਅਤੇ ਆਰਟ ਔਫ਼ ਲਿਵਿੰਗ ਦੇ ਸ਼੍ਰੀ ਸ਼੍ਰੀ ਰਵੀਸ਼ੰਕਰ ਨੂੰ ਨੋਟਿਸ ਜਾਰੀ ਕੀਤਾ।

ਇਸ ਦੇ ਇਲਾਵਾ ਯਮੁਨਾ ਦੇ ਡੂਬ ਵਾਲੇ ਖੇਤਰ ਵਿੱਚ ਇਸ ਪ੍ਰੋਗਰਾਮ ਦੀ ਮੰਨਜ਼ੂਰੀ ਦੇਣ ਤੋਂ ਲੈ ਕੇ ਲੋਕ ਨਿਰਮਾਣ ਵਿਭਾਗ, ਪੁਲਿਸ ਅਤੇ ਸੈਨਾ ਦੀ ਵਰਤੋਂ ਤੱਕ ਕਈ ਸਵਾਲ ਉੱਠਾਏ ਗਏ। ਸੱਭ ਤੋਂ ਗੰਭੀਰ ਸਵਾਲ ਯਮੁਨਾ ਦੇ ਨਾਲ ਹੋ ਰਹੇ ਖਿਲਵਾੜ ਦਾ ਸੀ। ਇਸ ਪ੍ਰੋਗਰਾਮ ਤੋਂ ਇੱਥੋਂ ਦੀ ਜੈਵ-ਪਾਰਿਸਥਿਤੀ ਨੂੰ ਹੋਣ ਵਾਲੇ ਨੁਕਸਾਨ ਅਤੇ ਕਿਸਾਨਾਂ ਦੀ ਉਜਾੜੀ ਗਈ ਫ਼ਸਲ ਵਰਗੇ ਮਹੱਤਵਪੂਰਨ ਸਵਾਲ ਉੱਠੇ ਸਨ। ਸ਼੍ਰੀ ਸ਼੍ਰੀ ਨੇ ਐਨਜੀਟੀ ਦੇ ਹੁਕਮ ਨੂੰ ਮੰਨਣ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਜਿਸ ਵਿੱਚ ਉਹਨਾਂ ਉੱਤੇ 5 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਸੀ। ਯਾਨੀ ਧਰਮ ਅਤੇ ਧਰਮਗੁਰੂ ਹਮੇਸ਼ਾਂ ਤੋਂ ਆਪਣੇ ਆਪ ਨੂੰ ਕਾਨੂੰਨ ਦੀ ਕਿਸੇ ਸੀਮਾ/ਹੱਦ ਵਿੱਚ ਨਹੀਂ ਮੰਨਦੇ ਹਨ। ਇਹ ਸਵਾਲ ਵੀ ਉੱਠਿਆ ਕਿ ਕੀ ਸੁਪਰੀਮ ਕੋਰਟ ਦੇ ਬਰਾਬਰ ਅਦਾਲਤ ਦੇ ਹੁਕਮ ਨੂੰ ਨਾ ਮੰਨਣ ਵਾਲੇ ਬੰਦੇ ਦੇ ਪ੍ਰੋਗਰਾਮ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਜਾਣਾ ਚਾਹੀਦਾ? ਇਸ ਮਾਮਲੇ ਵਿੱਚ ਕੋਈ ਵੀ ਦੇਸ਼ ਭਗਤ ਅਦਾਲਤ ਦੀ ਮਾਣਹਾਨੀ ਦਾ ਮਾਮਲਾ ਦਰਜ ਕਰਾਉਣ ਨਾ ਤਾਂ ਅੱਗੇ ਆਇਆ, ਨਾ ਕੋਈ ਅਜਿਹੀ ਗੱਲ ਹੀ ਕਰ ਰਿਹਾ ਹੈ।

ਪ੍ਰੋਗਰਾਮ ਨੂੰ ਲੈ ਕੇ ਸੰਸਦ ਵਿੱਚ ਵੀ ਸਰਕਾਰ ਨੂੰ ਘੇਰਿਆ ਗਿਆ। ਚੰਗਾ ਹੋਇਆ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਪ੍ਰੋਗਰਾਮ ਦਾ ਸੱਦਾਪੱਤਰ ਨਾ-ਮੰਜ਼ੂਰ ਕਰ ਦਿੱਤਾ ਸੀ। ਮਜ਼ੇ ਦੀ ਗੱਲ ਸੀ ਕਿ ਪ੍ਰੋਗਰਾਮ ਦੇ ਪ੍ਰਬੰਧਕ, ਹਿਮਾਇਤੀ ਅਤੇ ਕਾਨੂੰਨੀ ਪੈਰੋਕਾਰ ਇਹਨਾਂ ਸਵਾਲਾਂ ਦੇ ਜਵਾਬਾਂ ਅਤੇ ਤਰਕਾਂ ਨੂੰ ਇਸ ਤਰ੍ਹਾਂ ਪੇਸ਼ ਕਰ ਰਹੇ ਸਨ ਮੰਨ ਲਉ ਯਮੁਨਾ ਨਦੀ ਉਹਨਾਂ ਦੀ ਨਿਜੀ ਜਾਇਦਾਦ ਹੈ ਅਤੇ ਉਹ ਕੁੱਝ ਗਲਤ ਕਰ ਹੀ ਨਹੀਂ ਸਕਦੇ। ਤਰਕ ਦਿੱਤੇ ਜਾ ਰਹੇ ਹਨ ਕਿ ਅਕਸ਼ਰ ਧਾਮ ਮੰਦਰ ਅਤੇ ਡੀਟੀਸੀ ਦਾ ਮਿਲੇਨਿਯਮ ਬੱਸ ਡਿਪੋ ਵੀ ਯਮੁਨਾ ਖਾਦਰ ਖੇਤਰ ਉੱਤੇ ਹੀ ਬਣਿਆਂ ਹੈ, ਉਸ ਨਾਲ ਕੀ ਨੁਕਸਾਨ ਹੋਇਆ।

ਐਨਜੀਟੀ ਨੇ ਪਿਛਲੇ 25 ਸਾਲਾਂ ਤੋਂ ਹੜ੍ਹ ਖੇਤਰ ਦੇ ਅੰਦਰ ਕਿਸੇ ਵੀ ਤਰ੍ਹਾਂ ਆਯੋਜਨ ਅਤੇ ਨਿਰਮਾਣ/ ਉਸਾਰੀ ਦੀ ਮਨ੍ਹਾਹੀ ਕੀਤੀ ਹੋਈ ਹੈ।

ਪ੍ਰਬੰਧਕਾਂ ਦਾ ਕਹਿਣਾ ਸੀ ਕਿ ਵਾਤਾਵਰਣ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਇਆ ਜਾ ਰਿਹਾ ਪਰੰਤੂ ਹਜ਼ਾਰ ਏਕੜ ਜਮੀਨ ਨੂੰ ਪ੍ਰੋਗਰਾਮ ਦੇ ਲਾਇਕ ਬਣਾਉਣ ਦੇ ਲਈ ਫਸਲ ਬਰਬਾਦ ਕਰ ਦਿੱਤੀ ਗਈ ਹੈ। ਇਸ ਦੇ ਲਈ ਲਗਭਗ 200 ਕਿਸਾਨ ਇਸ ਤੋਂ ਪ੍ਰਭਾਵਿਤ ਹੋਏ ਹਨ। ਉਹਨਾਂ ਨੂੰ ਨੁਕਸਾਨ ਦਾ ਕਾਫ਼ੀ ਮੁਆਵਜਾ ਨਹੀਂ ਦਿੱਤਾ ਗਿਆ। ਬਹੁਤ ਸਾਰਾ ਕਚਰਾ ਪਾ ਕੇ ਨਦੀ ਦੇ ਕਿਨਾਰੇ ਦੇ ਖੱਡਿਆਂ ਨੂੰ ਭਰਿਆ ਗਿਆ ਅਤੇ ਜਮੀਨ ਸਮਤਲ ਕੀਤੀ ਗਈ। ਦਾਅਵਾ ਕੀਤਾ ਗਿਆ ਕਿ ਦੁਨੀਆਂ ਦੇ 155 ਦੇਸ਼ਾਂ ਦੇ ਲੋਕ ਆਏ। 35 ਲੱਖ ਦਰਸ਼ਕਾਂ ਸਮੇਤ ਕਈ ਅਤਿਵਿਸ਼ੇਸ਼ ਮਹਿਮਾਨਾਂ ਦੇ ਲਈ ਸ਼ਾਨਦਾਰ ਸਟੇਜ, ਦਰਸ਼ਕ ਦੀਰਘਾ ਦੀ ਉਸਾਰੀ ਕੀਤੀ ਗਈ। ਕਰੀਬ 650 ਮੋਬਾਇਲ ਮਲਤਿਆਗ ਪ੍ਰਬੰਧ ਸਥਾਨ ਉੱਤੇ ਬਣਾਏ ਗਏ, ਜੋ ਨਦੀ ਕਿਨਾਰੇ ਉੱਤੇ ਹੀ ਸਨ। ਉਹਨਾਂ ਦਾ ਮਲ ਆਖਰਕਾਰ ਨਦੀ ਵਿੱਚ ਹੀ ਗਿਆ। ਹਜ਼ਾਰਾਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ ਕੀਤਾ ਗਿਆ। 3 ਦਿਨਾਂ ਦੇ ਪ੍ਰੋਗਰਾਮ ਦੇ ਲਈ ਆਸਪਾਸ ਦੇ ਇਲਾਕਿਆਂ ਦੀ ਆਵਾਜਾਈ ਪ੍ਰਬੰਧ ਪ੍ਰਭਾਵਿਤ ਹੋਇਆ ਅਤੇ ਇਹਨਾਂ ਸੱਭ ਤੋਂ ਸ਼ੋਰ ਪ੍ਰਦੂਸ਼ਣ ਹੋਇਆ, ਕੀ ਇਹ ਵਾਤਾਵਰਣ ਦੇ ਲਈ ਘਾਤਕ ਨਹੀਂ ਹੈ?

**ਜੁਰਮਾਨੇ ਉੱਤੇ ਟਾਲ ਮਟੋਲ** :- ਇਹਨਾਂ ਹੀ ਕਾਰਨਾਂ ਦੇ ਚਲਦੇ ਨੈਸ਼ਨਲ-ਗਰੀਨ ਟ੍ਰਿਬਿਊਨਲ ਦੇ ਪ੍ਰਬੰਧਕਾਂ ਉੱਤੇ 5 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ। ਪਰੰਤੂ ਸ਼੍ਰੀ ਸ਼੍ਰੀ ਐਨਜੀਓ ਦੇ ਕਦਮ ਨਾਲ ਸਹਿਮਤ ਨਹੀਂ ਸਨ। ਪਹਿਲਾਂ ਤਾਂ ਉਹਨਾਂ ਨੇ ਕਿਹਾ, 'ਜੇਲ ਚਲਾ ਜਾਊਗਾ ਪਰ ਜੁਰਮਾਨਾ ਨਹੀਂ ਦਿਆਂਗਾ।' ਫੇਰ ਦੂਜੇ ਦਿਨ ਬੋਲੇ, 'ਸੁਪਰੀਮ ਕੋਰਟ ਜਾਊਗਾ।' ਫਿਰ ਉਹਨਾਂ ਨੂੰ ਬ੍ਰਹਮਗਿਆਨ ਹੋਇਆ ਅਤੇ ਬੋਲੇ, ਆਪਣੀਆਂ ਸ਼ਰਤਾਂ ਦੇ ਨਾਲ ਜੁਰਮਾਨਾ ਨਹੀਂ, ਹਰਜ਼ਾਨਾ ਦਿਆਗਾਂ। ਜੁਰਮਾਨੇ ਦਾ ਮਤਲਬ ਤਾਂ ਹੋਇਆ ਕਿ ਅਸੀਂ ਗਲਤੀ ਕੀਤੀ ਹੈ। ਬਾਅਦ ਵਿੱਚ ਕਿਹਾ ਗਿਆ ਕਿ ਉਹਨਾਂ ਦੀ ਸੰਸਥਾ ਧਾਰਮਕ ਹੈ ਅਤੇ ਘੱਟ ਸਮੇਂ ਦੇ ਕਾਰਨ ਉਹ ਏਨੀ ਵੱਡੀ ਰਕਮ ਦਾ ਪ੍ਰਬੰਧ ਨਹੀਂ ਕਰ ਸਕਦੀ, ਇਸ ਲਈ ਕਿਸ਼ਤਾਂ ਵਿੱਚ ਪੈਸਾ ਜਮ੍ਹਾਂ ਕਰਵਾਂਗੇ। ਅਦਾਲਤ ਨੇ ਮੋਹਲਤ ਦੇ ਦਿੱਤੀ। 25 ਲੱਖ ਰੁਪਏ ਪਹਿਲੀ ਕਿਸ਼ਤ ਦੇ ਰੂਪ ਵਿੱਚ ਜਮ੍ਹਾਂ ਕਰਾਏ ਗਏ। ਪਰੰਤੂ ਅਦਾਲਤ ਨੇ ਕਿਹਾ ਕਿ ਬਾਕੀ ਰਕਮ 3 ਹਫ਼ਤਿਆਂ ਵਿੱਚ ਜਮ੍ਹਾਂ ਕਰਾ ਦਿੱਤੀ ਜਾਣੀ ਚਾਹੀਦੀ ਹੈ।

ਸ਼੍ਰੀ ਸ਼੍ਰੀ ਦੇ ਬਿਆਨ ਉੱਤੇ ਐਨਜੀਟੀ ਨੂੰ ਕਹਿਣਾ ਪਿਆ, "ਇੱਕ ਪ੍ਰਭਾਵਸ਼ਾਲੀ ਆਧਿਆਤਮਕ ਗੁਰੂ ਤੋਂ ਅਜਿਹੀ ਟਿੱਪਣੀ ਦੀ ਉਮੀਦ ਨਹੀਂ ਸੀ। ਜਦ ਤੁਹਾਡੇ ਕਦ ਦਾ ਕੋਈ ਬੰਦਾ ਅਜਿਹਾ ਬਿਆਨ ਦੇਂਦਾ ਹੈ ਤਾਂ ਇਸ ਨਾਲ ਕਾਨੂੰਨ ਦੇ ਸ਼ਾਸਨ ਨੂੰ ਸੱਟ ਪਹੁੰਚਦੀ ਹੈ।" ਯਾਨੀ ਧਰਮ ਅਤੇ ਧਰਮਗੁਰੂ ਹਮੇਸ਼ਾ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਦੇ ਹਨ। ਜੇਲ ਵਿੱਚ ਬੰਦ ਆਸਾਰਾਮ ਸਮਝਦਾ ਹੈ ਕਿ ਇਸਤਰੀ ਨੂੰ ਭੋਗਣਾ ਉਸ ਦਾ ਧਾਰਮਕ ਹੱਕ ਹੈ। ਇਹ ਧਰਮਗਰੰਥਾਂ ਵਿੱਚ ਪ੍ਰਮਾਣਿਤ ਹੈ। ਫੇਰ ਕਾਨੂੰਨ ਵਿੱਚ ਕਿਉਂ? ਜਮੀਨ ਉੱਤੇ ਕਬਜ਼ੇ ਕਰਨਾ ਧਰਮਗੁਰੂ ਆਪਣਾ ਹੱਕ/ਅਧਿਕਾਰ ਮੰਨਦੇ ਹਨ। ਉਹ ਕਿਸੇ ਕਾਨੂੰਨ ਨੂੰ ਨਹੀਂ ਮੰਨਦੇ। ਕਾਨੂੰਨ ਵੀ ਉਹਨਾਂ ਦਾ ਕੁੱਝ ਨਹੀਂ ਵਿਗਾੜ ਸਕਿਆ। ਦੇਸ਼ ਵਿੱਚ ਪਤਾ ਨਹੀਂ ਕਿੰਨੇ ਅਕਸ਼ਰਧਾਮ ਮਿਸਾਲ ਹਨ। ਇੰਦਰਾ ਗਾਂਧੀ ਦੇ ਸਮੇਂ ਧੀਰੇਂਦਰ ਬ੍ਰਹਮਚਾਰੀ, ਨਰਸਿੰਘ ਰਾਵ ਦੇ ਗੁਰੂ ਚੰਦਰਾ ਸਵਾਮੀ ਵਰਗੇ ਤਥਾ-ਕਥਿਤ ਧਰਮ ਗੁਰੂਆਂ ਨੇ ਵਿਸ਼ਾਲ, ਸ਼ਾਨਦਾਰ ਆਸ਼ਰਮ ਬਣਾ ਲਏ ਸਨ।

ਵਿਸ਼ਵ ਸਾਂਸਕ੍ਰਿਤਕ ਮਹਾਂਉਤਸਵ/ ਮਹੋਤਸਵ ਨੂੰ ਲੈਕੇ ਤਰਕ ਦਿੱਤੇ ਜਾ ਰਹੇ ਹਨ ਕਿ ਇਸ ਤੋਂ ਦੁਨੀਆਂ ਵਿੱਚੋਂ ਦੇਸ਼ ਦੀ ਸਾਂਸਕ੍ਰਿਤਕ ਸ਼ੋਭਾ ਜਾਂ ਚਮਕ ਦੀ ਨਵ-ਉਸਾਰੀ ਹੋਵੇਗੀ, ਸੰਸਾਰ ਨੂੰ ਭਾਰਤ ਦੀ ਤਾਕਤ ਦਿਖਾਉਣ ਦਾ ਮੌਕਾ ਮਿਲੇਗਾ।

ਸ਼੍ਰੀ ਸ਼੍ਰੀ ਰਵੀਸ਼ੰਕਰ ਦੀ ਸੰਸਥਾ Art of living ਪਹਿਲਾਂ ਵੀ ਅਜਿਹੇ ਪ੍ਰੋਗਰਾਮ ਕਰ ਚੁੱਕੀ ਹੈ ਪਰ ਇਸ ਵਾਰ ਸੰਸਥਾ ਨੇ ਵੱਡੇ ਪੈਮਾਨੇ ਉੱਤੇ ਪ੍ਰੋਗਰਾਮ ਦਾ ਪ੍ਰਬੰਧ ਇਸ ਲਈ ਕੀਤਾ ਕਿਉਂਕਿ ਸੰਸਥਾ ਦੇ 35 ਸਾਲ ਪੂਰੇ ਹੋ ਰਹੇ ਹਨ।

ਦਿੱਲੀ ਦੀ ਆਮ ਪਾਰਟੀ ਦੀ ਸਰਕਾਰ ਵੀ ਸ਼੍ਰੀ ਸ਼੍ਰੀ ਦੇ ਚਰਨਾਂ ਵਿੱਚ ਨਤਮਸਤਕ ਸੀ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦਾ ਮੰਤਰੀ ਮੰਡਲ ਸ਼੍ਰੀ ਸ਼੍ਰੀ ਦੀ ਜੈ ਜੈਕਾਰ ਕਰ ਰਿਹਾ ਸੀ।

ਤਿੰਨੇ ਦਿਨ ਇੱਕ ਦੇ ਬਾਅਦ ਇਕ ਨਾਚਗਾਣੇ ਦੇ ਪ੍ਰੋਗਰਾਮ ਚੱਲੇ। ਪਹਿਲੇ ਦਿਨ ਯਾਨੀ 11 ਮਾਰਚ ਨੂੰ ਢੋਲ ਤਾਲ-ਵਾਦਯ, ਸ਼ਾਸਤਰੀ ਨਾਚ, ਭਰਤਨਾਟਯਮ, ਗਰਬਾ, ਮੋਹਿਨੀਅਟਮ, ਕੱਥਕਲੀ ਪੇਸ਼ ਕੀਤੇ ਗਏ, ਨਾਲ ਹੀ ਵਿੱਚ ਨੂੰ ਵੈਦਿਕ ਪੰਡਤਾਂ ਦੁਆਰਾ ਮੰਤਰਉਚਾਰਣ ਦਾ ਤੜਕਾ ਲਗਾਇਆ ਗਿਆ। ਫੇਰ ਹਿਮਾਚਲੀ ਨਾਚ, ਲੈਟਿਨ ਸੰਗੀਤ, ਨਾਦਸਵਰਮ ਅਤੇ ਅੰਤ ਵਿੱਚ ਬੌਲੀਵੁੱਡ ਕਲਾਕਾਰਾਂ ਦੇ ਆਰਕੈਸਟਰਾ ਪੇਸ਼ਕਾਰੀ ਨਾਲ ਭਗਤ ਝੂਮਦੇ ਦੇਖੇ ਗਏ।

ਇਸੇ ਤਰ੍ਹਾ ਅਗਲੇ ਦਿਨ ਵੀ ਨਾਚਗਾਣਿਆਂ ਨਾਲ ਸ਼੍ਰੀ ਸ਼੍ਰੀ ਦਾ ਮਾਰਕੀਟਿੰਗ (ਵੇਚ-ਖਰੀਦ) ਮੇਲਾ ਰਾਤ 10 ਵਜੇ ਤਕ ਚੱਲਿਆ। ਇਸ ਵਿੱਚ ਚੀਨੀ ਗਾਉਣ, ਓੜਿਸੀ ਨਾਚ ਛੱਤੀਸਗੜ੍ਹੀ ਨਾਚ, ਪੰਜਾਬੀ ਭੰਗੜਾ, ਪੰਡਤਾਂ ਦੁਆਰਾ ਵੇਦਾਂ ਦਾ ਮੰਤਰਉਚਾਰਣ, ਬਾਅਦ ਵਿੱਚ ਰੂਸੀ ਨਾਚ, ਸਵਿਸ ਏਲਪਾਈਨ, ਸੀਂਗ ਸੰਗੀਤ ਅਤੇ ਅੰਤ ਵਿੱਚ ਬਾਲੀਵੁੱਡ ਕਲਾਕਾਰਾਂ ਦੁਆਰਾ ਆਰਕੈਸਟਰਾ ਪੇਸ਼ ਕੀਤੇ ਗਏ। ਤੀਜੇ ਦਿਨ ਵੀ ਇਸੀ ਪ੍ਰਕਾਰ ਦਾ ਨਾਚਗਾਣਾ ਚੱਲਿਆ। ਇਸ ਤਰ੍ਹਾਂ ਨਾਚਗਾਣੇ ਦੇ ਸਹਾਰੇ ਗੁਰੂ ਜੀ ਦੀ Publicity ਪਬਲਿਸਿਟੀ (ਲੋਕ ਪ੍ਰਸਿੱਧੀ; ਪ੍ਰਚਾਰ;) ਕੀਤੀ ਗਈ।

**ਪ੍ਰਚਾਰ ਦੀ ਇੱਛਾ** :- ਸਮੁੱਚੀ ਦਿੱਲੀ ਸ਼੍ਰੀ ਸ਼੍ਰੀ ਰਵੀਸ਼ੰਕਰ ਦੀ ਪ੍ਰਚਾਰ ਸਮੱਗਰੀਆਂ ਨਾਲ ਭਰੀ ਰਹੀ। ਜਗਹਜਗਹ ਉੱਤੇ ਸ਼੍ਰੀ ਸ਼੍ਰੀ ਰਵੀਸ਼ੰਕਰ ਦੇ ਫੋਟੋ ਲੱਗੇ Hoardings ਹੋਰਡਿੰਗਸ (ਇਸ਼ਤਿਹਾਰ ਲਾਉਣ ਦੇ ਵੱਡੇ ਵੱਡੇ ਬੋਰਡ) ਉਹਨਾਂ ਨੂੰ ਮਾਨਵਤਾ, ਸੰਸਾਰ ਸ਼ਾਂਤੀ ਦਾ ਮਹਾਨ ਰਚੇਤਾ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਹੋਡਿੰਗਸ ਵਿੱਚ ਕਿਹਾ ਗਿਆ ਸੀ ਕਿ ਸ਼੍ਰੀ ਸ਼੍ਰੀ ਦੁਆਰਾ ਆਯੋਜਿਤ ਸੰਸਾਰ ਸਾਂਸਕ੍ਰਿਤਕ ਮਹੋਤਸਵ ਦਾ ਮਾਨਵਤਾ ਦਾ ਉਤਸਵ ਹੈ, ਸੰਸਕ੍ਰਿਤੀਆਂ ਨੂੰ ਜੋੜਨ ਦਾ ਉਤਸਵ ਹੈ, ਅਨੇਕ ਤਰ੍ਹਾਂ ਦੇ ਸੱਮਾਨ ਦਾ ਉਤਸਵ ਹੈ। ਸ਼੍ਰੀ ਸ਼੍ਰੀ ਨੇ ਕਿਹਾ ਸੀ ਕਿ ਇਹ ਧਰਤੀ ਨੂੰ ਸੰਕਟ ਤੋਂ ਕੱਢਣ ਦੇ ਲਈ ਚੰਗੇ ਲੋਕਾਂ ਦਾ ਇਕੱਠੇ ਲਿਆਉਣ ਦਾ ਉਤਸਵ ਹੈ। ਪਰ ਪ੍ਰਸ਼ਨ ਹੈ ਕਿ ਗਿਨੀਜ ਬੁੱਕ ਔਫ ਵਰਲਡ ਰਿਕੌਡਸ ਵਿੱਚ ਹਜ਼ਾਰਾ ਕਲਾਕਾਰਾਂ ਅਤੇ ਲੱਖਾਂ ਦਰਸ਼ਕਾਂ ਦੇ ਸ਼ਾਮਲ ਹੋਣ ਦਾ ਰਿਕਾਰਡ ਦਰਜ ਕਰਾਉਣ ਅਤੇ ਉਹਨਾਂ ਦੇ ਲਈ ਨੋਬੇਲ ਪ੍ਰਾਈਜ ਵੀ ਸਿਫਾਰਸ਼ ਦੀਆਂ ਖ਼ਬਰਾਂ ਕਯਾ ਹਨ? ਯਾਨੀ ਉਹ ਇਸ ਪ੍ਰੋਗਰਾਮ ਦੇ ਸਹਾਰੇ ਸਾਰੇ ਸੰਸਾਰ ਵਿੱਚ ਆਪਣਾ ਪ੍ਰਚਾਰ ਕਰਨਾ ਚਾਹ/ਇੱਛਾ ਰਹੇ ਸਨ। ਨਾਚਗਾਣੇ ਨੂੰ ਕਿਵੇਂ ਸੰਸਕ੍ਰਿਤੀਆਂ/ਸੱਭਿਆਚਾਰਾਂ ਨਾਲ ਜੋੜਿਆ ਜਾ ਸਕਦਾ ਹੈ ਜਦ ਹਰ ਸੰਸਕ੍ਰਿਤੀ ਆਪਣਾ ਨਾਚਗਾਣਾ ਦਿਖਾ ਕੇ ਆਪਣੇ ਆਪ ਨੂੰ ਵੱਖ ਸਾਬਤ ਕਰ ਰਹੀ ਹੋਵੇ?

ਇਹ ਅਜਿਹਾ ਸਾਂਸਕ੍ਰਿਤਕ ਉਤਸਵ ਸੀ ਜਿਸ ਵਿੱਚ ਦੂਸਰੇ ਹਿੰਦੂ ਸਾਧੂ, ਸੰਤ, ਧਰਮਗੁਰੂ ਨਜ਼ਰ ਨਹੀਂ ਆਏ। ਇਕੱਲੇ ਸ਼੍ਰੀ ਸ਼੍ਰੀ ਨੇ ਹੀ ਦੇਸ਼ ਦੇ ਸਾਂਸਕ੍ਰਿਤਕ ਉਤਸਵ ਦਾ ਠੇਕਾ ਲੈ ਲਿਆ। ਉਹਨਾਂ ਦਾ ਨਾਚਗਾਣੇ ਦਾ ਇਹ ਉਤਸਵ ਭਾਰਤ ਦੇ ਆਮ ਗਰੀਬ ਆਦਮੀ ਦੇ ਲਈ ਨਹੀਂ ਸੀ। ਪ੍ਰੋਗਰਾਮ ਗਵਾਹ ਸੀ ਕਿ ਇੱਥੇ ਬਗੈਰ ਜਾਤੀ, ਧਾਰਮਕ, ਅਮੀਰ ਗਰੀਬ ਭੇਦਰਹਿਤ ਹਾਜ਼ਰੀ ਵਿਖਾਈ ਦਿੱਤੀ ਹੋਵੇ? ਸ਼੍ਰੀ ਸ਼੍ਰੀ ਰਵੀਸ਼ੰਕਰ, ਦੇਸ਼ ਦੇ ਪ੍ਰਧਾਨਮੰਤਰੀ ਅਤੇ ਉਹਨਾਂ ਦੇ ਮੰਤਰੀ ਜਿਹੜੀ ਭਾਰਤੀ ਸੰਸਕ੍ਰਿਤੀ ਦਾ ਭਾਸ਼ਨ ਕਰ ਰਹੇ ਹਨ ਉਹ ਕਿਹੋ ਜਿਹੀ ਹੈ, ਕੀ ਉਸ ਵਿੱਚ ਆਮ ਲੋਕਾਂ ਦੇ ਲਈ ਥਾਂ ਨਹੀਂ ਹੈ? ਲੋਕ ਗੱਡੀਆਂ ਵਿੱਚ ਵੱਧ ਆਏ, ਪੈਦਲ ਘੱਟ। ਸੁਭਾਵਿਕ ਹੈ ਇਹ ਅਮੀਰ ਲੋਕਾਂ ਦਾ ਉਤਸਵ ਸੀ।

ਭਾਜਪਾ ਦੀ ਕੇਂਦਰ ਸਰਕਾਰ ਨੇ ਕਰੀਬੀ ਬਾਬਿਆਂ ਵਿੱਚ ਰਾਮਦੇਵ ਅਤੇ ਸ਼੍ਰੀ ਸ਼੍ਰੀ ਰਵੀਸ਼ੰਕਰ ਪ੍ਰਮੁੱਖ ਮੰਨੇ ਜਾਂਦੇ ਹਨ। ਭਾਜਪਾ ਨੇ ਸਾਧੂਆਂ, ਬਾਬਿਆਂ ਦੇ ਆਧਾਰ ਉੱਤੇ ਇੱਕ ਤਰ੍ਹਾਂ ਦਾ ਸਮਾਜਿਕ ਗਣਿਤ ਕਾਇਮ ਕੀਤਾ ਹੋਇਆ ਹੈ। ਭਾਜਪਾ ਰਾਮਦੇਵ ਅਤੇ ਸ਼੍ਰੀ ਸ਼੍ਰੀ ਦੋਹਾਂ ਨੂੰ ਸਾਧ ਰਹੀ ਹੈ। ਰਾਮਦੇਵ ਪਿਛੜੇ ਵਰਗ ਤੋਂ ਹੈ ਤਾਂ ਸ਼੍ਰੀ ਸ਼੍ਰੀ ਬ੍ਰਾਹਮਣ। ਰਾਮਦੇਵ ਦੇ ਜ਼ਿਆਦਾਤਰ ਭਗਤਾਂ ਵਿੱਚ ਪਿਛੜੇ ਅਤੇ ਉਸ ਤੋਂ ਥੋੜ੍ਹੇ ਉੱਪਰ ਦੇ ਲੋਕ ਹਨ ਤਾਂ ਸ਼੍ਰੀ ਸ਼੍ਰੀ ਦੇ ਪੈਰੋਕਾਰ ਉੱਚੀ ਜਮਾਤ ਦੇ ਆਉਂਦੇ ਹਨ। ਉਹਨਾਂ ਦੇ ਪੈਰੋਕਾਰ ਸਾਰੇ ਸੰਸਾਰ ਵਿੱਚ ਹਨ। ਦੋਹਾਂ ਵਿੱਚ ਆਪਸੀ ਮੁਕਾਬਲਾ ਹੈ, ਇਸ ਲਈ ਰਾਮਦੇਵ ਸ਼੍ਰੀ ਸ਼੍ਰੀ ਦੇ ਪ੍ਰੋਗਰਾਮ ਵਿੱਚ ਨਹੀਂ ਆਏ। ਉਹਨਾਂ ਦੇ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨੂੰ ਛੱਡ ਕੇ ਦਲਿਤ ਜਾਂ ਪਿਛੜੇ

ਲੀਡਰ ਨਜ਼ਰ ਨਹੀਂ ਆਏ। ਜੋ ਆਏ ਉਹਨਾਂ ਵਿੱਚ ਸੁਸਮਾ ਸਵਰਾਜ, ਅਰੁਣ ਜੇਟਲੀ, ਵੇਂਕੈਯਾ ਨਾਇਡੂ, ਰਾਜਨਾਥ ਸਿੰਘ ਵਰਗੇ ਸਵਰਣ ਜਾਤਾਂ ਨੂੰ ਸਾਧਣ ਵਾਲੇ ਲੀਡਰ ਹੀ ਸਨ ਜਿਹਨਾਂ ਨੇ ਸ਼੍ਰੀ ਸ਼੍ਰੀ ਦੀ ਪ੍ਰਸ਼ੰਸਾ ਵਿੱਚ ਮਨ ਖੋਲ੍ਹ ਕੇ ਕਸੀਦੇ ਪੜ੍ਹੇ। ਪ੍ਰੋਗਰਾਮ ਦੇ ਦੌਰਾਨ ਤਿੰਨੇ ਦਿਨ ਬਾਹਰ ਤੋਂ ਆਏ ਹੋਏ ਭਗਤ ਜੈ ਗੁਰੁਦੇਵ, ਜੈ ਗੁਰੁਦੇਵ ਦੇ ਨਾਅਰੇ ਲਗਾ ਰਹੇ ਸਨ। ਉਹ ਭਾਵੇਂ ਭਾਰਤ ਦੇ ਭਿੰਨ-ਭਿੰਨ ਸੂਬਿਆਂ ਤੋਂ ਆਏ ਹੋਏ ਭਗਤ ਜਾਂ ਵਿਦੇਸ਼ੀ ਸਨ। ਇਸ ਪ੍ਰੋਗਰਾਮ ਦੇ ਜ਼ਰੀਏ ਸ਼੍ਰੀ ਸ਼੍ਰੀ ਦੇ ਪ੍ਰਚਾਰ ਦੇ ਲਈ ਉਨ੍ਹਾਂ ਦੇ ਬੈਂਗਲੁਰੂ ਸਥਿਤ ਹੈੱਡ-ਕਵਾਟਰ ਵਿੱਚ ਪੂਰਾ ਆਈਟੀ ਵਿਭਾਗ ਦਿਨ ਰਾਤ ਲੱਗਿਆ ਹੋਇਆ ਸੀ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਭਰ ਦੇ ਕਰੀਬ 200 ਦੇਸ਼ਾਂ ਵਿੱਚ ਸ਼੍ਰੀ ਸ਼੍ਰੀ ਦੀ ਮਾਰਕੀਟਿੰਗ ਹੋਈ।

**ਆਯੋਜਨ ਦੇ ਲਈ ਤਾਕ ਉੱਤੇ ਨਿਯਮਕਾਇਦੇ** : ਐਨਜੀਪੇ ਨੇ ਆਈਆਈਟੀ ਦਿੱਲੀ ਦੇ ਇੱਕ ਪ੍ਰੋਫੈਸਰ ਦੀ ਅਗਵਾਈ ਵਿੱਚ ਡੀਡੀਏ ਦੇ ਪ੍ਰਤੀਨਿਧੀਆਂ ਸਮੇਤ ਇੱਕ ਟੀਮ ਨੂੰ 16 ਫਰਵਰੀ ਨੂੰ ਜ਼ਿਕਰ ਵਾਲੀ ਥਾਂ ਉੱਤੇ ਹੋ ਰਹੇ ਨਿਰਮਾਣ ਕੰਮ ਦੀ ਸਥਿਤੀ ਦੀ ਜਾਂਚ ਕਰਕੇ ਰੀਪੋਰਟ ਦੇਣ ਨੂੰ ਕਿਹਾ ਸੀ। 19 ਫਰਵਰੀ ਨੂੰ ਐਨਜੀਟੀ ਨੂੰ ਇਹ ਰੀਪੋਰਟ ਦੇ ਦਿੱਤੀ ਗਈ। ਬਾਅਦ ਵਿੱਚ ਐਨਜੀਟੀ ਨੇ ਇੱਕ ਪ੍ਰਿੰਸੀਪਲ ਕਮੇਟੀ ਅਤੇ ਵਾਤਾਵਰਨ ਅਤੇ ਜੰਗਲਾਤ ਮੰਤਰਲਾਯ ਨੂੰ ਵੀ ਜ਼ਿਕਰ ਵਾਲੇ ਆਯੋਜਨ ਸਥਾਨ ਦੀ ਜਾਂਚ ਦੇ ਲਈ ਭੇਜਿਆ। ਇਹਨਾਂ ਦੀ ਰੀਪੋਰਟ 23 ਅਤੇ 26 ਫਰਵਰੀ ਨੂੰ ਐਨਟੀਜੀ ਦੇ ਸਾਹਮਣੇ ਪੇਸ਼ ਕੀਤੀ ਗਈ।

ਸਾਰੀਆਂ ਰੀਪੋਰਟਾਂ ਵਿੱਚ ਦੇਖਿਆ ਗਿਆ ਕਿ ਪ੍ਰੋਗਰਾਮ ਦੇ ਆਯੋਜਨ ਦੇ ਲਈ ਨਿਰਮਾਣ ਕੰਮਾਂ ਵਿੱਚ ਨਿਯਮਾਂ ਨੂੰ ਤਾਕ ਉੱਤੇ ਰੱਖਿਆ ਗਿਆ ਜਿਸ ਨਾਲ ਯਮੁਨਾ ਨਦੀ ਅਤੇ ਉਸਦੇ ਕੁਦਰਤੀ ਮਾਹੌਲ ਨੂੰ ਨੁਕਸਾਨ ਪੁੱਜਾ ਹੈ। ਪ੍ਰਿੰਸੀਪਲ ਕਮੇਟੀ ਨੇ ਆਯੋਜਨਕਰਤਾਵਾਂ ਤੋਂ 100-120 ਕਰੋੜ ਰੁਪਏ ਦਾ ਜੁਰਮਾਨਾ ਵਸੂਲਣ ਦੀ ਸਿਫਾਰਿਸ਼ ਕੀਤੀ ਤਾਂ ਜੋ ਉੱਥੇ ਸੁੱਟੇ ਗਏ ਮਲਬੇ ਅਤੇ ਕਚਰੇ ਨੂੰ ਹਟਾ ਕੇ ਯਮੁਨਾ ਤਲ ਦੇ ਵਾਤਾਵਰਣ ਨੂੰ ਮੁੜ ਤੋਂ ਜਿੰਦਾ ਕੀਤਾ ਜਾ ਸਕੇ।

ਆਈਟਾਈਟੀ ਦੇ ਪ੍ਰੋਫੈਸਰ ਦੀ ਰੀਪੋਰਟ ਵਿੱਚ ਕਿਹਾ ਗਿਆ ਸੀ ਕਿ ਉਸਾਰੀ ਦਾ ਖੇਤਰ ਏਨਾ ਵਿਸ਼ਾਲ ਹੈ ਕਿ ਇਕੋਵਾਰ ਕੈਮਰੇ ਵਿੱਚ ਕੈਪਚਰ ਕਰਨਾ ਲੱਗਭਗ ਅਸੰਭਵ ਹੈ। ਇਸ ਨੂੰ ਸਿਰਫ ਉਥੇ ਜਾ ਕੇ ਹੀ ਦੇਖਿਆ ਜਾ ਸਕਦਾ ਹੈ। ਰੀਪੋਰਟ ਵਿੱਚ ਉਨ੍ਹਾਂ ਨੇ ਲਿਖਿਆ ਸੀ ਕਿ ਇਸ ਆਯੋਜਨ ਦੀ ਆਗਿਆ ਦੇਣਾ ਇੱਕ ਬੁਰੀ ਮਿਸਾਲ ਹੋਵੇਗੀ।

ਪ੍ਰਬੰਧਕਾਂ ਦੁਆਰਾ ਦਾਅਵਾ ਕੀਤਾ ਗਿਆ ਸੀ ਕਿ ਉਹਨਾਂ ਨੇ ਪੂਰੀ ਤਰ੍ਹਾਂ ਅਸਥਾਈ ਉਸਾਰੀ ਕਰਾਈ ਹੈ ਅਤੇ ਕਚਰੇ ਦੀ ਡੰਪਿੰਗ ਨਹੀਂ ਕੀਤੀ ਗਈ ਪਰੰਤੂ ਕਚਰੇ ਦੀ ਡੰਪਿੰਗ ਦੇ ਬੇਸ਼ੁਮਾਰ ਨਿਸ਼ਾਨ ਉਸਾਰੀ ਵਾਲੀ ਥਾਂ ਉੱਤੇ ਦਿਖਾਈ ਦੇ ਰਹੇ ਸਨ, ਜਿਹਨਾਂ ਦੀ ਵਰਤੋਂ ਯਮੁਨਾ ਤਲ ਦੇ ਖੱਡਿਆਂ ਨੂੰ ਭਰਨ ਦੇ ਲਈ ਕੀਤਾ ਗਿਆ। ਇਸ ਉੱਤੇ ਬਾਅਦ ਵਿੱਚ ਰੋਡ ਰੋਲਰ ਚਲਾ ਕੇ ਸਮਤਲ/ਪੱਧਰਾ ਦੀ ਕੋਸ਼ਿਸ਼ ਕੀਤੀ ਗਈ।

**ਪ੍ਰਦੂਸ਼ਣ ਦਾ ਕਿੱਚੜ** : ਯਮੁਨਾ ਵਿੱਚ ਸਟੇਜ ਤੋਂ ਵੇਦਾਂ ਦੀ ਰਿਚਾਵਾਂ, ਪੁਰਾਣਾ ਦੇ ਸ਼ਲੋਕ ਅਤੇ ਸ਼ਾਸਤਰੀਆ ਸੰਗੀਤ ਦੇ ਸੁਰ ਦੇ ਬਾਵਜੂਦ ਕਿੱਚੜ ਵਿੱਚ ਤਬਦੀਲ ਪਸਰੀ ਯਮੁਨਾ ਦੀ ਉਦਾਸੀ, ਚੁੱਪੀ ਨਹੀਂ ਟੁੱਟੀ। ਉਹ ਵੇਦਾਂ ਦੇ ਮੰਤਰ ਸੁਣ ਕੇ ਸ਼ਰਮ ਨਾਲ ਦੁਖੀ ਹੋਈ ਜਾ ਰਹੀ ਹੋਵੇਗੀ। ਭਾਵੇਂ ਕਿੰਨਾਂ ਹੀ ਪ੍ਰਸ਼ੰਸਾਗੀਤ ਹੋਵੇ, ਯਮੁਨਾ ਤਾਂ ਸਰਮਾਂਧਾਂ ਦੇ ਹੀ 'ਪਾਪਾਂ' ਦੇ ਕਾਰਨ ਕਿੱਚੜ ਬਣੀ ਹੈ। ਇਸ ਕਿੱਚੜ ਦਾ ਹੁਣ ਕੋਈ ਆਚਮਨ (ਪੂਜਾ ਜਾਂ ਧਰਮ ਸੰਬੰਧੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸੱਜੇ ਹੱਥ ਨਾਲ ਥੋੜ੍ਹਾ ਜਿਹਾ ਜਲ ਲੈ ਕੇ ਮੰਤਰ ਪੜ੍ਹਕੇ ਪੀਣਾ) ਨਹੀਂ ਕਰਦਾ, ਇਸ ਲਈ ਉਹ ਵਿਧਵਾ ਇਸਤਰੀ ਵਰਗੇ ਹਾਲਤ ਵਿੱਚ ਧਰਮਗੁਰੂਆਂ, ਧਰਮਭਗਤਾਂ ਦੇ ਹੱਥਾਂ ਦੁਆਰਾ ਦੂਸ਼ਿਤ ਮਹਿਸੂਸ ਕਰਦੀ ਹੰਝੂ ਵਹਾ ਰਹੀ ਹੈ। ਦਿੱਲੀ ਤੋਂ ਲੈ ਕੇ ਵ੍ਰਿੰਦਾਵਨ ਤੱਕ ਅਜਿਹੀ ਹੀ ਹਾਲਤ ਹੈ।

ਜਮੁਨਾ ਨੇ ਆਪਣੀ ਪ੍ਰਸ਼ੰਸਾ ਸੁਣ ਕੇ ਕੋਈ ਕਰਵਟ ਨਹੀਂ ਲਈ। ਜਮੁਨਾ ਵਿੱਚ ਹਲਚਲ ਨਹੀਂ ਹੈ, ਰਸਯੁਕਤ ਸੰਗੀਤ ਕਦੋਂ ਦਾ ਖ਼ਤਮ ਹੋਇਆ ਹੈ। ਲਹਿਰਾਂ, ਲਯ, ਤਾਲ ਸਮੇਂ ਦੇ ਨਾਲ ਸਵਾਹਾ ਹੋ ਗਏ। ਯਮੁਨਾ ਵਿੱਚ ਚੂਣ ਰੋਣਾ ਬਾਕੀ ਹੈ, ਰੋਣਾ ਬਚਿਆ ਹੈ। ਧਰਮਗੁਰੂ, ਪੰਡੇਪੁਜਾਰੀ ਅਤੇ ਭਗਤਗਣ ਮਿਲ ਕੇ ਯਮੁਨਾ ਦਾ ਨਿਗਮਬੋਧ ਘਾਟ, ਲੋਧੀ ਰੋਡ ਸ਼ਮਸ਼ਾਨ ਘਾਟ ਉੱਤੇ ਕਦੋਂ ਦਾ ਅੰਤਮ ਸੰਸਕਾਰ ਕਰ ਚੁੱਕੇ ਹਨ।

ਪ੍ਰਚਾਰਿਤ ਕੀਤਾ ਜਾ ਰਿਹਾ ਹੈ ਕਿ ਸ਼੍ਰੀ ਸ਼੍ਰੀ ਰਵੀਸ਼ੰਕਰ ਸਾਹ ਦੀ ਸੁਰਤਾਲ, ਗਤੀ ਅਤੇ ਸਥਿਰਤਾ ਬਾਰੇ ਇੱਕ ਨਵੀਂ ਖੋਜ 'ਸੁਦਰਸ਼ਨ ਕਿਰਿਆ' ਦੇ ਲਈ ਜਾਣੇ ਜਾਂਦੇ ਹਨ। ਉਹ ਆਪਣੇ ਭਗਤਾਂ ਨੂੰ ਇਹ ਕਿਰਿਆ ਮੁੱਖ ਸਿਖਾਂਦੇ ਹਨ ਪਰੰਤੂ ਸਾਰੇ ਪ੍ਰੋਗਰਾਮ ਵਿੱਚ ਇਸ ਪ੍ਰਤੀਨਿਧੀ ਨੇ ਉਨ੍ਹਾਂ ਦੇ ਭਗਤਾਂ ਦੇ ਚਿਹਰੇ ਪੜ੍ਹੇ। ਉਨ੍ਹਾਂ ਵਿੱਚ ਜ਼ਿਆਦਾਤਰ ਦੇ ਮੂੰਹ ਲਟਕੇ ਹੋਏ, ਮੱਥੇ ਉੱਤੇ ਤਣਾਅ, ਕੋਈ ਸ਼ੂਗਰ ਦਾ ਮਰੀਜ, ਕੋਈ ਬਲੱਡਪ੍ਰੈਸ਼ਰ ਦਾ, ਕੋਈ ਸਾਹ ਯਾਨੀ ਦਮੇ ਨਾਲ ਪੀੜਤ ਦਿੱਸਿਆ।

ਜਦ ਗੁਰੂ ਜੀ ਦੇ ਪੈਰੋਕਾਰਾਂ ਦੇ ਚਿਹਰਿਆਂ ਉੱਤੇ ਖੁਸ਼ੀ ਨਹੀਂ ਹੈ। ਉਹ ਤੰਦਰੁਸਤ ਨਹੀਂ ਹਨ, ਪਰਵਾਰਕ ਸੁਖਸ਼ਾਂਤੀ ਨਾਲ ਖੁਸ਼ਹਾਲ ਨਹੀਂ ਹਨ ਤਾਂ ਫੇਰ ਅਜਿਹੇ ਚਲਾਕ ਵਿਅਕਤੀ ਕਿਹੜੀ ਮਰਜ਼ ਦੀ ਦਵਾਈ ਹੈ? ਫੇਰ ਵੀ ਥੱਕੇਹਾਰੇ ਚੇਲੇਚੇਲੀਆਂ ਗੁਰੂ ਜੀ ਦੇ ਜੈਕਾਰੇ ਲਗਾ ਰਹੇ ਸਨ। ਅਜਿਹੇ ਵਿੱਚ ਆਰਟ ਔਫ ਲਿਵਿੰਗ ਕਯਾ ਆਰਟ ਔਫ ਚੀਟਿੰਗ ਜਾਂ ਆਰਟ ਔਫ ਫੂਲਿੰਗ ਨਹੀਂ ਹੈ? ਇਸ ਅਤੇ ਇਸ ਵਰਗੀਆਂ ਕਿਰਿਆਂ ਦੇ ਸਹਾਰੇ ਧਰਮਗੁਰੂ ਸਿਰਫ਼ ਆਪਣਾ ਪ੍ਰਚਾਰ ਕਰਦੇ ਹਨ।

ਆਯੋਜਨ ਦਾ ਟੈਲੀਵਿਜਨ ਚੈਨਲਾਂ, ਅਖ਼ਬਾਰਾਂ ਤੋਂ ਲੈ ਕੇ ਜਗਰ ਬੈਨਰ, ਪੋਸਟਰ, ਹੋਰਡਿੰਗਸ, ਪੈਂਫਲਿਟਸ ਅਤੇ ਨੁੱਕੜ ਮਨੋਰੰਜਨ ਪ੍ਰੋਗਰਾਮਾਂ ਦੇ ਜ਼ਰੀਏ ਤੋਂ ਖੂਬ ਪ੍ਰਚਾਰ ਕੀਤਾ ਗਿਆ। ਇਸ ਨਾਲ ਸ਼੍ਰੀ ਸ਼੍ਰੀ ਦੀ ਦੁਕਾਨਦਾਰੀ ਖੂਬ ਚੱਲ ਰਹੀ ਸੀ। ਸ਼੍ਰੀ ਸ਼੍ਰੀ ਦੇ ਨਾਂ ਤੋਂ ਬਣੇ ਕਈ ਪ੍ਰੋਡਕਟਸ ਪਾਣੀ ਦੀ ਬੋਤਲ, ਕੋਲਡ ਡਰਿੰਕਸ, ਘੀ, ਆਯੁਰਵੇਦਿਕ ਦਵਾਈਆਂ ਹਰੇਕ ਖੂੰਜੇ ਉੱਤੇ ਬਣੇ ਸਟਾਲਾਂ ਉੱਤੇ ਵੇਚੀਆਂ ਜਾ ਰਹੀਆਂ ਸਨ।

ਅਜਿਹੇ ਉਤਸਵ ਅਖੌਤੀ ਧਰਮ ਦਾ ਪ੍ਰਚਾਰ ਹਨ। ਇਸ ਪ੍ਰਚਾਰ ਵਿੱਚ ਪੈਸਾ ਸਭ ਤੋਂ ਉੱਪਰ ਹੈ। ਅੱਜ ਦੁਨੀਆਂ ਧਰਮ ਦੀ ਵਜਹ ਨਾਲ ਗੈਰ ਬਰਾਬਰੀ ਦਾ ਸਾਹਮਣਾ ਕਰ ਰਹੀ ਹੈ। ਅਸਮਾਨਤਾ ਸੰਸਾਰ ਦੇ ਸਾਹਮਣੇ ਸੱਭ ਤੋਂ ਵੱਡੀ ਚੁਣੌਤੀ ਹੈ। ਧਰਮ ਅਤੇ ਰਾਜਸੱਤਾ ਦੋਵੇਂ ਮਿਲ ਕੇ ਲੁੱਟ, ਵੰਡ ਕੇ ਖਾਣਾ ਚਾਹੁੰਦੀ ਹੈ। ਅਮਰੀਕਾ ਦੀ ਚੋਣਾਂ ਦੀ ਰਾਜਨੀਤੀ ਵਿੱਚ ਧਾਰਮਿਕ ਕੱਟੜ ਦਾਅਵੇਦਾਰ ਡੋਨਾਲਡ ਟਰੰਪ ਦਾ ਅੱਗੇ ਵੱਧਣਾ ਇਸ ਪਾਸੇ ਸੰਕੇਤ ਕਰ ਰਿਹਾ ਹੈ ਕਿ ਅਮੀਰ ਅਤੇ ਧਰਮ ਮਿਲ ਕੇ ਆਮ ਲੋਕਾਂ ਨੂੰ ਲੁੱਟੋ। ਇਹ ਤੈਅ ਹੈ ਕਿ ਧਰਮਾਂ ਦੇ ਪ੍ਰਚਾਰ ਨਾਲ ਸੰਸਾਰ ਵਿੱਚੋ ਸ਼ਾਂਤੀ ਕਾਇਮ ਨਹੀਂ ਹੋ ਸਕਦੀ। ਵਿਕਾਸ ਦੇ ਲਾਭ ਤੋਂ ਅੱਜ ਹਰ ਦੇਸ਼ ਦਾ ਇੱਕ ਵੱਡਾ ਤਬਕਾ ਵਾਂਝਾ ਹੈ। ਉਸ ਵਰਗ ਵਿੱਚ ਗੁੱਸਾ ਦੇਖਿਆ ਜਾ ਰਿਹਾ ਹੈ। ਸਰਕਾਰਾਂ ਉਸ ਗੁੱਸੇ ਨੂੰ ਦਬਾਉਣਾ ਚਾਹੁੰਦੀਆਂ ਹਨ। ਸਰਕਾਰਾਂ ਧਾਰਮਿਕ ਅਸਮਾਨਤਾ, ਡਰ ਅਤੇ ਸੰਘਰਸ਼ ਨੂੰ ਜਨਮ ਦੇ ਰਹੀਆਂ ਹਨ।

**ਉੱਚਿਤਤਾ ਉੱਤੇ ਸਵਾਲ** : ਮੋਦੀ ਸਰਕਾਰ ਦਾ ਇਸ ਸਾਰੇ ਸਮਾਰੋਹ ਵਿੱਚ ਨਾਲ ਖੜ੍ਹੇ ਰਹਿਣਾ ਦਿਖਾਉਂਦਾ ਹੈ ਕਿ ਹੁਣ ਯਮੁਨਾ ਉੱਤੇ ਪੌਰਾਣਿਕ ਕਥਾਵਾਂ ਸੁਣਾਈਆਂ ਜਾਣਗੀਆਂ, ਤਰ੍ਹਾਂ ਤਰ੍ਹਾਂ ਦੇ ਧਾਰਮਿਕ ਕਰਮਕਾਂਡ ਦੇ ਲਈ ਇਹ ਜਗਹ ਵਿਕਸਿਤ ਕੀਤੀ ਜਾਵੇਗੀ। ਕੇਂਦਰ ਦੀ ਭਾਜਪਾ ਸਰਕਾਰ ਦਾ ਇਹ ਸਟੈਂਡਅੱਪ ਇੰਡੀਆ ਹੈ, ਨਵਾਂ ਸਟਾਰਟਅੱਪ ਹੈ ਤਾਂ ਜੋ ਪੰਡਿਆਂ ਨੂੰ ਨਵਾਂ ਰੋਜ਼ਗਾਰ ਮਿਲ ਸਕੇ। ਯਮੁਨਾਂ ਦੇ ਕਿਨਾਰੇ ਅਜਿਹੇ ਕਈ ਧਾਰਮਿਕ ਸਟਾਰਟਅੱਪ ਸ਼ੁਰੂ ਕੀਤੇ ਜਾਣਗੇ। ਰਾਮਦੇਵ ਦੇ ਉਪਭੋਗਤਾ ਸ਼੍ਰੀ ਸ਼੍ਰੀ ਦੇ ਪ੍ਰੋਡੱਕਟਸ ਵਿਕਣ ਲੱਗਣਗੇ, ਇਹ ਉਨ੍ਹਾਂ ਦੀ ਆਪਣੀ ਮਾਰਕੀਟਿੰਗ ਦਾ ਫੰਡਾ ਹੀ ਤਾਂ ਸੀ।

ਇੱਥੇ ਸਵਾਲ ਨਦੀ ਦੀ ਸਫ਼ਾਈ ਦਾ ਨਹੀਂ ਹੈ। ਪ੍ਰੋਗਰਾਮ ਦੇ ਤਹਿਤ ਧਰਮ, ਨਦੀ, ਕਲਾ, ਸੱਭਿਆਚਾਰ ਦੇ ਨਾਂ ਉੱਤੇ ਨਾਚਗਾਣੇ ਦਾ ਤਮਾਸ਼ਾ ਕਰਕੇ ਸ਼੍ਰੀ ਸ਼੍ਰੀ ਦਾ ਪ੍ਰਚਾਰ ਕਰਨਾ ਹੈ। ਸੰਸਕ੍ਰਿਤੀ ਅਤੇ ਵਾਤਾਵਰਣ ਦੇ ਨਾਂ ਉੱਤੇ ਕੀਤੇ ਗਏ ਇਸ ਤਮਾਸ਼ੇ ਨਾਲ ਨਾ ਯਮੁਨਾ ਦਾ, ਨਾ ਕਲਾ ਅਤੇ ਕਲਾਕਾਰਾਂ ਦਾ ਅਤੇ ਨਾ ਹੀ ਇਸ ਦੇਸ਼ ਦਾ ਕੋਈ ਭਲਾ ਹੋ ਸਕੇਗਾ।

ਇਹ ਧਰਮਗੁਰੂ ਦਾ ਦੁਨੀਆਂ ਭਰ ਵਿੱਚ ਪ੍ਰਚਾਰ ਮਾਤਰ ਏ। ਇਸ ਪ੍ਰਚਾਰ ਨਾਲ ਸ਼੍ਰੀ ਸ਼੍ਰੀ ਦੇ ਮੱਥੇ ਉੱਤੇ ਇਨਾਮਾਂ ਦੀ ਕੁਝ ਕਲਗੀ ਜ਼ਰੂਰ ਲੱਗ ਜਾਵੇਗੀ ਅਤੇ ਝੋਲੀ ਵਿੱਚ ਸੰਸਾਰ ਭਰ ਤੋਂ ਧਨ ਦਾ ਆਉਣਾ ਵੱਧ ਜਾਵੇਗਾ। ਧਰਮਗੁਰੂਆਂ ਦੇ ਕੋਲ ਮਾਰਕੀਟਿੰਗ ਦੀ ਇਹੀ ਤਾਂ ਕਲਾਂ ਹੈ।

****

# ਮੈਡੀਕਲ ਸਾਇੰਸਜ਼

## ✪ ਵਢੇਰੀ ਉਮਰ ਦੇ ਲੋਕਾਂ ਲਈ ਖ਼ਤਰਨਾਕ ਨਹੀਂ ਹੈ: ਮੋਟਾਪਾ

ਨੌਜਵਾਨਾਂ ਅਤੇ ਅਧਖੜ ਉਮਰ ਦੇ ਵਿਅਕਤੀਆਂ ਦੇ ਮੁਕਾਬਲੇ ਬਜ਼ੁਰਗਾਂ ਲਈ ਮੋਟਾਪਾ ਖ਼ਤਰਨਾਕ ਨਹੀਂ। ਇਹ ਜਾਣਕਾਰੀ ਅਮਰੀਕੀ ਮੈਡੀਕਲ ਐਸੋਸੀਏਸਨ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਸਿਹਤ ਸਬੰਧੀ ਪੱਤਰਿਕਾ ਵਿੱਚ ਦਿੱਤੀ ਗਈ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ 75 ਸਾਲ ਦੀ ਉਮਰ ਪਿੱਛੋਂ ਮੋਟਾਪੇ ਦਾ ਕੋਈ ਖਤਰਾ ਨਹੀਂ ਰਹਿੰਦਾ। ਮਾਹਿਰਾਂ ਨੇ ਆਪਣੀ ਖੋਜ ਵਿੱਚ ਸਿੱਟਾ ਕੱਢਿਆ ਕਿ ਜਿਉਂ-ਜਿਉਂ ਕੋਈ ਮੋਟਾ ਵਿਅਕਤੀ ਵਧੇਰੇ ਉਮਰ ਦਾ ਹੁੰਦਾ ਜਾਂਦਾ ਹੈ, ਉਨ੍ਹਾਂ ਹੀ ਉਸ ਦੀ ਜਾਨ ਜਾਣ ਦਾ ਖ਼ਤਰਾ ਘਟਦਾ ਜਾਂਦਾ ਹੈ। ਜਵਾਨੀ ਵੇਲੇ ਮੋਟਾਪਾ ਜ਼ਿਆਦਾ ਹੋਣ ਕਾਰਨ ਜਾਨ ਤੋਂ ਹੱਥ ਵੀ ਧੋਣੇ ਪੈ ਜਾਂਦੇ ਹਨ।

ਕੁਝ ਹੋਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਖੋਜ ਦਾ ਕੋਈ ਮਹੱਤਵ ਨਹੀਂ ਮੋਟਾਪੇ ਕਾਰਨ ਸਮੱਸਿਆਵਾਂ ਮਨੁੱਖ ਨੂੰ ਕਦੇ ਵੀ ਘੇਰ ਸਕਦੀਆਂ ਹਨ।

## ✪ ਬੱਚੇ ਨੂੰ ਮੋਟਾਪੇ ਤੋਂ ਬਚਾਉਂਦਾ ਹੈ ਮਾਂ ਦਾ ਦੁੱਧ

ਕਿਸੇ ਬੱਚੇ ਲਈ ਮਾਂ ਦਾ ਦੁੱਧ ਉਸਦਾ ਪਹਿਲਾਂ ਆਹਾਰ ਮੰਨਿਆਂ ਜਾਂਦਾ ਹੈ। ਮਾਂ ਦਾ ਦੁੱਧ ਕਈ ਬਿਮਾਰੀਆਂ ਤੋਂ ਬੱਚੇ ਦੀ ਰੱਖਿਆ ਲਈ ਸਹਾਇਕ ਹੁੰਦਾ ਹੈ। ਹਾਲਾਂਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਮਾਂ ਦਾ ਦੁੱਧ ਬੱਚੇ ਨੂੰ ਅੱਗੇ ਚੱਲ ਕੇ ਮੋਟਾਪੇ ਆਦਿ ਤੋਂ ਬਚਾਉਂਦਾ ਹੈ, ਪਰ ਇਹ ਹਰ ਬੱਚੇ 'ਤੇ ਕਾਰਗਰ ਨਹੀਂ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਮੋਟੇ ਅਤੇ ਪਤਲੇ ਸਰੀਰ ਵਾਲੀਆਂ ਮਾਵਾਂ ਦੇ ਦੁੱਧ ਦੇ ਘਟਕ ਵੱਖ-ਵੱਖ ਹੁੰਦੇ ਹਨ ਤੇ ਇਸ ਕਾਰਨ ਉਨ੍ਹਾਂ ਦਾ ਪ੍ਰਭਾਵ ਵੀ ਵੱਖ-ਵੱਖ ਹੁੰਦਾ ਹੈ। ਅਮਰੀਕਾ ਦੇ ਸਿਨਸਿਨਾਟੀ ਚਿਲਡਰਨਜ਼ ਹਸਪਤਾਲ ਮੈਡੀਕਲ ਸੈਂਟਰ ਦੇ ਖੋਜੀਆਂ ਡਾ. ਜੇਸਿਕਾ ਵੂ ਤੇ ਡਾ. ਲਿਸਰ ਮਾਰਟਿਨ ਨੇ ਕਿਹਾ, ਕਿਸੇ ਬੱਚੇ ਦੇ ਮੋਟਾਪੇ 'ਚ ਬੱਚੇ ਦੀ ਮਾਂ ਦੇ ਮੋਟਾਪਾ ਗ੍ਰਸਤ ਹੋਣ ਦੇ ਨਾਲ ਹੀ ਬੱਚੇ ਦੇ ਸਮਾਜਿਕ, ਆਰਥਿਕ ਹਾਲਾਤ ਦੀ ਅਹਿਮ ਭੂਮਿਕਾ ਹੁੰਦੀ ਹੈ।

**ਸੁਖਮੰਦਰ ਸਿੰਘ ਤੂਰ**

## ✪ ਬਲੱਡ 'ਚ ਸ਼ੂਗਰ ਦੀ ਮਾਤਰਾ ਨੂੰ ਕੰਟਰੋਲ ਕਰਦੀ ਹੈ। ਕਰਾਂਊਨ ਫ਼ੈਟ

ਆਸਟ੍ਰੇਲੀਆਈ ਖੋਜੀਆਂ ਨੇ ਬਲੱਡ 'ਚ ਸ਼ੂਗਰ ਦੀ ਮਾਤਰਾ ਨੂੰ ਕੰਟਰੋਲ ਕਰਨ ਦਾ ਨਵਾਂ ਜ਼ਰੀਆ ਲੱਭਣ ਦਾ ਦਾਅਦਾ ਕੀਤਾ ਹੈ। ਉਨ੍ਹਾਂ ਮੁਤਾਬਕ ਊਰਜਾ ਦੀ ਖ਼ਪਤ ਵਿੱਚ ਸਹਾਇਕ ਕਰਾਊਨ ਫੈਟ ਬਲੱਡ ਸ਼ੂਗਰ ਵਿੱਚ ਬਦਲਾਅ 'ਤੇ ਵੀ ਕਾਬੂ ਵਿੱਚ ਰੱਖਦਾ ਹੈ। ਮਾਹਿਰਾਂ ਨੇ ਕਰਾਊਨ ਫੈਟ ਤੇ ਖ਼ੂਨ ਵਿੱਚ ਗੁਲੂਕੋਜ਼ ਦੀ ਸਥਿਤੀ ਦਾ ਅਧਿਐਨ ਕਰਦੇ ਇਸ ਦਾ ਪਤਾ ਲਗਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਕਰਾਊਨ ਫੈਟ ਦੀ ਜ਼ਿਆਦਾਤਰ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਸ਼ੂਗਰ ਦੀ ਸਥਿਤੀ ਵਿੱਚ ਉਮੀਦ ਨਾਲੋਂ ਘੱਟ ਤਬਦੀਲੀ ਵੇਖਣ ਨੂੰ ਮਿਲੀ ਹੈ।

## ✪ ਮੋਟਾਪਾ ਘਟਾਉਣ ਲਈ ਭੋਜਨ ਮਗਰੋਂ ਕਸਰਤ ਕਰਨ ਔਰਤਾਂ

ਜੇਕਰ ਤੁਸੀਂ ਵੀ ਆਪਣੀ ਚਰਬੀ ਘੱਟ ਕਰਨ ਲਈ ਕਸਰਤ ਦੀ ਬਹੁਤਾਤ 'ਤੇ ਜ਼ੋਰ ਦਿੰਦੇ ਹੋ ਤਾਂ ਠਹਿਰ ਜਾਓ। ਔਰਤਾਂ ਲਈ ਭੋਜਨ ਮਗਰੋਂ ਕਸਰਤ ਜ਼ਿਆਦਾ ਫ਼ਾਇਦੇਮੰਦ ਹੁੰਦੀ ਹੈ। ਇਹ ਗੱਲ ਇੱਕ ਖੋਜ ਵਿੱਚ ਸਾਹਮਣੇ ਆਈ ਹੈ। ਖੋਜ ਦੀ ਦਿਲਚਸਪ ਗੱਲ ਇਹ ਹੈ ਕਿ ਮਰਦ ਜੇਕਰ ਭੋਜਨ ਖਾਣ ਤੋਂ ਕੁਝ ਸਮਾਂ ਪਹਿਲਾਂ ਕਸਰਤ ਕਰਨ ਤਾਂ ਉਹ ਵੱਧ ਚਰਬੀ ਜਲਾਉਣ ਵਿੱਚ ਸਮਰੱਥ ਹੋ ਸਕਦੀ ਹਨ। ਉੱਥੇ ਹੀ ਔਰਤਾਂ ਦੇ ਮਾਮਲੇ ਵਿੱਚ ਇਹ ਉਲਟਾ ਹੈ। ਅਜਿਹੀਆਂ ਔਰਤਾਂ ਜੋ ਕਸਰਤ ਦੇ ਘੰਟੇ ਕੁ ਬਾਅਦ ਭੋਜਨ ਕਰਦੀਆਂ ਹਨ, ਅਸਲ ਵਿੱਚ ਉਹ ਮੋਟਾਪੇ ਨੂੰ ਕੰਟਰੋਲ ਕਰਨ ਦੀ ਆਪਣੀ ਕੋਸ਼ਿਸ਼ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਯੂਨੀਵਰਸਿਟੀ ਆਫ਼ ਸਰੇ ਦੇ ਖੋਜ਼ਕਾਰਾਂ ਨੇ ਆਪਣੇ ਇਕ ਅਧਿਐਨ ਵਿੱਚ ਔਰਤਾਂ ਅਤੇ ਮਰਦਾਂ ਦੇ ਇੱਕ ਸਮੂਹ ਨੂੰ ਸ਼ਾਮਲ ਕੀਤਾ ਸੀ। ਖੋਜੀਆਂ ਨੇ ਕਿਹਾ ਹੈ ਕਿ ਔਰਤਾਂ ਅਤੇ ਮਰਦਾਂ ਦੀ ਸਰੀਰਕ ਬਣਤਰ ਅਲੱਗ ਹੁੰਦੀ ਹੈ ਅਤੇ ਇਸ ਲਈ ਕਸਰਤ ਦੇ ਸਮੇਂ ਦਾ ਪ੍ਰਭਾਵ ਵੀ ਦੋਵਾਂ 'ਤੇ ਅਲੱਗ-ਅਲੱਗ ਪੈਂਦਾ ਹੈ।

## ✪ ਹੁਣ ਸਰੀਰ 'ਚ ਦਵਾਈ ਪਹੁੰਚਾਏਗੀ ਮਾਈਕ੍ਰੋਚਿਪ

ਸਰੀਰ ਨੂੰ ਦਵਾਈ ਉਪਲੱਬਧ ਕਰਾਉਣ ਦੇ ਲਈ ਵਿਗਿਆਨੀਆਂ ਨੇ ਹੁਣ ਇੱਕ ਚਿਪ ਦਾ ਨਿਰਮਾਣ ਕਰ ਦਿੱਤਾ ਹੈ। ਹੁਣ ਤੱਕ ਇਸ ਕੰਮ ਦੇ ਲਈ ਪ੍ਰੰਪਰਾਗਤ ਗੋਲੀਆਂ ਦੀ ਹੀ ਵਰਤੋਂ ਕੀਤੀ ਜਾ ਰਹੀ ਹੈ। ਜੋ ਕਿ ਸਰੀਰ ਵਿੱਚ ਘੁਲ ਕੇ ਦਵਾਈ ਨੂੰ ਸਰੀਰ ਵਿੱਚ ਫੈਲਾਅ ਦਿੰਦੀਆਂ ਹਨ।

ਮੈਸਾਚਿਊਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਵਿਗਿਆਨੀਆਂ ਨੇ ਬਹੁਤ ਛੋਟੇ ਅਕਾਰ ਦੀ ਇੱਕ ਅਜਿਹੀ ਸਿਲੀਕੌਨ ਮਾਈਕ੍ਰੋਚਿਪ ਤਿਆਰ ਕਰ ਦਿੱਤੀ ਹੈ, ਜਿਹੜੀ ਦਵਾਈਆਂ ਦੇ ਮਿਸ਼ਰਣ ਨੂੰ ਪਹਿਲਾਂ ਨਿਰਧਾਰਿਤ ਪ੍ਰੋਗਰਾਮ ਦੇ ਅਨੁਸਾਰ ਜਾਂ ਫਿਰ ਰਿਮੋਟ ਕੰਟਰੋਲ ਦੇ ਰਾਹੀਂ ਹੀ ਸਰੀਰ ਵਿੱਚ ਪਹੁੰਚ ਸਕੇਗੀ। ਇੰਸਟੀਚਿਊਟ ਦੇ ਪ੍ਰੋਫ਼ੈਸਰ ਡਾ. ਰਾਕਟ ਲੈਂਗਰ ਅਤੇ ਡਾ. ਮਾਈਕਲ ਜੇ. ਸੀਮਾਟ ਨੇ ਇਸ ਚਿਪ ਦਾ ਨਿਰਮਾਣ ਕੀਤਾ ਹੈ। ਇਹ ਦੋਨੋਂ ਇਸ ਤੋਂ ਪਹਿਲਾਂ ਅਲਟਰਾਸਾਊਂਡ ਤਕਨੀਕ ਦੁਆਰਾ ਚਮੜੀ ਨੂੰ ਕੱਟੇ ਬਗੈਰ ਦਵਾਈਆਂ ਨੂੰ ਪ੍ਰਵੇਸ਼ ਕਰਾਉਣ ਦੀ ਤਕਨੀਕ ਵੀ ਇਜਾਦ ਕਰ ਚੁੱਕੇ ਹਨ।

## ✪ ਅੰਗਾਂ ਦੀ ਤਬਦੀਲੀ 'ਚ ਇੱਕ ਨਵੀਂ ਆਸ

ਵਿਗਿਆਨੀਆਂ ਨੇ ਅੰਗਾਂ ਦੀ ਤਬਦੀਲੀ ਦੀ ਸਫ਼ਲਤਾ ਦੀ ਦਿਸ਼ਾ ਵਿੱਚ ਇੱਕ ਹੋਰ ਕਦਮ ਵਧਾਇਆ ਹੈ। ਵਿਗਿਆਨੀਆਂ ਨੇ ਇੱਕ ਅਜਿਹੀ ਪਰਤ ਤਿਆਰ ਕੀਤੀ ਹੈ, ਜੋ ਕਿ ਤਬਦੀਲ ਕੀਤੇ ਗਏ ਅੰਗ ਨੂੰ ਬੈਕਟੀਰੀਆ ਦੇ ਸੰਪਰਕ ਤੋਂ ਦੂਰ ਰੱਖਣ ਵਿੱਚ ਸਮਰੱਥ ਹੈ। ਇਸ ਖ਼ਾਸ ਪਰਤ ਦੀ ਮੱਦਦ ਨਾਲ ਅੰਗਾਂ ਦੀ ਅਦਲਾ-ਬਦਲੀ ਦੀ ਸਫ਼ਲਤਾਂ ਦਰ ਹੋਰ ਵਧਣ ਦੀ ਆਸ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਖ਼ਾਸ ਤਰ੍ਹਾਂ ਦੀ ਪਰਤ ਸਿਹਤਮੰਦ ਸੈੱਲਾਂ ਨੂੰ ਤਬਦੀਲ ਕੀਤੇ ਗਏ ਅੰਗ ਵੱਲ ਖਿੱਚਣ ਅਤੇ ਬੈਕਟੀਰੀਆਂ ਪ੍ਰਭਾਵਿਤ ਸੈੱਲਾਂ ਨੂੰ ਦੂਰ ਰੱਖਣ ਵਿੱਚ ਸਮਰੱਥ ਹੈ। ਇਸ ਦੀ ਮੱਦਦ ਨਾਲ ਸਰੀਰ ਵੱਲੋਂ ਇਸ ਵਿੱਚ ਪਲਾਂਟ ਕੀਤੇ ਅੰਗ ਨੂੰ ਪ੍ਰਵਾਨ ਨਾ ਕਰਨ ਦਾ ਖ਼ਦਸ਼ਾ ਘੱਟ ਜਾਂਦਾ ਹੈ। ਸਿੰਗਾਪੁਰ ਦੀ ਨਾਂਨਯਾਂਗ ਟੈਕਨੋਲੋਜੀਕਲ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਵਿੰਸੈਂਟ ਚਾਨ ਨੇ ਦੱਸਿਆ ਹੈ ਕਿ ਇਹ ਸਤ੍ਹਾ 'ਤੇ ਇੱਕ ਅਜਿਹੀ ਪਰਤ ਸਿਰਜ ਦਿੰਦਾ ਹੈ ਜੋ ਕਿ ਇਸ ਨੂੰ ਬੈਕਟੀਰੀਆ ਤੋਂ ਬਚਾਉਂਦੀ ਹੈ। ਅੰਗ ਤਬਦੀਲ ਕਰਨ ਸਮੇਂ ਨਾਕਾਮੀ ਦੀ ਦਰ ਅੱਜ ਵੀ ਇਲਾਜ ਖੇਤਰ ਲਈ ਇੱਕ ਵੱਡੀ ਚੁਣੌਤੀ ਹੈ।

---

### ਜਾਂਦੇ -ਜਾਂਦੇ........

ਵਿਗਿਆਨੀਆਂ ਨੇ ਇੱਕ ਅਜਿਹਾ ਸੈਂਸਰ ਤਿਆਰ ਕੀਤਾ ਹੈ ਕਿ ਵਾਤਾਵਰਣ ਵਿੱਚ ਪਾਰੇ ਦੀ ਬੇਹੱਦ ਘੱਟ ਮਿਕਦਾਰ ਨੂੰ ਵੀ ਫੜ੍ਹਨ ਵਿੱਚ ਸਮਰੱਥ ਹੈ। ਇਹ ਸੈਂਸਰ ਮਹਿਜ਼ 10 ਸਕਿੰਟਾਂ ਦੇ ਅੰਦਰ ਵਾਤਾਵਰਣ ਵਿੱਚ ਪਾਰੇ ਦਾ ਪਤਾ ਲਗਾ ਸਕਦਾ ਹੈ। ਲੋਕਾਂ ਦਾ ਵਾਤਾਵਰਣ ਜ਼ਰੀਏ ਪਾਰੇ ਦੇ ਸੰਪਰਕ ਵਿੱਚ ਆਉਂਦਾ ਵਿਗਿਆਨੀਆਂ ਲਈ ਆਲਮੀ ਪੱਧਰ 'ਤੇ ਪ੍ਰੇਸ਼ਾਨੀ ਦੀ ਵਜ੍ਹਾ ਬਣ ਰਿਹਾ ਹੈ। ਯੂਨੀਵਰਸਿਟੀ ਆਫ਼ ਮਿਆਮੀ ਦੇ ਮਾਹਿਰਾਂ ਨੇ ਦੱਸਿਆ ਹੈ ਕਿ ਇਸ ਯੰਤਰ ਨਾਲ ਵਾਤਾਵਰਣ ਵਿੱਚ ਮੌਜੂਦ ਪਾਰੇ ਦੇ ਚੱਕਰ ਨੂੰ ਸਮਝਣ ਦੀ ਸਮਰੱਥਾ ਹੈ।

# ਸ਼ੰਕਾ ਨਵਿਰਤੀ

**1. ਸਵਾਲ : ਕੀ ਕੀਰਤਨ ਯਾਦਾਸ਼ਤ ਸੁਧਾਰਨ 'ਚ ਮਦਦ ਕਰ ਸਕਦਾ ਹੈ?**

ਜਵਾਬ : ਯਾਦਾਸ਼ਤ ਦਾ ਸਬੰਧ ਦਿਲਚਸਪੀ ਨਾਲ ਹੁੰਦਾ ਹੈ। ਜਿਸ ਕੰਮ ਵਿਚ ਜਾਂ ਵਿਸ਼ੇ ਵਿਚ ਤੁਹਾਡੀ ਦਿਲਚਸਪੀ ਹੈ, ਉਹ ਤੁਹਾਡੀ ਯਾਦਾਸ਼ਤ ਦਾ ਹਿੱਸਾ ਬਣ ਜਾਵੇਗਾ। ਕੀਰਤਨ ਸਿਰਫ਼ ਉਨ੍ਹਾਂ ਵਿਅਕਤੀਆਂ ਦੀ ਯਾਦਾਸ਼ਤ ਵਧਾ ਸਕਦਾ ਹੈ, ਜਿਨ੍ਹਾਂ ਦੀ ਕੀਰਤਨ ਵਿਚ ਦਿਲਚਸਪੀ ਹੋਵੇਗੀ। ਉਂਝ ਵੀ ਕੀਰਤਨ ਵਿਚ ਦਰਸਾਈਆਂ ਬਹੁਤੀਆਂ ਗੱਲਾਂ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ। ਵਾਰ-ਵਾਰ ਦੁਹਰਾਈਆਂ ਜਾਣ ਵਾਲੀਆਂ ਗੱਲਾਂ ਦਾ ਰੱਟਾ ਲਗਦਾ ਹੈ ਤੇ ਰੱਟਾ ਕਿਸੇ ਵੀ ਹਾਲਤ ਵਿਚ, ਕਿਸੇ ਵੀ ਧਰਮ ਵਿਚ ਜਾਇਜ਼ ਨਹੀਂ ਠਹਿਰਾਇਆ ਗਿਆ। ਲੋੜ ਹੈ ਗਿਆਨ ਪ੍ਰਾਪਤ ਕਰਕੇ ਉਸ ਨੂੰ ਜ਼ਿੰਦਗੀ ਦੇ ਅਮਲ ਵਿਚ ਢਾਲਣ ਦੀ। ਕੀਰਤਨ ਦੌਰਾਨ ਦਰਸਾਈਆਂ ਜਾਣ ਵਾਲੀਆਂ ਬਹੁਤੀਆਂ ਗੱਲਾਂ ਕਲਪਿਤ ਕਿੱਸੇ-ਕਹਾਣੀਆਂ ਦਾ ਹਿੱਸਾ ਹੁੰਦੀਆਂ ਹਨ। ਕਲਪਿਤ ਗੱਲਾਂ ਵਿਚ ਸੱਚਾਈਆਂ ਬਹੁਤ ਘੱਟ ਹੁੰਦੀਆਂ ਹਨ। ਸੋ ਇਹ ਜ਼ਿੰਦਗੀ ਦੇ ਅਮਲ ਵਿਚ ਢਾਲਣੀਆਂ ਔਖੀਆਂ ਹੋ ਜਾਂਦੀਆਂ ਹਨ। ਸੋ ਕੀਰਤਨ ਸੁਣਨ ਨਾਲ ਯਾਦਾਸ਼ਤ ਨਹੀਂ ਵੱਧਦੀ

**2. ਸਵਾਲ : ਧਰਤੀ ਬੋਲ਼ੀ ਕਿਉਂ ਹੋ ਜਾਂਦੀ ਹੈ?**

ਜਵਾਬ : ਵਿਗਿਆਨ ਸਾਨੂੰ ਸਿਖਾਉਂਦੀ ਹੈ ਕਿ ਵੱਖ-ਵੱਖ ਮਾਧਿਅਮਾਂ ਵਿਚੋਂ ਲੰਘਣ ਵਾਲੀ ਆਵਾਜ਼ ਦੀ ਰਫ਼ਤਾਰ ਵੀ ਮਾਧਿਅਮ 'ਤੇ ਨਿਰਭਰ ਕਰਦੀ ਹੈ। ਲੋਹੇ ਵਿਚ ਆਵਾਜ਼ ਦੀ ਗਤੀ ਤੇਜ਼ ਹੁੰਦੀ ਹੈ। ਪਾਣੀ ਵਿਚ ਵੀ ਆਵਾਜ਼ ਦੀ ਗਤੀ ਤੇਜ਼ ਹੁੰਦੀ ਹੈ। ਹਵਾ ਵਿਚ ਇਹ 330 ਮੀਟਰ ਪ੍ਰਤੀ ਸੈਕਿੰਡ ਹੁੰਦੀ ਹੈ। ਕਈ ਵਾਰ ਛੱਪੜਾਂ 'ਤੇ ਖੜ੍ਹ ਕੇ ਆਵਾਜ਼ ਦਿੱਤੀ ਜਾਂਦੀ ਹੈ। ਇਹ ਵੱਧ ਦੂਰੀ ਤੱਕ ਸੁਣਾਈ ਦਿੰਦੀ ਹੈ। ਕਿਉਂਕਿ ਪਾਣੀ ਆਵਾਜ਼ ਦੀ ਰਫ਼ਤਾਰ ਨੂੰ ਵਧਾਉਂਦਾ ਹੈ। ਮਾਧਿਅਮ ਆਵਾਜ਼ ਦੀ ਰਫ਼ਤਾਰ ਨੂੰ ਵਧਾਉਂਦਾ ਹੀ ਨਹੀਂ, ਸਗੋਂ ਕਈ ਵਾਰ ਆਵਾਜ਼ ਨੂੰ ਚੂਸ ਵੀ ਲੈਂਦਾ ਹੈ। ਜਿਵੇਂ ਅਸੀਂ ਵੇਖਿਆ ਹੈ, ਕਈ ਹਾਲ ਆਵਾਜ਼ ਨਾਲ ਗੂੰਜਦੇ ਹਨ। ਪਰ ਜਦੋਂ ਉਨ੍ਹਾਂ ਵਿਚ ਲੱਕੜ ਦੀ ਫ਼ਿਟਿੰਗ ਕਰ ਦਿੱਤੀ ਜਾਂਦੀ ਹੈ ਤਾਂ ਗੂੰਜਣੋ ਹੱਟ ਜਾਂਦੇ ਹਨ। ਸਿਨੇਮਿਆਂ ਵਿਚ ਇਸ ਤਰ੍ਹਾਂ ਹੀ ਕੀਤਾ ਜਾਂਦਾ ਹੈ। ਧਰਤੀ ਦੀ ਡੂੰਘਾਈ ਵਿਚ ਮਿੱਟੀ, ਪੱਥਰ, ਤੇਲ, ਪਾਣੀ, ਖਣਿਜ ਪਦਾਰਥ ਆਦਿ ਹੁੰਦੇ ਹਨ। ਇਨ੍ਹਾਂ ਥਾਵਾਂ ਤੋਂ ਲੰਘ ਰਹੀਆਂ ਰੇਲ ਗੱਡੀ ਦੀਆਂ ਕੂਕਾਂ ਇਸ ਮਾਧਿਅਮ ਦੀ ਰਫ਼ਤਾਰ ਤੇ ਆਵਾਜ਼ ਦੀ ਖਪਤ ਆਦਿ ਇਨ੍ਹਾਂ ਪਦਾਰਥਾਂ 'ਤੇ ਨਿਰਭਰ ਕਰਦੀ ਹੈ। ਕਈ ਥਾਵਾਂ 'ਤੇ ਇਸ ਕਰ ਕੇ ਧਰਤੀ ਬੋਲ਼ੀ ਮਹਿਸੂਸ ਹੁੰਦੀ ਹੈ।

**3. ਸਵਾਲ : ਕੀ ਦਵਾਈਆਂ ਰਾਹੀਂ ਕੱਦ ਵਧਾਇਆ ਜਾ ਸਕਦਾ ਹੈ?**

ਜਵਾਬ : ਕੱਦ ਹਮੇਸ਼ਾ ਸਰੀਰ ਵਿਚਲੇ ਹੱਡੀਆਂ ਦੇ ਢਾਂਚੇ 'ਤੇ ਨਿਰਭਰ ਕਰਦਾ ਹੈ। ਜਿਨ੍ਹਾਂ ਇਹ ਢਾਂਚਾ ਲੰਬਾ ਹੋਵੇਗਾ, ਓਨਾ ਹੀ ਵਿਅਕਤੀ ਦਾ ਕੱਦ ਹੋਵੇਗਾ। ਅੱਲ੍ਹੜ ਉਮਰ ਵਿਚ ਵਿਟਾਮਿਨ, ਟਾਨਿਕ ਆਦਿ ਲੜਕੇ-ਲੜਕੀਆਂ ਦੀ ਲੰਬਾਈ ਵਧਾ ਸਕਦੇ ਹਨ। ਪਰ ਵੀਹ ਸਾਲ ਦੀ ਉਮਰ ਤੋਂ ਬਾਅਦ ਜੇ ਤੁਹਾਨੂੰ ਕੋਈ ਦਵਾਈਆਂ ਰਾਹੀਂ ਕੱਦ ਵਧਾਉਣ ਦਾ ਨੁਸਖ਼ਾ ਦਿੰਦਾ ਹੈ, ਉਹ ਵਿਅਕਤੀ ਮੇਰੀ ਸਮਝ ਅਨੁਸਾਰ ਇਕ ਠੱਗ ਹੈ, ਜਿਸ ਦੀ ਨਿਗ੍ਹਾ ਤੁਹਾਡੀ ਜੇਬ 'ਤੇ ਹੈ। ਰੂਸ ਵਾਲਿਆਂ ਨੇ ਲੱਤਾਂ ਦੀਆਂ ਹੱਡੀਆਂ ਨੂੰ ਕੱਟ ਕੇ ਕੱਦ ਵਧਾਉਣ ਦੀ ਇਕ ਵਿਧੀ ਚਲਾਈ ਸੀ। ਇਹ ਵੀ ਅਸਫਲ ਹੋ ਗਈ ਹੈ।

**4. ਸਵਾਲ : ਗਰਮੀਆਂ ਵਿੱਚ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਜ਼ਿਆਦਾ ਕਿਉਂ ਵਾਪਰਦੀਆਂ ਹਨ?**

ਜਵਾਬ : ਕਿਸੇ ਵਸਤੂ ਦੇ ਅੱਗ ਫੜਨ ਲਈ ਤਿੰਨ ਗੱਲਾਂ ਦੀ ਜ਼ਰੂਰਤ ਹੁੰਦੀ ਹੈ। ਬਲਣਯੋਗ ਪਦਾਰਥ, ਬਲਣ ਵਿਚ ਸਹਾਇਕ ਆਕਸੀਜਨ ਅਤੇ ਲੋੜੀਂਦਾ ਤਾਪਮਾਨ। ਜੰਗਲਾਂ ਵਿਚ ਬਲਣਸ਼ੀਲ ਸੁੱਕੀ ਲੱਕੜ ਅਤੇ ਬਾਲਣ ਵਿਚ ਸਹਾਇਕ ਆਕਸੀਜਨ ਵੱਡੀ ਮਾਤਰਾ ਵਿਚ ਉਪਲਬਧ ਹੁੰਦੀ ਹੈ। ਗਰਮੀਆਂ ਵਿਚ ਤਾਪਮਾਨ ਪਹਿਲਾਂ ਹੀ ਜ਼ਿਆਦਾ ਹੁੰਦਾ ਹੈ। ਇਸ ਲਈ ਦਰੱਖਤਾਂ ਦੀ ਰਗੜ ਅਤੇ ਹਨੇਰੀਆਂ ਨਾਲ ਇੱਕ-ਦੂਜੇ ਨਾਲ ਖਹਿੰਦੇ ਟਾਹਣੇ ਤਾਪਮਾਨ ਨੂੰ ਹੋਰ ਵਧਾ ਦਿੰਦੇ ਹਨ। ਇਸ ਤਰ੍ਹਾਂ ਅੱਗ ਬਲਣ ਲਈ ਲੋੜੀਂਦਾ ਤਾਪਮਾਨ ਪੈਦਾ ਹੋ ਜਾਂਦਾ ਹੈ ਅਤੇ ਲੱਕੜਾਂ ਅੱਗ ਫੜ ਜਾਂਦੀਆਂ ਹਨ। ਇਸ ਤਰ੍ਹਾਂ ਆਲੇ-ਦੁਆਲੇ ਦਾ ਤਾਪਮਾਨ ਹੋਰ ਵਧ ਜਾਂਦਾ ਹੈ ਅਤੇ ਅੱਗ ਫੈਲਦੀ ਜਾਂਦੀ ਹੈ।

**5. ਸਵਾਲ : ਯੋਗ ਆਸ਼ਣਾਂ ਦੇ ਕੀ ਫ਼ਾਇਦੇ ਹੁੰਦੇ ਹਨ?**

ਜਵਾਬ : ਹਰ ਵਿਅਕਤੀ ਲਈ ਹਰੇਕ ਕਿਸਮ ਦੀ ਕਸਰਤ ਫ਼ਾਇਦੇਵੰਦ ਹੀ ਹੁੰਦੀ ਹੈ। ਸਕੂਲਾਂ ਵਿਚ ਫ਼ਿਜ਼ੀਕਲ ਦੇ ਅਧਿਆਪਕਾਂ ਅਤੇ ਫ਼ੌਜ ਵਿਚ ਡਰਿਲ ਮਾਸਟਰਾਂ ਵਲੋਂ ਕਰਵਾਈਆਂ ਜਾਂਦੀਆਂ ਪਰੇਡਾਂ ਸਰੀਰ ਨੂੰ ਬਹੁਤ ਮਜ਼ਬੂਤ ਕਰਦੀਆਂ ਹਨ। ਯੋਗਾ ਇਕ ਹਲਕੀ ਕਸਰਤ ਹੈ। ਇਹ ਫ਼ਾਇਦੇਵੰਦ ਤਾਂ ਹੈ, ਪਰ ਉਪਰੋਕਤ ਕਸਰਤਾਂ ਜਿੰਨ੍ਹੀ ਨਹੀਂ ਹੋ ਸਕਦੀ। ਉਂਝ ਵੀ ਯੋਗਾ ਦੋ-ਤਿੰਨ ਹਜ਼ਾਰ ਸਾਲ ਪੁਰਾਣੀ ਕਸਰਤ ਵਿਧੀ ਹੈ। ਸਾਡੇ ਪੁਰਖੇ ਇਸ ਦੀ ਵਰਤੋਂ ਕਰਦੇ ਰਹੇ ਹਨ। ਪਰ ਜਦੋਂ ਮੈਂ ਬੀਤੇ ਸਮਿਆਂ ਦੌਰਾਨ ਪੈਦਾ ਹੋਏ ਰਾਜੇ-ਮਹਾਰਾਜਿਆਂ ਦੀ ਔਸਤ ਉਮਰ ਦਾ ਹਿਸਾਬ ਲਾਉਂਦਾ ਹਾਂ ਤਾਂ ਇਸ ਨਤੀਜੇ 'ਤੇ ਪਹੁੰਚਦਾ ਹਾਂ ਕਿ ਉਨ੍ਹਾਂ ਦੀ ਔਸਤ ਉਮਰ ਜ਼ਿਆਦਾ ਨਹੀਂ ਸੀ। ਜਦੋਂ ਜਨਤਾ ਦੇ ਆਗੂਆਂ ਦੀ ਔਸਤ ਉਮਰ ਹੀ ਥੋੜ੍ਹੀ ਹੋਵੇਗੀ ਤਾਂ ਆਮ ਜਨਤਾ ਵੀ ਘੱਟ ਔਸਤ ਉਮਰ ਵਾਲੀ ਹੀ ਹੋਵੇਗੀ। 1935 ਵਿਚ ਯੋਗਾ ਵੀ ਸੀ, ਪਰ ਫਿਰ ਵੀ ਭਾਰਤ ਦੀ ਔਸਤ ਉਮਰ 35 ਵਰ੍ਹੇ ਹੀ ਸੀ। ਜੇ ਅੱਜ ਇਹ 67 ਸਾਲ 'ਤੇ ਪਹੁੰਚ ਗਈ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਯੋਗਾ ਕਰਕੇ ਨਹੀਂ ਪੁੱਜੀ।

**6. ਸਵਾਲ : ਜਿਹੜੇ ਧਾਰਮਿਕ ਸਥਾਨ ਗੁਰੂਆਂ ਜਾਂ ਪੈਗੰਬਰਾਂ ਦੀ ਛੋਹ ਪ੍ਰਾਪਤ ਹੁੰਦੇ ਹਨ ਕੀ ਉਹਨਾਂ ਵਿਚ ਜ਼ਿਆਦਾ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ?**

ਜਵਾਬ : ਕਿਸੇ ਵੀ ਧਾਰਮਿਕ ਸਥਾਨ ਵਿਚ ਕਿਸੇ ਕਿਸਮ ਦੀ ਕੋਈ ਗ਼ੈਬੀ-ਸ਼ਕਤੀ ਨਹੀਂ ਹੁੰਦੀ। ਪਰ ਇਨ੍ਹਾਂ ਸਥਾਨਾਂ ਦੀ ਯਾਤਰਾ ਕਰਨ ਵਾਲੇ ਵਿਅਕਤੀਆਂ ਵਿਚ ਇਕ ਆਤਮ-ਵਿਸ਼ਵਾਸ ਤਾਂ ਪੈਦਾ ਹੋ ਜਾਂਦਾ ਹੈ ਕਿ ਅਸੀਂ ਇਕ 'ਸੁੱਖ' ਪੂਰੀ ਕਰ ਦਿੱਤੀ ਹੈ। ਜੋ ਥੋੜ੍ਹਾ-ਬਹੁਤ ਸਿਹਤ 'ਤੇ ਮਨੋਵਿਗਿਆਨਕ ਪ੍ਰਭਾਵ ਜ਼ਰੂਰ ਪਾਉਂਦਾ ਹੈ। ਇਹ ਮਾਨਸਿਕ ਪ੍ਰਭਾਵ ਇਨ੍ਹਾਂ ਗੱਲਾਂ ਤੋਂ ਬਗ਼ੈਰ ਵੀ ਪੈਦਾ ਕੀਤਾ ਜਾ ਸਕਦਾ ਹੈ।

**7. ਸਵਾਲ : ਕੀ ਮਹਾਂਪੁਰਸ਼ ਧਰਤੀ 'ਤੇ ਵਧ ਰਹੇ ਪਾਪਾਂ ਦਾ ਭਾਰ ਆਪਣੇ ਉਪਰ ਚੁੱਕ ਲੈਂਦੇ ਹਨ?**

ਜਵਾਬ : ਮਹੀਨਾ ਪਹਿਲਾਂ ਦੀ ਗੱਲ ਹੈ ਕਿ ਮੈਂ ਲੁਧਿਆਣੇ ਤੋਂ ਚੰਡੀਗੜ੍ਹ ਵਾਪਸ ਪਰਤ ਰਿਹਾ ਸਾਂ। ਮੇਰੇ ਨਾਲ ਵਾਲੀ ਸੀਟ 'ਤੇ ਬੈਠਾ ਵਿਅਕਤੀ ਥਾਂ-ਥਾਂ 'ਤੇ ਸਿਰ ਝੁਕਾ ਰਿਹਾ ਸੀ। ਮੈਂ ਉਸ ਨੂੰ ਪੁੱਛਿਆ ਕਿ ਨਿਰੰਕਾਰੀ ਬਾਬੇ ਨੂੰ ਮੰਨਣ ਵਾਲੇ ਵਿਅਕਤੀ ਪਿੰਡਾਂ ਵਿਚ ਕਿੰਨੇ ਕੁ ਹਨ। ਉਹ ਕਹਿਣ ਲੱਗਿਆ ਕਿ ਸਾਡੇ ਪਿੰਡ ਵਿਚ ਉਨ੍ਹਾਂ ਦੀ ਗਿਣਤੀ ਕਾਫ਼ੀ ਹੈ। ਉਹ ਸਾਰੇ ਅੱਜ ਰੋ ਰਹੇ ਹਨ ਕਿਉਂਕਿ ਕੈਨੇਡਾ ਵਿਚ ਸੜਕ ਹਾਦਸੇ ਰਾਹੀਂ ਨਿਰੰਕਾਰੀ ਧਰਮ ਦੇ ਮੁਖੀ ਬਾਬਾ ਹਰਦੇਵ ਸਿੰਘ ਦੀ ਮੌਤ ਹੋ ਗਈ ਹੈ। ਮੈਂ ਕਿਹਾ ਕਿ ਉਹ ਤਾਂ ਲੱਖਾਂ ਵਿਅਕਤੀਆਂ ਦਾ ਰੱਬ ਸੀ। ਉਸ ਦੀ ਸੜਕ ਹਾਦਸੇ ਵਿਚ ਮੌਤ ਨਹੀਂ ਸੀ ਹੋਣੀ ਚਾਹੀਦੀ। ਉਹ ਕਹਿਣ ਲੱਗਿਆ ਕਿ ਉਨ੍ਹਾਂ ਨੇ ਧਰਤੀ ਦਾ ਕਾਫ਼ੀ ਸਾਰਾ ਭਾਰ ਆਪਣੇ ਉਪਰ ਚੁੱਕਿਆ ਹੋਇਆ ਸੀ। ਇਸ ਲਈ ਆਪਣੇ ਸ਼ਰਧਾਲੂਆਂ ਦੇ ਪਾਪਾਂ ਦਾ ਭਾਰ ਆਪਣੇ ਉਪਰ ਲੈਣ ਕਰਕੇ ਉਹ ਛੇਤੀ ਚਲੇ ਗਏ ਹਨ। ਮੈਂ

ਸਮਝਦਾ ਹਾਂ ਕਿ ਨਿਰੰਕਾਰੀ ਮੁਖੀ ਇਕ ਮਨੁੱਖ ਸੀ ਤੇ ਹਰੇਕ ਮਨੁੱਖ ਦੀ ਮੌਤ ’ਤੇ ਮੈਨੂੰ ਅਫ਼ਸੋਸ ਜ਼ਰੂਰ ਹੁੰਦਾ ਹੈ। ਪਰ ਇਹ ਭਾਰ ਚੁੱਕਣ ਵਾਲੀ ਗੱਲ ਮੈਨੂੰ ਗ਼ਲਤ ਲਗਦੀ ਹੈ। ਕੋਈ ਵੀ ਕਿਸੇ ਵਿਅਕਤੀ ਦੇ ਮਾੜੇ ਕੰਮ ਆਪਣੇ ਉਪਰ ਨਹੀਂ ਲੈ ਸਕਦਾ।

**8. ਸਵਾਲ : ਇਕ ਇਸਤਰੀ ਦੇ ਵਾਲਾਂ ਵਿਚ ਸੰਧੂਰ ਛੁਪਿਆ ਹੋਵੇ ਤਾਂ ਉਸ ਦਾ ਪਤੀ ਸਮਾਜ ਵਿਚ ਸਥਾਪਤ ਨਹੀਂ ਹੋ ਸਕਦਾ, ਜੇ ਸੰਧੂਰ ਪਾਸਿਆਂ ਨੂੰ ਨਿਕਲ ਜਾਵੇ ਤਾਂ ਪਤੀ ਆਪਣੇ ਰਸਤੇ ਤੋਂ ਭੜਕ ਜਾਂਦਾ ਹੈ। ਜੇ ਸੰਧੂਰ ਬਿਲਕੁਲ ਚੀਰ ਵਿਚ ਵਧੀਆ ਢੰਗ ਨਾਲ ਪਿਆ ਹੋਵੇ ਤਾਂ ਪਤੀ ਦਾ ਵੀ ਸਮਾਜ ਵਿੱਚ ਵਧੀਆ ਮਾਣ-ਸਨਮਾਨ ਹੁੰਦਾ ਹੈ। ਕੀ ਇਹ ਧਾਰਨਾ ਠੀਕ ਹੈ?**

ਜਵਾਬ : ਇਸਤਰੀ ਦੇ ਵਾਲਾਂ ਦੇ ਚੀਰ ਵਿਚ ਵਧੀਆ ਢੰਗ ਨਾਲ ਪਾਇਆ ਹੋਇਆ ਸੰਧੂਰ, ਉਸ ਇਸਤਰੀ ਦਾ ਸਲੀਕਾ ਦਰਸਾਉਂਦਾ ਹੈ। ਪਰ ਪਾਏ ਹੋਏ ਸੰਧੂਰ ਦਾ ਸਬੰਧ ਪਤੀ ਦੀਆਂ ਆਦਤਾਂ ਨਾਲ ਨਹੀਂ ਹੋ ਸਕਦਾ। ਇਸਤਰੀ ਦੇ ਚੀਰ ਵਿਚੋਂ ਪਾਸੇ ਹੋਇਆ ਸੰਧੂਰ ਉਸ ਦੇ ਪਤੀ ਨੂੰ ਰਸਤੇ ਤੋਂ ਕਿਵੇਂ ਭਟਕਾ ਸਕਦਾ ਹੈ। ਇਸ ਦਾ ਕੋਈ ਸਬੰਧ ਨਜ਼ਰ ਤਾਂ ਨਹੀਂ ਆਉਂਦਾ। ਇਸ ਲਈ ਇਹ ਸਾਰੀਆਂ ਗੱਲਾਂ ਮੈਨੂੰ ਅੰਧਵਿਸ਼ਵਾਸ ਹੀ ਜਾਪਦੀਆਂ ਹਨ।

**9. ਸਵਾਲ : ਕੀ ਵਰਤ ਰੱਖਣ ਨਾਲ ਭਗਵਾਨ ਖ਼ੁਸ਼ ਹੁੰਦਾ ਹੈ?**

ਜਵਾਬ : ਭਗਵਾਨ ਦੀ ਕੋਈ ਹੋਂਦ ਨਹੀਂ ਹੁੰਦੀ। ਸਾਡੀ ਧਰਤੀ ਏਨੀ ਸਮਰੱਥ ਹੈ ਕਿ ਉਹ ਧਰਤੀ ਦੇ ਹਰੇਕ ਵਸਨੀਕ ਨੂੰ ਢਿੱਡ ਭਰਵੀਂ ਰੋਟੀ ਦੇ ਸਕਦੀ ਹੈ। ਪਰ ਇੱਥੇ ਸਾਧਨਾਂ ਦੀ ਕਾਣੀ ਵੰਡ, ਧਰਤੀ ਦੇ ਅਰਬਾਂ ਵਿਅਕਤੀਆਂ ਨੂੰ ਭੁੱਖੇ ਢਿੱਡ ਸੌਣ ਲਈ ਮਜ਼ਬੂਰ ਕਰਦੀ ਹੈ। ਸੋ, ਵਰਤ ਰੱਖਣ ਜਾਂ ਨਾ ਰੱਖਣ ਨਾਲ ਸਬੰਧਤ ਵਿਅਕਤੀ ਤਾਂ ਚੰਗੇ-ਮਾੜੇ ਪ੍ਰਭਾਵਾਂ ਨਾਲ ਪ੍ਰਭਾਵਤ ਹੋ ਸਕਦਾ ਹੈ। ਪਰ ਉਸ ਦੇ ਭੁੱਖੇ ਰਹਿਣ ਨਾਲ ਉਸ ਦਾ ਰੱਬ ਜੇ ਹੋਵੇ ਵੀ ਤਾਂ ਉਹ ਕਦਾਚਿਤ ਖ਼ੁਸ਼ ਨਹੀਂ ਹੋਵੇਗਾ। ਇਸਤਰੀ ਦੇ ਭੁੱਖੇ ਰਹਿਣ ਨਾਲ ਉਸ ਦੇ ਮਰਦ ਉਪਰ ਵੀ ਕੋਈ ਪ੍ਰਭਾਵ ਨਹੀਂ ਪੈ ਸਕਦਾ।

**10. ਸਵਾਲ: ਦੂਰੀ ਮਾਪਣ ਦੇ ਢੰਗ ਕਿਹੜੇ-ਕਿਹੜੇ ਹਨ?**

ਜਵਾਬ : ਧਰਤੀ ’ਤੇ ਦੂਰੀ ਕਿਲੋਮੀਟਰਾਂ ਜਾਂ ਮੀਲਾਂ ਵਿਚ ਮਾਪੀ ਜਾਂਦੀ ਹੈ। ਜੋ ਘੱਟ ਦੂਰੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਮਿਲੀਮੀਟਰਾਂ ਜਾਂ ਸੈਂਟੀਮੀਟਰਾਂ ਵਿਚ ਮਾਪਿਆ ਜਾਂਦਾ ਹੈ। ਗ੍ਰਹਿਆਂ ਦੀ ਆਪਸੀ ਦੂਰੀ ਪ੍ਰਕਾਸ਼ ਸਾਲਾਂ ਵਿਚ ਮਾਪੀ ਜਾਂਦੀ ਹੈ। ਇਕ ਪ੍ਰਕਾਸ਼ ਸਾਲ, ਰੋਸ਼ਨੀ ਦੁਆਰਾ ਇਕ ਸਾਲ ਵਿਚ ਤੈਅ ਕੀਤੀ ਗਈ ਦੂਰੀ ਦੇ ਬਰਾਬਰ ਹੁੰਦਾ ਹੈ, ਪਰ ਬ੍ਰਹਿਮੰਡ ਵਿਚ ਤਾਰਿਆਂ ਦੀ ਦੂਰੀ ਏਨੀ ਜ਼ਿਆਦਾ ਹੁੰਦੀ ਹੈ ਕਿ ਇਨ੍ਹਾਂ ਨੂੰ ਪ੍ਰਕਾਸ਼ ਸਾਲਾਂ ਵਿਚ ਵੀ ਮਾਪਣਾ ਸੰਭਵ ਨਹੀਂ ਹੁੰਦਾ। ਉਸ ਲਈ ਸੂਰਜ ਤੋਂ ਧਰਤੀ ਦੀ ਦੂਰੀ ਨੂੰ ਇਕ ਏ.ਯੂ. ਮੰਨ ਲਿਆ ਜਾਂਦਾ ਹੈ ਅਤੇ ਦੂਸਰੇ ਤਾਰਿਆਂ ਦੀਆਂ ਦੂਰੀਆਂ, ਇਸ ਮੁਕਾਬਲੇ ਵਿਚ ਵੀ ਵੇਖੀਆਂ ਜਾਂਦੀਆਂ ਹਨ। ਏ.ਯੂ. ਦਾ ਭਾਵ ਐਸਟਰਾਨਾਮੀਕਲ ਯੂਨਿਟ ਤੋਂ ਹੈ।

**11. ਸਵਾਲ : ‘ਪ੍ਰਮਾਤਮਾ’ ਸ਼ਬਦ ਦੀ ਵਰਤੋਂ ਕਦੋਂ ਸ਼ੁਰੂ ਹੋਈ?**

ਜਵਾਬ : ਭਗਵਾਨ, ਵਾਹਿਗੁਰੂ, ਗਾਡ, ਪ੍ਰਮਾਤਮਾ, ਅੱਲ੍ਹਾ, ਖੁਦਾ, ਪਰਮ-ਪ੍ਰਮੇਸ਼ਰ ਆਦਿ ਸ਼ਬਦ ਦੀ ਸਿਰਜਣਾ ਮਨੁੱਖ ਨੇ ਹੀ ਕੀਤੀ ਹੈ। ਅੱਜ ਵੇਦ, ਸ਼ਾਸਤਰ ਅਤੇ ਹੋਰ ਧਾਰਮਿਕ ਗ੍ਰੰਥ ਸਾਰੇ ਇੰਟਰਨੈੱਟ ’ਤੇ ਉਪਲਬਧ ਹਨ। ਈਸਾਈ ਧਰਮ ਦੀ ਸ਼ੁਰੂਆਤ ਅੱਜ ਤੋਂ 2016 ਵਰ੍ਹੇ ਪਹਿਲਾਂ ਹੋਈ ਸੀ। ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਉਸ ਸਮੇਂ ਪਰਮ-ਪਿਤਾ ਸ਼ਬਦ ਵੀ ਪੈਦਾ ਨਹੀਂ ਹੋਇਆ ਹੋਵੇਗਾ। ਵਾਹਿਗੁਰੂ ਸ਼ਬਦ ਅੱਜ ਤੋਂ ਪੰਜ ਸੌ ਵਰ੍ਹੇ ਪਹਿਲਾਂ ਸਿਰਜਿਆ ਗਿਆ ਸੀ। ਸਭ ਤੋਂ ਪਹਿਲਾਂ ਇਸ ਸ਼ਬਦ ਦੀ ਵਰਤੋਂ ‘ਭੱਟ ਗਯੰਦ’ ਨੇ ਕੀਤੀ ਸੀ। ਇਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਉਂਦਾ ਹੈ। ਪ੍ਰਮਾਤਮਾ ਸ਼ਬਦ ਪਹਿਲੀ ਵਾਰ ਉਪਨਿਸ਼ਦਾਂ ਵਿਚ ਵਰਤਣਾ ਸ਼ੁਰੂ ਕੀਤਾ ਗਿਆ। ਇਹ ਉਪਨਿਸ਼ਦ ਦੋ ਕੁ ਹਜ਼ਾਰ ਸਾਲ ਪੁਰਾਣੇ ਹਨ।

**12. ਸਵਾਲ : ਕੀ ਮਹਾਂਦੀਪ ਇਕ ਦੂਜੇ ਤੋਂ ਦੂਰ ਹੋ ਰਹੇ ਹਨ?**

ਜਵਾਬ : ਕਰੋੜਾਂ ਵਰ੍ਹੇ ਪਹਿਲਾਂ ਧਰਤੀ ਇਕ ਹੀ ਸੀ। ਧਰਤੀ ਵਿਚ ਹੋਈਆਂ ਵੱਡੀਆਂ ਉਥਲਾਂ-ਪੁੱਥਲਾਂ ਕਾਰਨ ਧਰਤੀ ਦੀ ਅੰਦਰੂਨੀ ਲੋਹੇ ਦੀ ਤਹਿ ਵਿਚ ਤਰੇੜਾਂ ਪੈ ਗਈਆਂ। ਪਲੇਟਾਂ ਦੇ ਟੁੱਕੜੇ ਇਕ-ਦੂਜੇ ਤੋਂ ਦੂਰ ਹੱਟਣੇ ਸ਼ੁਰੂ ਹੋ ਗਏ। ਇਨ੍ਹਾਂ ਉਪਰ ਟਿਕੇ ਭੂ-ਤਲ ਅੱਡ-ਅੱਡ ਮਹਾਂਦੀਪ ਬਣ ਗਏ। ਅੱਜ ਵੀ ਇਹ ਮਹਾਂਦੀਪ ਇਕ-ਦੂਜੇ ਤੋਂ ਦੂਰ ਹੱਟ ਰਹੇ ਹਨ। ਇਨ੍ਹਾਂ ਵਿਚਲੀ ਦੂਰੀ ਕਿਤੇ ਦੋ ਸੈਂਟੀਮੀਟਰ ਪ੍ਰਤੀ ਸਾਲ ਹੈ ਤੇ ਕਿਤੇ 20 ਸੈਂਟੀਮੀਟਰ ਪ੍ਰਤੀ ਸਾਲ ਹੈ। ਅਲੱਗ ਹੋ ਰਹੇ ਮਹਾਂਦੀਪ ਵਿਚ ਵਧ ਰਹੀ ਦੂਰੀ ਨੂੰ ਜਦੋਂ ਘਟਾ ਕੇ ਵੇਖਿਆ ਜਾਂਦਾ ਹੈ ਤਾਂ ਉਹ ਸਮਾਂ ਵੀ ਨਿਕਲ ਆਉਂਦਾ ਹੈ, ਜਦੋਂ ਸਮੁੱਚੀ ਧਰਤੀ ਇਕ ਭੂ-ਤਲ ਸੀ, ਜਿਸ ਨੂੰ ‘ਪੈਂਜੀਆ’ ਕਿਹਾ ਜਾਂਦਾ ਸੀ। ਅੱਜ ਮਹਾਂਦੀਪਾਂ ਦੀ ਗਿਣਤੀ ਸੱਤ ਹੈ। ਮਹਾਂਦੀਪਾਂ ਦੇ ਟੁੱਕੜੇ ਤੇ ਰਫ਼ਤਾਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਧਰਤੀ ਇਕ ਹੀ ਸੀ।

**13. ਸਵਾਲ : ਕੀ ਜਾਨਵਰ ਭੂਚਾਲਾਂ ਬਾਰੇ ਪਹਿਲਾਂ ਹੀ ਦੱਸ ਦਿੰਦੇ ਹਨ?**

ਜਵਾਬ : ਕਹਿੰਦੇ ਹਨ ਕਿ ਪਾਕਿਸਤਾਨ ਵਿਚ ਕੋਇਟਾ ਦੇ ਭੂਚਾਲ ਸਮੇਂ ਲਹਿੰਦੇ ਪੰਜਾਬ ਵਿਚ ਵੱਡੀ ਤਬਾਹੀ ਹੋਈ ਸੀ। ਲੱਖਾਂ ਦੀ ਗਿਣਤੀ ਵਿਚ ਲੋਕ ਮਾਰੇ ਗਏ ਸਨ। ਕੁੱਤਿਆਂ ਨੇ ਭੂਚਾਲ ਆਉਣ ਤੋਂ ਪਹਿਲਾਂ ਹੀ ਚੀਕਣਾ ਸ਼ੁਰੂ ਕਰ ਦਿੱਤਾ ਸੀ। ਹੁਣ ਵੀ ਵੇਖਿਆ ਜਾਂਦਾ ਹੈ ਕਿ ਸ਼ਹਿਦ ਦੀਆਂ ਮੱਖੀਆਂ ਆਪਣੇ ਛੱਤਿਆਂ ਨੂੰ ਛੱਡ ਜਾਂਦੀਆਂ ਹਨ। ਡੱਡੂ ਛੱਪੜਾਂ ਵਿਚੋਂ ਬਾਹਰ ਆ ਜਾਂਦੇ ਹਨ। ਮੁਰਗੀਆਂ ਅੰਡੇ ਦੇਣਾ ਬੰਦ ਕਰ ਦਿੰਦੀਆਂ ਹਨ। ਇਹ ਅਜਿਹੀਆਂ ਨਿਸ਼ਾਨੀਆਂ ਹਨ, ਜਿਨ੍ਹਾਂ ਵੱਲ ਧਿਆਨ ਦੇਣ ਨਾਲ ਆਉਣ ਵਾਲੇ ਭੂਚਾਲਾਂ ਤੋਂ ਹੋਣ ਵਾਲਾ ਨੁਕਸਾਨ ਕਾਫ਼ੀ ਹੱਦ ਤਕ ਘਟਾਇਆ ਜਾ ਸਕਦਾ ਹੈ।



**14. ਸਵਾਲ : ਧਰਮਾਂ ਦੀ ਸ਼ੁਰੂਆਤ ਕਦੋਂ ਹੋਈ? ਸਭ ਤੋਂ ਪਹਿਲਾ ਧਰਮ ਕਿਹੜਾ ਹੈ**

ਜਵਾਬ : ਧਰਤੀ ਉਪਰ ਮਨੁੱਖਤਾ ਦੇ ਵਿਕਾਸ ਦੇ ਇਤਿਹਾਸ ਨੂੰ ਪੜ੍ਹਨ ਨਾਲ ਇਕ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ ਕਿ ਅੱਜ ਤੋਂ ਪੰਜ ਹਜ਼ਾਰ ਵਰ੍ਹੇ ਪਹਿਲਾਂ ਧਰਤੀ ਉਪਰ ਕਿਸੇ ਧਰਮ ਦਾ ਕੋਈ ਨਾਮ-ਨਿਸ਼ਾਨ ਨਹੀਂ ਸੀ। ਅਲੱਗ-ਅਲੱਗ ਆਦਿਵਾਸੀ ਮਨੁੱਖਾਂ ਦੇ ਸਮੂਹ ਆਪਣੇ ਮੁਰਦਿਆਂ ਨੂੰ ਪੂਜਦੇ ਸਨ। ਇਨ੍ਹਾਂ ਉਪਰ ਮਟੀਆ ਵਗੈਰਾ ਬਣਾਉਂਦੇ ਸਨ। ਪਰ ਅੱਜ ਤੋਂ ਛੇ-ਸੱਤ ਹਜ਼ਾਰ ਸਾਲ ਪਹਿਲਾਂ ਮੱਧ ਏਸ਼ੀਆ ਵਿਚੋਂ ਆਉਣ ਵਾਲੇ ਆਰੀਆ ਕਬੀਲਿਆਂ ਵਿਚ ਆਪਣੇ ਮੁਰਦਿਆਂ ਦੀਆਂ ਮਟੀਆਂ ਬਣਾਉਣ ਦਾ ਰਿਵਾਜ਼ ਪ੍ਰਚੱਲਤ ਸੀ। ਰਾਜੇ-ਮਹਾਰਾਜਿਆਂ ਨੇ ਇਨ੍ਹਾਂ ਆਦਿਵਾਸੀ ਕਬੀਲਿਆਂ ਨੂੰ ਆਪਣੇ ਅਧੀਨ ਕਰਨ ਲਈ ਬਹੁਤ ਸਾਰੀਆਂ ਲੜਾਈਆਂ ਲੜੀਆਂ। ਆਪਣੇ ਰਾਜ-ਭਾਗ ਵਿਚ ਬਗ਼ਾਵਤਾਂ ਦੀ ਸੰਭਾਵਨਾ ਨੂੰ ਘਟਾਉਣ ਲਈ ਰਾਜੇ-ਮਹਾਰਾਜਿਆਂ ਨੇ ਪੁਰੋਹਤ ਵਰਗ ਪੈਦਾ ਕੀਤਾ। ਜੋ ਹੌਲੀ-ਹੌਲੀ ਧਰਮਾਂ ਵਿਚ ਬਦਲ ਗਿਆ। ਹਿੰਦੂ ਧਰਮ ਧਰਤੀ ’ਤੇ ਸਭ ਤੋਂ ਪੁਰਾਣਾ ਧਰਮ ਮੰਨਿਆ ਗਿਆ ਹੈ। ਈਸਾ ਮਸੀਹ ਤੋਂ 1800 ਵਰ੍ਹੇ ਪਹਿਲਾਂ ਤਕ ਦੇਵਤਿਆਂ ਦੀਆਂ ਮੂਰਤੀਆਂ ਅਤੇ ਮੰਦਰਾਂ

ਦੀ ਕੋਈ ਹੋਂਦ ਨਹੀਂ ਸੀ। ਇਸ ਤੋਂ ਬਾਅਦ ਹੀ ਹਿੰਦੂ ਧਰਮ ਦੀ ਪੈਦਾਇਸ਼ ਹੋਈ। ਰਾਮਾਇਣ ਤੇ ਮਹਾਂਭਾਰਤ ਸਿਰਫ਼ ਕਲਪਨਾ 'ਤੇ ਆਧਾਰਤ ਹਨ, ਇਸ ਲਈ ਇਨ੍ਹਾਂ ਵਿਚ ਆਏ ਪਾਤਰਾਂ ਦਾ ਸਮਾਂ ਕੋਈ ਨਿਸ਼ਚਿਤ ਨਹੀਂ ਹੁੰਦਾ। ਮੁਸਲਿਮ ਧਰਮ ਹਜ਼ਰਤ ਮੁਹੰਮਦ ਦੇ ਜਨਮ ਤੋਂ ਸ਼ੁਰੂ ਹੋਇਆ। ਹਜ਼ਰਤ ਮੁਹੰਮਦ ਜੀ ਦਾ ਜਨਮ ਈਸਾ ਮਸੀਹ ਤੋਂ 570 ਵਰ੍ਹੇ ਬਾਅਦ ਹੋਇਆ ਸੀ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਸ ਧਰਮ ਦੀ ਸ਼ੁਰੂਆਤ 1446 ਵਰ੍ਹੇ ਪਹਿਲਾਂ ਹੋਈ। ਇਸੇ ਤਰ੍ਹਾਂ ਸਿੱਖ ਧਰਮ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ (1469 ਈ.) ਤੋਂ ਮੰਨੀ ਜਾ ਸਕਦੀ ਹੈ।

**15. ਸਵਾਲ : ਅੰਟਾਰਕਟਿਕਾ ਮਹਾਂਦੀਪ ਦਾ ਮਾਲਕ ਕਿਹੜਾ ਦੇਸ਼ ਹੈ?**

ਜਵਾਬ : ਅੰਟਾਰਕਟਿਕਾ ਮਹਾਂਦੀਪ ਦੁਨੀਆਂ ਦਾ ਸਭ ਤੋਂ ਠੰਢਾ ਇਲਾਕਾ ਹੈ। ਇੱਥੋਂ ਦਾ 98 ਫ਼ੀਸਦੀ ਭਾਗ ਬਰਫ਼ ਨੇ ਢਕਿਆ ਹੋਇਆ ਹੈ। ਇਥੇ ਤਾਪਮਾਨ -89 ਡਿਗਰੀ ਸੈਲਸੀਅਸ ਤੱਕ ਚਲਾ ਜਾਂਦਾ ਹੈ। ਕੋਈ ਵੀ ਮਨੁੱਖ ਇਸ ਮਹਾਂਦੀਪ 'ਤੇ ਆਪਣਾ ਪੱਕਾ ਟਿਕਾਣਾ ਨਹੀਂ ਬਣਾ ਸਕਦਾ ਕਿਉਂਕਿ ਦੁਨੀਆਂ ਦੇ 46 ਮੁਲਕਾਂ ਨੇ ਸਿਰ ਜੋੜ ਕੇ ਫ਼ੈਸਲਾ ਕੀਤਾ ਹੈ ਕਿ ਇਸ ਸਥਾਨ ਦੀ ਵਰਤੋਂ ਸਿਰਫ਼ ਸ਼ਾਂਤਮਈ ਵਿਗਿਆਨ ਦੀ ਖੋਜ-ਪੜਤਾਲ ਲਈ ਹੀ ਕੀਤੀ ਜਾਵੇਗੀ। ਇਸ ਲਈ ਇਸ ਥਾਂ 'ਤੇ ਬਹੁਤ ਸਾਰੇ ਦੇਸ਼ਾਂ ਦੀਆਂ ਪ੍ਰਯੋਗਸ਼ਾਲਾਵਾਂ ਬਣਾਈਆਂ ਹੋਈਆਂ ਹਨ। ਜਿਨ੍ਹਾਂ ਵਿਚ ਵਿਗਿਆਨੀ ਆਉਂਦੇ ਜਾਂਦੇ ਰਹਿੰਦੇ ਹਨ। ਜਾਨਵਰਾਂ ਵਿਚੋਂ ਸਿਰਫ਼ ਪੈਂਗੂਇਨਾਂ ਅਤੇ ਧਰੁਵੀ ਭਾਲੂਆਂ ਦੀਆਂ ਨਸਲਾਂ ਹੀ ਇੱਥੋਂ ਦੀਆਂ ਪੱਕੀਆਂ ਵਸਨੀਕ ਹਨ।

## ਤੁਹਾਡੇ ਖ਼ਤ

ਮੇਘ ਰਾਜ ਮਿੱਤਰ ਜੀ, ਮੇਰਾ ਨਾਮ ਬੱਬਲਪ੍ਰੀਤ ਸਿੰਘ ਹੈ। ਮੈਂ ਗੁਰਦਾਸਪੁਰ ਦੇ ਪਿੰਡ ਤਰਪੱਲਾ ਦਾ ਰਹਿਣ ਵਾਲਾ ਹਾਂ। ਮੈਂ ਪਿਛਲੇ ਕੁਝ ਸਮੇਂ ਤੋਂ 'ਵਿਗਿਆਨ ਜੋਤ' ਮੈਗਜ਼ੀਨ ਪ੍ਰਾਪਤ ਕਰ ਰਿਹਾ ਹਾਂ। ਦਿਲ ਨੂੰ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਤੁਹਾਡੇ ਅਤੇ ਤੁਹਾਡੇ ਸਾਥੀਆਂ ਦੁਆਰਾ ਮੈਗਜ਼ੀਨ ਵਿੱਚ ਲਿਖੇ ਹੋਏ ਲੇਖਾਂ ਨੂੰ ਪੜ੍ਹਦਾ ਹਾਂ। ਤੁਸੀਂ ਬਹੁਤ ਹੀ ਵੱਡਾ ਉਪਰਾਲਾ ਕਰ ਰਹੇ ਹੋ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਦਾ ਅਤੇ ਵਿਗਿਆਨ ਨਾਲ ਜੁੜਨ ਦਾ। ਮੇਘ ਰਾਜ ਮਿੱਤਰ ਜੀ ਤੁਹਾਡੇ ਵੱਲੋਂ ਸੰਪਾਦਿਤ ਤਰਕਬਾਣੀ, ਤਰਕਜੋਤੀ, ਸ਼ੰਕਾ ਨਵਿਰਤੀ ਆਦਿ ਕਿਤਾਬਾਂ ਪੜ੍ਹੀਆਂ ਹਨ ਮੇਰੇ ਮਨ ਵਿੱਚ ਵੀ ਜੋ ਕੁਝ ਵਹਿਮ-ਭਰਮ ਸਨ ਉਹ ਦੂਰ ਹੋ ਗਏ ਹਨ। ਅਤੇ ਜੋ ਭੁਲੇਖੇ ਜਾਂ ਵਹਿਮ ਰਹਿ ਗਏ ਹਨ, ਉਮੀਦ ਹੈ ਆਉਣ ਵਾਲੇ ਦਿਨਾਂ ਵਿੱਚ ਉਹ ਵੀ ਦੂਰ ਹੋ ਜਾਣਗੇ। ਮੇਘ ਰਾਜ ਮਿੱਤਰ ਜੀ ਮੈਂ ਤੁਹਾਡਾ ਦਿਲੋਂ ਸ਼ੁਕਰਗੁਜ਼ਾਰ ਹਾਂ ਇਹ ਜੋ ਤੁਸੀਂ ਏਨੀ ਮਿਹਨਤ ਨਾਲ ਲੋਕਾਂ ਦੇ ਦਿਮਾਗ 'ਚੋਂ ਵਹਿਮ ਅਤੇ ਡਰ ਕੱਢਦੇ ਹੋ।

ਤੁਹਾਡਾ ਸ਼ੁਕਰਗੁਜ਼ਾਰ, ਬੱਬਲਪ੍ਰੀਤ ਸਿੰਘ

-o-

ਸਾਥੀ ਮਿੱਤਰ ਜੀ, ਜੈ ਵਿਗਿਆਨ। ਸਾਥੀ ਜੀ 4 ਸਵਾਲ ਭੇਜ ਰਿਹਾ ਹਾਂ ਕ੍ਰਿਪਾ ਕਰਕੇ ਇਨ੍ਹਾਂ ਨੂੰ ਜਰੂਰ ਹੀ ਵਿਗਿਆਨ ਜੋਤ ਮਈ-ਜੂਨ 2016 ਵਿੱਚ ਸਥਾਨ ਦੇ ਦੇਣਾ। ਮੈਂ ਆਉਣਾ ਤਾਂ ਆਪ ਹੀ ਸੀ ਪ੍ਰੰਤੂ ਵੱਡੀ ਉਮਰ ਕਾਰਨ ਮੈਂ ਨਾ ਸਾਇਕਲ ਚਲਾ ਸਕਦਾ ਹਾਂ ਅਤੇ ਨਾ ਹੀ ਕੋਈ ਹੋਰ ਸਾਧਨ ਹੈ।

1. ਸੂਰਜ ਗ੍ਰਹਿਣ ਸਮੇਂ ਕਿਹਾ ਜਾਂਦਾ ਹੈ ਕਿ ਉਸ ਸਮੇਂ ਨੰਗੀਆਂ ਅੱਖਾਂ ਨਾਲ ਸੂਰਜ ਵੱਲ ਨਹੀਂ ਦੇਖਣਾ ਚਾਹੀਦਾ। ਇਸ ਨਾਲ ਅੱਖਾਂ ਤੇ ਬੁਰਾ ਪ੍ਰਭਾਵ ਪੈਂਦਾ ਹੈ। ਪ੍ਰੰਤੂ ਕੀ ਸੂਰਜ ਗ੍ਰਹਿਣ ਦਾ ਬੁਰਾ ਪ੍ਰਭਾਵ ਪਸ਼ੂ, ਪੰਛੀ ਤੇ ਪਰਜੀਵਾਂ ਤੇ ਨਹੀਂ ਪੈਂਦਾ।

2. ਛੱਤ ਵਾਲਾ ਪੱਖਾ ਚੱਲਦੇ ਸਮੇਂ ਉਸਦੇ ਫੱਰ ਠੀਕ ਦਿਸਾ ਵੱਲ ਚੱਲਦੇ ਹਨ। ਪ੍ਰੰਤੂ ਉਸਦੇ ਅੰਦਰਲਾ ਹਿੱਸਾ ਦੂਜੀ ਤਰਫ ਚੱਲਦਾ ਦਿੱਸਦਾ ਹੈ। ਅਜਿਹਾ ਕਿਉਂ ਹੈ।

3. ਸਾਡਾ ਦੇਸ਼ ਖਾਸ ਕਰਕੇ ਪੰਜਾਬ ਵਿੱਚ ਧਾਰਮਿਕ ਸਥਾਨਾਂ ਦੀ ਗਿਣਤੀ ਵੱਧਦੀ ਹੈ ਪ੍ਰੰਤੂ ਧਾਰਮਿਕ ਪ੍ਰਚਾਰ ਦਾ ਕਿਸੇ ਤੇ ਕੋਈ ਅਸਰ ਨਹੀਂ ਹੁੰਦਾ। ਅਜਿਹਾ ਕਿਉਂ ਹੈ।

4. ਬੁਰੀ ਗੱਲ ਦਾ ਅਸਰ ਬੰਦੇ ਤੇ ਛੇਤੀ ਪੈ ਜਾਂਦਾ ਹੈ। ਪ੍ਰੰਤੂ ਚੰਗੀ ਗੱਲ ਦਾ ਪ੍ਰਭਾਵ ਅਸਲ ਵਿੱਚ ਹੁੰਦਾ ਹੀ ਨਹੀਂ ਹੈ ਤੇ ਜੇ ਹੁੰਦਾ ਵੀ ਹੈ ਤਾਂ ਬਹੁਤ ਘੱਟ ਤੇ ਦੇਰ ਨਾਲ ਹੁੰਦਾ ਹੈ।

-ਸੁਖਦੇਵ ਚੰਦ ਰਿਟਾਇਰਡ ਹੈਡ ਟੀਚਰ, ਬਰਨਾਲਾ

✪ ਨੋਟ: ਇਹਨਾਂ ਸਵਾਲਾਂ ਦੇ ਜਵਾਬ ਜਾਨਣ ਲਈ ਪਾਠਕ ਸ਼ੰਕਾ ਨਿਵਰਤੀ ਪੁਸਤਕ ਪੜ੍ਹ ਸਕਦੇ ਹਨ।


# ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ ਬਣਾਉਣ ਵਾਲੇ ਨੂੰ**

70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ ਬਣਾਉਣ ਵਾਲੇ ਨੂੰ**

160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ ਬਣਾਉਣ ਵਾਲੇ ਨੂੰ**

340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ ਬਣਾਉਣ ਵਾਲੇ ਨੂੰ**

1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ 'ਤੇ ਭੇਜੀ ਜਾਵੇ :

**ਅਮਿੱਤ ਮਿੱਤਰ**
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ






# ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ, ਬਰਨਾਲਾ-148101
ਈਮੇਲ: tarksheel@gmail.com

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

# ਵਿਗਿਆਨਕ ਖਬਰਾਂ





### ✪ 555 ਦਿਨ, 24 ਘੰਟੇ ਪਿੱਠ ’ਤੇ ਦਿਲ ਲਈ ਘੁੰਮਦਾ ਰਿਹਾ

ਅਮਰੀਕਾ ਦੇ ਸਟਾਨ ਲਾਰਨਿਕ 25 ਸਾਲ ਦੇ ਹਨ। ਹਾਲ ਵਿੱਚ ਹੀ ਉਹਨਾਂ ਦਾ ਦਿਲ ਬਦਲਿਆ ਗਿਆ। ਸਟਾਨ ਕਰੀਬ ਡੇਢ ਸਾਲ ਤੋਂ ਬਿਨਾਂ ਮਨੁੱਖੀ ਦਿਲ ਦੇ ਜਿੰਦਗੀ ਜੀਅ ਰਿਹਾ ਸੀ। ਡਾਕਟਰਾਂ ਨੇ ਉਸਨੂੰ ਨਕਲੀ ਦਿਲ ਲਾਇਆ। ਜੋ ਉਹਨਾਂ ਦੇ ਸਰੀਰ ਦਾ ਸੰਚਾਲਨ ਬਣਾਈ ਰੱਖਦਾ ਹੈ। ਇਸ ਵਜਾ ਨਾਲ ਸਟਾਨ ਨੂੰ 24 ਘੰਟੇ ਬੈਗ ਵਿੱਚ ਨਕਲੀ ਦਿਲ ਰੱਖਣਾ ਪੈਂਦਾ ਸੀ।

ਇਸ ਲਈ, ਸਟਾਨ ਅਤੇ ਉਹਨਾਂ ਦੇ ਸਕੇ ਭਰਾ ਡੋਮੀਨਿਕ ਨੂੰ ਬਚਪਨ ਤੋਂ ਹੀ ਪਤਾ ਚੱਲ ਗਿਆ ਸੀ ਕਿ ਉਹਨੂੰ ਵੰਸ਼ਨੂਗਤ ਕਾਰਡੀਉਮਾਉਪੈਥੀ ਬੀਮਾਰੀ ਸੀ। ਇਸ ਵਿੱਚ ਦਿਲ ਕਦੇ ਵੀ ਬਿਨਾਂ ਸੂਚਿਤ ਕੀਤੇ ਕੰਮ ਕਰਨਾ ਬੰਦ ਕਰ ਦਿੰਦਾ ਹੈ। ਇਹ ਕਾਫੀ ਗੰਭੀਰ ਬੀਮਾਰੀ ਹੈ। ਇਸਦੇ ਬਾਵਜੂਦ ਦੋਵੇਂ ਭਰਾ ਹੌਸਲਾ ਨਹੀਂ ਹਾਰੇ। ਉਹ ਆਮ ਜਿੰਦਗੀ ਜੀਅ ਰਹੇ ਹਨ। 2014 ਵਿੱਚ ਅਚਾਨਕ ਦੋਨੋਂ ਭਰਾਵਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਡਾਕਟਰਾਂ ਨੇ ਦੱਸਿਆ ਕਿ ਉਹਨਾਂ ਦੇ ਦਿਲ ਬਦਲਣੇ ਪੈਣਗੇ। ਦਾਨੀ ਨਾ ਮਿਲਣ ਕਰਕੇ ਡਾਕਟਰਾਂ ਨੇ ਨਕਲੀ ਦਿਲ ਲਗਾਉਣ ਦਾ ਫੈਸਲਾ ਲਿਆ। ਛੋਟੇ ਭਰਾ ਨੂੰ ਜਨਵਰੀ 2015 ਵਿੱਚ ਡੋਨਰ ਮਿਲ ਜਾਣ ਤੇ ਦਿਲ ਬਦਲ ਦਿੱਤਾ ਗਿਆ। ਪਰ ਸਟਾਨ ਨੂੰ ਹੁਣ ਮਈ ਵਿੱਚ ਡੋਨਰ ਮਿਲਿਆ। ਸਟਾਨ 555 ਦਿਨ ਤੱਕ ਨਕਲੀ ਦਿਲ ਦੇ ਸਹਾਰੇ ਜਿੰਦਾ ਰਿਹਾ। ਜੋ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਇਸਦਾ ਵਜਨ 13.5 ਪਾਊਂਡ ਹੈ। ਸਟਾਨ ਕਈ ਬਾਰ ਇਸਨੂੰ ਪਾ ਕੇ ਬਾਸਕਟਬਾਲ ਵੀ ਖੇਡਦਾ ਸੀ। ਇਸਨੂੰ ਦੇਖ ਕੇ ਡਾਕਟਰ ਵੀ ਹੈਰਾਨ ਸਨ। 2014 ਵਿੱਚ ਲਾਰਕਿਨ ਅਤੇ ਉਸਦੇ ਭਰਾ ਨੂੰ ਮਿਸਿਗਨ ਯੂਨੀਵਰਸਿਟੀ ਹਸਪਤਾਲ ਤੋਂ ਨਕਲੀ ਦਿਲ ਲਾ ਕੇ ਛੁੱਟੀ ਦਿੱਤੀ ਗਈ। ਇਸਨੂੰ ‘ਸਾਇਕਡਿਆਂ’ ਕਹਿੰਦੇ ਹਨ। ਫ੍ਰਾਕਟੇਲ ਕੋਰਡੀਓਵਸਕੂਲਰ ਸੇਂਟਰ ਦੇ ਟਰਾਂਸਪਲਾਂਟ ਸਰਜਨ ਜੋਨਾਧਨ ਹਾਫਟ ਦੱਸਦੇ ਹਨ, ਦੋਵਾਂ ਭਰਾਵਾਂ ਦੀ ਹਾਲਤ ਬੇਹੱਦ ਗੰਭੀਰ ਸੀ, ਉਹਨਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਸਾਨੂੰ ਟਰਾਂਸਪਲਾਂਟ ਲਈ ਦਿਲ ਦੀ ਜਰੂਰਤ ਸੀ, ਨਾਲ ਹੀ ਸਾਡੇ ਕੋਲ ਬਹੁਤ ਘੱਟ ਸਮਾਂ ਸੀ। ਕੁਝ ਸਮੇਂ ਵਿੱਚ ਡਾਕਟਰਾਂ ਨੇ ਉਹਨਾਂ ਦੇ ਦਿਲ ਲਈ ਇੱਕ ਯੰਤਰ ਤਿਆਰ ਕਰ ਲਿਆ। ਸਟਾਨ ਇਸ ਯੰਤਰ ਨੂੰ ਲਿਫਾਫੇ ਦੀ ਤਰ੍ਹਾ ਇਸਤੇਮਾਲ ਕਰਦਾ ਸੀ।

### ✪ ਹੁਣ ਸੋਲਰ ਪਾਵਰ ਸੀਮੇਂਟ ਨਾਲ ਰਾਤ ਨੂੰ ਚਮਕਣਗੀਆਂ ਸੜਕਾਂ

ਮੈਕਸਿਕੋ ਦੇ ਵਿਗਿਆਨੀਆਂ ਨੇ ਇੱਕ ਅਨੋਖੀ ਖੋਜ ਕੀਤੀ ਹੈ। ਉਹਨਾਂ ਨੇ ਅਜਿਹਾ ਸੋਲਰ ਸਿਸਟਮ ਬਣਾਉਣ ਦਾ ਦਾਵਾ ਕੀਤਾ, ਜਿਸਦੇ ਪ੍ਰਯੋਗ ਨਾਲ ਸੜਕਾਂ ਰਾਤਾਂ ਨੂੰ ਚਮਕਣਗੀਆਂ। ਇਸ ਨਾਲ ਦੁਰਘਟਨਾਵਾਂ ਘੱਟਣਗੀਆਂ। ਨਾਲ ਹੀ ਸੜਕ ਕਿਨਾਰੇ ਸਟਰੀਟ ਲਾਈਟ ਦੀ ਵੀ ਜਰੂਰਤ ਨਹੀਂ ਪਵੇਗੀ। ਇਸਦਾ ਮਟੀਰੀਅਲ ਦਿਨ ਵਿੱਚ ਚਾਰਜ ਹੋਵੇਗਾ ਅਤੇ ਰਾਤ ਨੂੰ 12 ਘੰਟੇ ਤੱਕ ਨੀਲੇ ਰੰਗ ਦੀ ਲਾਈਟ ਵਿੱਚ ਚਮਕੇਗਾ।

ਇਹ ਸਫਲਤਾ ਯੂਨੀਵਰਸਿਟੀ ਆਫ ਸੇਨ ਨਿਕੋਲਸ ਹਿੰਡਾਲਗੋਂ ਦੇ ਵਿਗਿਆਨੀਆਂ ਨੇ ਹਾਸਿਲ ਕੀਤੀ ਹੈ। ਯੂਨੀਵਰਸਿਟੀ ਦੇ ਵਿਗਿਆਨਕ ਜੋਸੀ ਕਲਾਰਸ ਰੂਬਿਓ ਅਤੇ ਉਹਨਾਂ ਦੀ ਟੀਮ ਨੌਂ ਸਾਲ ਤੋਂ ਸੋਲਰ ਸੀਮੇਂਟ ਬਣਾਉਣ ਵਿੱਚ ਲੱਗੀ ਹੋਈ ਸੀ। ਇਸਨੂੰ ਚਾਰਜ ਕਰਨ ਦੇ ਲਈ ਬੈਟਰੀ ਦੀ ਲੋੜ ਨਹੀਂ ਸੀ। ਇੱਕ ਬਾਰ ਪ੍ਰਯੋਗ ਹੋਣ ਤੋਂ ਬਾਅਦ ਇਹ ਸੀਮੇਂਟ ਕਰੀਬ 100 ਸਾਲ ਤੱਕ ਚੱਲੇਗੀ। ਇਸਦਾ ਪ੍ਰਯੋਗ ਘਰਾਂ ਦੇ ਬਾਹਰ ਦੀਆਂ ਦੀਵਾਰਾਂ ਉੱਪਰ ਕੀਤਾ ਜਾਵੇਗਾ। ਇਸ ਨਾਲ ਗੂੜੇ ਰੰਗ ਦੀਆਂ ਦੀਵਾਰਾਂ ਖੂਬਸੂਰਤ ਲੱਗਣਗੀਆਂ। ਉਹਨਾਂ ਨੂੰ ਪੇਂਟ ਕਰਨ ਦੀ ਜ਼ਰੂਰਤ ਨਹੀਂ ਪਵੇਗੀ।

ਅਸਲ ਵਿੱਚ, ਇਸ ਸੀਮੇਂਟ ਕਣ ਸੂਰਜ ਦੀ ਰੋਸ਼ਨੀ ਨੂੰ ਸੋਖ ਲੈਂਦੇ ਹਨ। ਜਿਸ ਕਰਕੇ ਇਸਦੇ ਨਾਲ ਬਣੀਆਂ ਸੜਕਾਂ ਚਮਕਦੀਆਂ ਰਹਿੰਦੀਆਂ ਹਨ। ਇਹ ਦਿਨ ਵਿੱਚ ਬਦਲ ਹੋਣ ਤੇ ਨਾਲ ਵੀ ਚਾਰਜ ਹੁੰਦੀਆਂ ਰਹਿੰਦੀਆ ਹਨ। ਇਹ ਲਗਾਤਾਰ 12 ਘੰਟੇ ਚਮਕਦੀਆਂ ਰਹਿੰਦੀਆਂ ਹਨ। ਇੱਥੋਂ ਨਿਕਲਣ ਵਾਲੀਆਂ ਨੀਲੀਆਂ ਲਾਈਟਾਂ ਨੂੰ ਜਗਦੀਆਂ। ਰੱਖਿਆ ਜਾ ਸਕਦਾ ਹੈ ਤਾਂ ਜੋ ਸੜਕ ਤੇ ਚੱਲਣ ਵਾਲੇ ਸਾਧਨਾਂ ਨੂੰ ਕੋਈ ਮੁਸ਼ਕਿਲ ਨਾ ਆਵੇ। ਸੀਮੇਂਟ ਦੀ ਇੱਕ ਹੋਰ ਖਾਸੀਅਤ ਇਹ ਵੀ ਹੈ ਕਿ ਇਹ ਸਿਰਫ ਸੂਰਜ ਦੀ ਰੋਸ਼ਨੀ ਤੇ ਹੀ ਨਿਰਭਰ ਨਹੀਂ ਰਹਿੰਦੀ।

ਜੋਸ ਕਲਾਰਸ ਰੋਬਿਓ ਕਹਿੰਦੇ ਹਨ ‘ਜਦੋਂ ਨੋ ਸਾਲ ਪਹਿਲਾਂ ਮੈਂ ਇਹ ਪ੍ਰੋਜੈਕਟ ਸ਼ੁਰੂ ਕੀਤਾ ਤਾਂ ਰਿਸਰਚ ਵਿੱਚ ਪਾਇਆ ਗਿਆ ਕਿ ਇਹੋ ਜਿਹੀ ਚੀਜ਼ ਦੁਨੀਆਂ ਵਿੱਚ ਕਿਤੇ ਨਹੀਂ ਹੈ। ਫਿਰ ਮੈਨੂੰ ਲੱਗਿਆ ਕਿ ਇਸ ਉੱਪਰ ਕੰਮ ਕੀਤਾ ਜਾ ਸਕਦਾ ਹੈ। ਇਸਦਾ ਮੁੱਖ ਉਦੇਸ਼

ਇਹੋ ਜਿਹਾ ਸੀਮੇਂਟ ਬਣਾਉਣਾ ਹੈ, ਜੋ ਕਿਸੇ ਵੀ ਤਰ੍ਹਾਂ ਦੀ ਰੋਸ਼ਨੀ ਨੂੰ ਆਰ-ਪਾਰ ਨਾ ਜਾਣ ਦੇਵੇ। ਆਮ ਸੀਮੇਂਟ ਮਿੱਟੀ ਦੀ ਤਰ੍ਹਾਂ ਹੁੰਦਾ ਹੈ ਜਦੋਂ ਇਸ ਵਿੱਚ ਪਾਣੀ ਮਿਲਾਇਆ ਜਾਂਦਾ ਹੈ ਤਾਂ ਉਹ ਘੁਲਣ ਲੱਗਦੀ ਹੈ। ਇਸ ਸਮੇਂ ਇਹ ਜੈੱਲ ਵਿੱਚ ਬਦਲ ਜਾਂਦੀ ਹੈ ਜੋ ਕਾਫੀ ਸਖਤ ਅਤੇ ਰੇਜਿਸਟੇਂਟ ਹੁੰਦੀ ਹੈ।

ਇਹਨਾਂ ਵਿੱਚੋਂ ਕੁਝ ਕ੍ਰਿਸਟਲ ਫਲੈਕਸ ਬਣ ਜਾਂਦੇ ਹਨ ਜੋ ਕਿ ਗੈਰਜਰੂਰੀ ਪ੍ਰੋਡਕਸ ਹੁੰਦੇ ਹਨ। ਸੀਮੇਂਟ ਤੋਂ ਰੋਸ਼ਨੀ ਪਾਰ ਕਰਨ ਲਈ ਰੋਬੀਓ ਅਤੇ ਉਨ੍ਹਾਂ ਦੀ ਟੀਮ ਨੇ ਸੀਮੇਂਟ ਵਿੱਚ ਗੈਰਜ਼ਰੂਰੀ ਕ੍ਰਿਸਟਲ ਕੱਢ ਦਿੱਤੇ ਤਾਂ ਜੋ ਉਹ ਜਮ ਜਾਵੇ। ਜੈੱਲ ਦੇ ਰੂਪ ਵਿੱਚ ਇਹ ਦਿਨ ਵਿੱਚ ਸੋਲਰ ਐਨਰਜੀ ਸੋਖ ਲੈਂਦੀ ਹੈ ਅਤੇ ਰਾਤ ਵਿੱਚ ਚਮਕਦੀ ਹੈ। ਸੀਮੇਂਟ ਵਾਤਾਵਰਨ ਮਿੱਤਰਤਾਪੂਰਵਕ ਵੀ ਹੈ, ਕਿਉਂਕਿ ਇਹ ਰੇਤ, ਗਿੱਲੀ ਮਿੱਟੀ ਤੋਂ ਬਣੀ ਹੈ ਜੋ ਜੈੱਲ ਬਣਾਉਂਦੀ ਹੈ। ਇਹ ਕਾਫੀ ਸਸਤੀ ਵੀ ਹੈ। ਸੀਮੇਂਟ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਗਿਆ ਹੈ।

**✪ ਪੱਥਰ ਵਰਗਾ ਬਣ ਰਿਹੈ 11 ਸਾਲ ਦੇ ਬੱਚੇ ਦਾ ਸਰੀਰ**



ਕਠਮੰਡੂ, 9 ਜੂਨ (ਏਜੰਸੀ)-ਨੇਪਾਲ 'ਚ 11 ਸਾਲ ਦਾ ਇਕ ਬੱਚਾ ਦੁਰਲੱਭ ਬੀਮਾਰੀ ਦੇ ਚੱਲਦਿਆਂ ਪੱਥਰ ਦਾ ਬੁੱਤ ਬਣਦਾ ਜਾ ਰਿਹਾ ਹੈ। ਰਮੇਸ਼ ਦਾ ਪੂਰਾ ਸਰੀਰ ਪੱਥਰ ਵਰਗਾ ਹੋ ਗਿਆ। ਆਮ ਬੱਚਿਆਂ ਵਾਂਗ ਪੈਦਾ ਹੋਏ ਰਮੇਸ਼ ਦੀ ਚਮੜੀ ਜਨਮ ਦੇ 15 ਦਿਨਾਂ ਬਾਅਦ ਸਖਤ ਹੋਣ ਲੱਗੀ। ਉਸਨੂੰ ਇਕਥੀਓਸਿਸ ਨਾਂਅ ਦੀ ਬੀਮਾਰੀ ਨੇ ਜਕੜ ਲਿਆ। ਇਸਦੇ ਚੱਲਦਿਆਂ ਰਮੇਸ਼ ਦੀ ਚਮੜੀ ਮੋਟੀ ਸਖਤ ਕਾਲੀ ਧਾਰਦਾਰ ਹੋ ਗਈ। ਡਾਕਟਰ ਅਨੁਸਾਰ ਇਹ ਬੀਮਾਰੀ ਇਕ ਤਰ੍ਹਾਂ ਦਾ ਫੰਗਲ ਇਨਫੈਕਸ਼ਨ ਹੈ। ਜਿਸਦਾ ਇਲਾਜ ਬੇਹੱਦ ਮਹਿੰਗਾ ਅਤੇ ਮੁਸ਼ਕਿਲ ਹੈ। ਰਮੇਸ਼ ਦੇ ਮਾਤਾ ਪਿਤਾ ਅਨੁਸਾਰ ਇਸ ਬੀਮਾਰੀ ਦੇ ਚੱਲਦਿਆਂ ਉਨ੍ਹਾਂ ਦਾ ਬੇਟਾ 6 ਸਾਲ ਦੀ ਉਮਰ ਤੋਂ ਚੱਲ ਫਿਰ ਨਹੀਂ ਰਿਹਾ। ਉਹ ਸਿਰਫ ਇੰਨਾ ਹੀ ਦੱਸ ਸਕਦਾ ਹੈ ਕਿ ਉਸ ਨੂੰ ਕਦੇ ਭੁੱਖ ਲੱਗ ਰਹੀ ਹੈ ਤੇ ਕਦੋਂ ਪਖਾਨੇ ਜਾਣਾ ਹੈ। ਬੀਮਾਰੀ ਦੇ ਡਰ ਕਰਕੇ ਹੋਰ ਬੱਚੇ ਰਮੇਸ਼ ਕੋਲ ਨਹੀਂ ਆਉਂਦੇ। ਰਮੇਸ਼ ਦਾ ਮਾਮਲਾ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਣ 'ਤੇ ਬ੍ਰਿਟਿਸ਼ ਮੂਲ ਦਾ ਗਾਇਕ ਜਾਸ ਸਟੋਨ ਮਦਦ ਲਈ ਸਾਹਮਣੇ ਆਇਆ। ਉਸਨੇ ਇਕ ਸ਼ੋਅ ਜ਼ਰੀਏ 1.3 ਲੱਖ ਰੁਪਏ ਉਸਦੇ ਇਲਾਜ ਲਈ ਇੱਕਠੇ ਕੀਤੇ।

**✪ 100 ਸਾਲ ਪੁਰਾਣੀ ਇਮਾਰਤ ਨੂੰ 250 ਫੁੱਟ ਤੱਕ ਖਿਸਕਾਇਆ ਗਿਆ ਤਾਂ ਜੋ ਪ੍ਰਾਜੈਕਟ ਨੂੰ ਰੋਕਿਆ ਨਾ ਜਾ ਸਕੇ**

ਵੂਵਾਨ: ਚੀਨ ਨਿਰਮਾਣ ਦੇ ਖੇਤਰ ਵਿੱਚ ਨਵੇਂ ਪ੍ਰਯੋਗ ਨੂੰ ਲੈ ਕੇ ਦੁਨਿਆਂ ਭਰ ਵਿੱਚ ਖਬਰਾਂ ਵਿੱਚ ਰਹਿੰਦਾ ਹੈ। ਇਸੀ ਦੌਰਾਨ ਚੀਨ ਦੇ ਇੰਜੀਨੀਅਰਿੰਗਾਂ ਨੇ ਵੂਵਾਨ ਸ਼ਹਿਰ ਵਿੱਚ ਸਥਿਤ 100 ਸਾਲ ਪੁਰਾਣੀ ਮਹੱਤਵਪੂਰਨ ਇਮਾਰਤ ਨੂੰ 250 ਫੁੱਟ ਵਧਾ ਦਿੱਤਾ। ਇਸ ਵਿੱਚ 10 ਦਿਨ ਲੱਗੇ। ਇਹ ਇਮਾਰਤ ਇੱਕ ਅਹਿਮ ਪ੍ਰਾਜੈਕਟ ਦੇ ਸਾਹਮਣੇ ਆ ਰਹੀ ਸੀ। ਤੋੜਨ ਦੀ ਆਗਿਆ ਨਾ ਮਿਲਣ ਤੋਂ ਬਾਅਦ ਅੱਗੇ ਵਧਾਉਣ ਦਾ ਫੈਸਲਾ ਲਿਆ ਗਿਆ। ਖਾਸ ਗੱਲ ਇਹ ਰਹੀ ਕਿ ਇਸ ਦੌਰਾਨ ਇਮਾਰਤ ਵਿੱਚ ਇੱਕ ਵੀ ਤਰੇੜ ਨਹੀਂ ਆਈ।

## ਨੀਂਦਰਲੈਂਡ ਵਿੱਚ ਘੱਟ ਰਹੇ ਹਨ ਕੈਦੀ, ਬੰਦ ਹੋਣਗੀਆਂ ਜੇਲ੍ਹਾਂ

ਨੀਂਦਰਲੈਂਡ ਵਿੱਚ ਖਾਲੀ ਪਈਆਂ ਹਜ਼ਾਰਾਂ ਜੇਲ੍ਹਾਂ ਦਾ ਖਰਚਾ ਘੱਟ ਕਰਨ ਦੇ ਲਈ ਇਹਨਾਂ ਨੂੰ ਬੰਦ ਕੀਤਾ ਜਾਵੇਗਾ। ਅਜਿਹਾ ਇਸ ਲਈ ਕਿਉਂਕਿ ਇਸ ਦੇਸ਼ ਵਿੱਚ ਅਪਰਾਧਾਂ ਦੀ ਗਿਣਤੀ ਵਿੱਚ ਕਮੀ ਆਈ ਹੈ ਅਤੇ ਪੁਲਸ ਨੂੰ ਕੈਦੀ ਨਹੀਂ ਮਿਲ ਰਹੇ ਹਨ। ਇਸ ਕਾਰਨ ਹਜ਼ਾਰਾਂ ਜੇਲ੍ਹਾਂ ਖਾਲੀ ਪਈਆਂ ਹਨ। ਇਸ ਵਿੱਚ ਉਨ੍ਹਾਂ ਦੇ ਰਖਰਖਾਬ ਅਤੇ ਹੋਰ ਸਾਧਨਾਂ ਤੇ ਹੋਣ ਵਾਲੇ ਖਰਚ ਵਿੱਚ ਕਮੀ ਆਉਣ ਦੇ ਕਾਰਨ ਜੇਲ੍ਹਾਂ ਨੂੰ ਬੰਦ ਕੀਤਾ ਜਾਵੇਗਾ। ਦੇਸ਼ ਦੇ ਵਿੱਤ ਮੰਤਰੀ ਆਦਰ ਵਨ ਸਟੂਨ ਨੇ ਸੰਸਦ ਦੇ ਸਾਹਮਣੇ ਇਹ ਗੱਲ ਰੱਖ ਕੇ ਮੰਜ਼ੂਰੀ ਲਈ ਹੈ। ਪਹਿਲੇ ਪੜਾਅ ਵਿੱਚ ਪੰਜ ਜੇਲ੍ਹਾਂ ਬੰਦ ਰਹਿਣਗੀਆਂ।

**✪ ਬਣਾਇਆ ਅਜਿਹਾ ਜੰਤਰ, ਜੋ ਡੀਐਨਏ ਵਿੱਚ ਬਦਲਾਵ ਨੂੰ ਬਣਾਏਗਾ ਆਸਾਨ**

ਵਿਗਿਆਨੀਆਂ ਨੇ ਡੀਐਨਏ ਵਿੱਚ ਬਦਲਾਵ ਕਰਨ ਦੀ ਨਵੀਂ ਕਾਢ ਕੱਢ ਲਈ ਹੈ। ਇਸਨੂੰ ਡੀਐਨਏ ਰਿਪੇਅਰ ਮਸ਼ੀਨ ਕਿਹਾ ਗਿਆ ਹੈ, ਜੋ ਜ਼ੀਨ ਵਿੱਚ ਬੀਮਾਰੀ ਨਾਲ ਸੰਬੰਧਿਤ ਚੀਜ਼ਾਂ ਬਦਲਣ ਵਿੱਚ ਅਸਰਦਾਰ ਰਹੇਗੀ। ਇਸਨੂੰ ਕ੍ਰਿਸਪਰ ਦਾ ਨਾਮ ਦਿੱਤਾ ਗਿਆ ਹੈ, ਜੋ ਹੁਣ ਤੱਕ ਦੀ ਸਭ ਤੋਂ ਚੁਸਤ ਅਤੇ ਪਰਿਵਰਤਨ ਜੰਤਰ ਹੈ। ਵਿਗਿਆਨੀਆਂ ਨੇ 'ਨੇਚਰ' ਜਰਨਲ ਵਿੱਚ ਦੱਸਿਆ ਹੈ ਕਿ ਕ੍ਰਿਸਪਰ ਦੀ ਸਹਾਇਤਾ ਨਾਲ ਡੀਐਨਏ ਵਿੱਚ ਪਰਿਵਰਤਨ ਕਰਨ ਦੀ ਪ੍ਰਕਿਰਿਆ ਵਿੱਚ ਬਹੁਤ ਕਾਮਯਾਬੀ ਮਿਲ ਚੁੱਕੀ ਹੈ। ਇਸ ਨਾਲ ਬੀਮਾਰੀ ਨਾਲ ਸੰਬੰਧਿਤ ਸੈਲਸ ਹਟਾਏ ਜਾ ਸਕਦੇ ਹਨ ਅਤੇ ਸੰਭਵ ਹੈ ਕਿ ਮਰੀਜ਼ ਦੀ ਉਮਰ ਵਧਾਉਣ ਵਿੱਚ ਵੀ ਇਹ ਅਸਰਦਾਰ ਹੋਵੇਗਾ। ਇਸਦੇ ਨਾਲ ਜੋ ਹੋਰ ਸੈਲਸ ਠੀਕ ਨਹੀਂ ਹਨ ਜਾ ਕਮਜ਼ੋਰ ਹਨ ਜਾ ਕਿਸੇ ਵਾਇਰਸ ਨਾਲ ਪੀੜਤ ਹਨ, ਉਹਨਾਂ ਨੂੰ ਵੀ ਇਸ ਨਾਲ ਠੀਕ ਕੀਤਾ ਜਾ ਸਕਦਾ ਹੈ।

ਇਸ ਕਾਢ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਹਾਵਰਡ ਦੇ ਹੀ ਬਾਓਕੇਮਿਸਟ ਡੇਵਿਡ ਲਿਊ ਅਤੇ ਪੋਸਟ ਡਾਕਟੋਰਲ ਫੈਲੋ ਅਲੇਕਿਸਸ ਕੋਮੋਰ ਨੇ ਆਪਣੇ ਕੰਮ ਨੂੰ ਪੇਟੇਂਟ ਕਰਾਉਣ ਲਈ ਅਪੈਲੀਕੇਸ਼ਨ ਦਿੱਤੀ। ਇਹ ਵਿਗਿਆਨੀ ਕੈਮਬ੍ਰਿਜ਼ ਸਥਿਤ 'ਏਡਿਤਾਸ ਦਵਾਈ' ਦੇ ਜਨਮਦਾਤਾ ਵੀ ਹਨ। ਜੋ ਜੀਨੋਮ ਸੋਧ ਦਾ ਕੰਮ ਕਰਦੀ ਹੈ। ਹਾਵਰਡ ਯੂਨੀਵਰਸਿਟੀ ਵਿੱਚ ਹੀ ਬਾਓਲੋਜਿਸ਼ਟ ਜਾਰਜ਼ ਚਰਚ ਕਹਿੰਦੇ ਹਨ, ਇਹ ਲੰਬੇ ਸਮੇਂ ਤੱਕ ਚੱਲਣ ਵਾਲਾ ਇੱਕ ਅਜਿਹਾ ਯਤਨ ਸੀ, ਜਿਸ ਵਿੱਚ ਕਾਮਯਾਬੀ ਦੀ ਸੰਭਾਵਨਾਵਾਂ ਬਹੁਤ ਘੱਟ ਸੀ। ਇਹ ਪੁਰਾਣੇ ਜੰਤਰ ਦਾ ਨਵਾਂ ਐਡੀਸ਼ਨ ਜਾ ਭਾਗ ਹੈ, ਜਿਸ ਵਿੱਚ ਡੀਐਨਏ ਦੇ ਨੁਕਸਾਨ ਦੀ ਸੰਭਾਵਨਾ ਬਹੁਤ ਘੱਟ ਹੈ।

ਜਾਰਜ਼ ਅਨੁਸਾਰ- ਮੈਂ ਇਸ ਅਵਿਸਕਾਰ ਦੌਰਾਨ ਪੂਰਨ ਰੂਪ ਵਿੱਚ ਸ਼ਾਮਿਲ ਨਹੀਂ ਸੀ। ਪਰ ਸਾਡੀ ਟੀਮ ਨੇ ਸਾਲ 2013 ਵਿੱਚ ਇਸ ਉੱਤੇ ਕੰਮ ਕਰਨ ਦੀ ਘੋਸ਼ਣਾ ਕਰ ਦਿੱਤੀ ਸੀ। ਉਹ ਦਾਅਵੇ ਦੇ ਨਾਲ ਕਹਿੰਦੇ ਹਨ ਕਿ ਜੇਕਰ ਕ੍ਰਿਸਪਰ ਨੂੰ ਪੂਰੀ ਸਫਲਤਾ ਮਿਲ ਗਈ ਤਾਂ ਨਵੇਂ ਹੋਣ ਵਾਲੇ ਪ੍ਰਯੋਗ ਪ੍ਰਯੋਗਸ਼ਾਲਾ ਵਿੱਚ ਕੀਤੇ ਜਾਣਗੇ ਨਾ ਕਿ ਕਿਸੇ ਮਨੁੱਖ ਜਾ ਪਸ਼ੂ ਦੇ ਸਰੀਰ ਉੱਪਰ।

(ਸੰਗ੍ਰਹਿ ਕਰਤਾ: ਜਸਪ੍ਰੀਤ ਕੌਰ ਸੋਹੀ
ਅਤੇ ਜਸਪ੍ਰੀਤ ਕੌਰ ਜੱਸੂ)

# ਨਸ਼ਿਆਂ ਦੀ ਤ੍ਰਾਸਦੀ

ਲੁਧਿਆਣੇ ਜ਼ਿਲ੍ਹੇ ਦੇ ਦੋਰਾਹੇ ਕਸਬੇ ਨੇੜਲੇ ਇੱਕ ਪਿੰਡ ਦੇ ਖ਼ੂਬਸੂਰਤ ਗੁਰਦਵਾਰਾ ਸਾਹਿਬ ਵਿਚ ਵੱਡੀ ਗਿਣਤੀ ਵਿਚ ਸੰਗਤ ਜੁੜੀ ਹੋਈ ਸੀ। ਪਿੰਡ ਵਿਚ ਹੋਈ ਮਰਗ ਤੋਂ ਬਾਅਦ ਭੋਗ ਅਤੇ ਅੰਤਮ ਅਰਦਾਸ ਦਾ ਸਮਾਗਮ ਸੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਵਾਨ ਉਮਰ ਵਿਚ ਹੋਈ ਮੌਤ ਤੇ ਦੁੱਖ ਦਰਦ ਜ਼ਾਹਰ ਕੀਤਾ ਕੁੱਝ ਪਤਵੰਤੇ ਬੁਲਾਰਿਆਂ ਨੇ। ਜਵਾਨ ਵਿਧਵਾ ਪਤਨੀ ਅਤੇ ਬਾਪ ਦੇ ਸਾਏ ਤੋਂ ਹਮੇਸ਼ਾਂ ਲਈ ਸੱਖਣੀ ਹੋਈ 5-6 ਸਾਲ ਦੀ ਬੱਚੀ ਨਾਲ ਹਮਦਰਦੀ ਵੀ ਜ਼ਾਹਰ ਕੀਤੀ ਅਤੇ ਦੋਵਾਂ ਮਾਵਾਂ ਧੀਆਂ ਦੇ ਭਵਿੱਖ ਦੀ ਚਿੰਤਾ ਵੀ। ਸਭ ਨੇ ਬੇਵਕਤੀ ਮੌਤ ਨੂੰ ਅਕਹਿ ਸਦਮਾ ਕਿਹਾ ਪਰ ਕਿਸੇ ਨੇ ਵੀ ਇਹ ਜ਼ਿਕਰ ਨਹੀਂ ਕੀਤਾ ਕਿ ਮੌਤ ਕਿਵੇਂ ਹੋਈ। ਆਖ਼ਰ ਵਿਚ ਬੋਲਣ ਦੀ ਵਾਰੀ ਪਰਿਵਾਰ ਦੇ ਮੈਂਬਰ ਦੀ ਸੀ। ਅੰਤਮ ਅਰਦਾਸ ਵਿਚ ਸ਼ਾਮਲ ਹੋਣ ਲਈ ਆਏ ਇਲਾਕੇ ਦੇ ਅਤੇ ਦੂਰੋਂ -ਨੇੜਿਓਂ ਪੁੱਜੇ ਸੈਂਕੜੇ ਲੋਕਾਂ ਦਾ ਧਨਵਾਦ ਕਰਨਾ ਹੀ ਸੀ।

ਮਾਈਕ ਅੱਗੇ ਆ ਕੇ ਪਰਿਵਾਰ ਦੇ ਮੋਹਰੀ ਸ਼ਖਸ਼ ਨੇ ਬੋਲਣਾ ਸ਼ੁਰੂ ਕੀਤਾ ..ਨਗਰ ਨਿਵਾਸਿਓ .. ਤੁਹਾਡਾ ਸਭ ਦਾ ਧਨਵਾਦ। ਤੁਸੀਂ ਸਾਡੇ ਦੁੱਖ ਵਿਚ ਸ਼ਰੀਕ ਹੋਏ।. ਪਰ ਮੈਂ ਅਸਲੀਅਤ ਤੇ ਕੋਈ ਪਰਦਾ ਨਹੀਂ ਪਾਉਣਾ ਚਾਹੁੰਦਾ। ਸਾਡੇ ਜਵਾਨ ਪੁੱਤ ਦੀ ਮੌਤ ਡਰੱਗ ਵਾਲੀ ਮਾੜੀ ਸੰਗਤ ਕਰ ਕੇ ਹੋਈ , ਮੈਂ ਇਹ ਲੁਕੋਣਾ ਨਹੀਂ ਚਾਹੁੰਦਾ।ਮੈਂ ਸਭ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੈਸਾ ਹੀ ਸਭ ਕੁੱਝ ਨਹੀਂ -ਪੈਸੇ ਨੂੰ ਕੀ ਕਰਾਂਗੇ ਜੇ ਅਸੀਂ ਆਪਣੇ ਬੱਚੇ ਹੀ ਸੰਭਾਲ ਨਾ ਸਕੇ। ਮੇਰਾ ਕਰੋੜਾਂ ਰੁਪਿਆ ਕਮਾਇਆ ਕਿਸੇ ਕੰਮ ਨਹੀਂ। ਇਸ ਮੁੰਡੇ ਨੂੰ ਵੀ ਡਰੱਗ ਵਾਲੀ ਬਿਮਾਰੀ ਵਿਚੋਂ ਕੱਢਣ ਲਈ ਮੈਂ ਕਰੋੜਾਂ ਰੁਪੈ ਖ਼ਰਚੇ। ਆਸਟ੍ਰੇਲੀਆ ਵੀ ਭੇਜਿਆ। ਉਥੋਂ ਡੇਢ ਦੋ ਕਰੋੜ ਖ਼ਰਚ ਕੇ ਵਾਪਸ ਲਿਆਉਣਾ ਪਿਆ। ਉਸਦੇ ਨਾਂ ਤੇ ਕਾਰੋਬਾਰ ਸ਼ੁਰੂ ਕੀਤਾ।ਡੇਢ ਕਰੋੜ ਦਾ ਇਨਕਮ ਟੈਕਸ ਭਰਿਆ ਪਿਛਲੇ ਸਾਲ। ਮੈਂ ਚਾਹੁੰਦਾ ਸੀ ਜਿਵੇਂ ਸਾਡੇ ਬਾਪ ਨੇ ਮਿਹਨਤ ਕਰ ਕੇ 40 ਵਿੱਘੇ ਤੋਂ 150 ਵਿੱਘਾ ਜ਼ਮੀਨ ਬਣਾਈ - ਫੇਰ ਅਸੀਂ ਭਰਾਵਾਂ ਨੇ ਮਿਹਨਤ ਕੀਤੀ , ਇਹ ਵੀ ਉਸੇ ਤਰਾਂ ਮਿਹਨਤ ਕਰੇ। ਕੈਨੇਡਾ ਲਿਜਾਣ ਦੀ ਵੀ ਕੋਸ਼ਿਸ਼ ਕੀਤੀ।

ਮੈਂ ਉਸ ਦੀਆਂ ਮਿਨਤਾਂ ਕੀਤੀਆਂ ਕਿ ਨਸ਼ਾ ਛੱਡ ਦੇ। ਮੈਂ ਚਾਹੁੰਦਾ ਸੀ ਕਿ ਉਹ ਨਸ਼ਾ ਛੱਡ ਦੇਵੇ। ਉਹ ਐਸ ਕਲਾਸ ਵਿਚ ਬੈਠੇ, ਭਾਵੇਂ ਕੋਈ ਕੰਮ ਨਾ ਕਰੇ ਪਰ ਮੈਨੂੰ ਉਲਾਂਭਾ ਨਾਂ ਆਵੇ। ਦੋ ਡ੍ਰਾਈਵਰ ਵੀ ਲੈਕੇ ਦਿੱਤੇ।. ਪਰ ਸਭ ਵਿਅਰਥ।

ਮੈਂ ਕਾਰੋਬਾਰ ਵਿਚ ਕਾਮਯਾਬ ਹੋਇਆ। ਦੁਨੀਆ ਭਰ ਵਿਚ ਬਿਜਨੈੱਸ ਕੀਤਾ , ਜਿਸ ਚੀਜ਼ ਨੂੰ ਹੱਥ ਲਾਇਆ ਬੇਹੱਦ ਕਾਮਯਾਬ ਹੋਇਆ ਪਰ ਮੈਂ ਇਥੇ ਫ਼ੇਲ੍ਹ ਹੋ ਗਿਆ। ਮੈਂ ਸਾਡੇ ਘਰ ਦੇ ਚਿਰਾਗ਼ ਨੂੰ ਬਚਾ ਨਹੀਂ ਸਕਿਆ। ਪੈਸੇ ਨਾਲ ਨਾ ਤਾਂ ਸਾਡੀ ਉਸ ਬੇਚਾਰੀ ਧੀ ਦਾ ਸੁਹਾਗ ਵਾਪਸ ਆ ਸਕਦੈ , ਨਾਂ ਹੀ ਉਸ ਬੱਚੀ ਨੂੰ ਮੁੜ ਕਦੇ ਬਾਪ ਮਿਲ ਸਕਦੈ।

ਇਸ ਲਈ ਮੇਰੀ ਸਭ ਨੂੰ ਇਹੀ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਮਾਂ ਦਿਓ ਉਨਾਂ ਨੂੰ ਮਾੜੀ ਸੰਗਤ ਤੋਂ ਬਚਾਉਣ ਲਈ ਸੋਚੋ।

ਗੁਰਦਵਾਰਾ ਸਾਹਿਬ ਦੇ ਹਾਲ ਵਿਚ ਇੱਕ ਅਜੀਬ ਸਨਾਟਾ ਸੀ। ਸ਼ੋਕ ਭਰੇ ਮਾਹੌਲ ਵਿਚ ਬੈਠੀ ਸੰਗਤ ਸਾਹ ਰੋਕ ਕੇ ਉਸ ਸ਼ਖ਼ਸ਼ ਨੂੰ ਸੁਣ ਰਹੀ ਸੀ।ਸ਼ਾਇਦ ਹੀ ਕਿਸੇ ਨੂੰ ਉਮੀਦ ਹੋਵੇ ਕਿ ਉਹ ਅਜਿਹਾ ਬੇਬਾਕ ਹੋਵੇਗਾ ਅਤੇ ਕੌੜਾ ਸੱਚ ਬਿਆਨ ਕਰੇਗਾ।

ਕੁੱਝ ਪਲਾਂ ਲਈ ਰੁਕ ਕੇ ਆਪਣੇ ਮੋਬਾਇਲ ਫ਼ੋਨ ਦੇ ਸਕਰੀਨ ਤੇ ਝਾਤ ਮਾਰ ਕੇ ਭਰੇ ਗੱਚ ਨਾਲ ਉਹ ਸੱਜਣ ਆਪਣੀ ਗੱਲ ਅੱਗੇ ਤੋਰਦਾ ਹੈ।

ਸਭ ਤੋਂ ਅਫ਼ਸੋਸ ਨਾਕ ਇਹ ਹੈ ਕਿ ਇਹ ਡਰੱਗ ਘਰਾਂ ਵਿਚ ਸਪਲਾਈ ਹੋਣ ਲੱਗ ਪਈ ਹੈ।. ਮੈਨੂੰ ਪੁਲਿਸ ਅਫ਼ਸਰਾਂ ਨੇ ਦੱਸਿਆ ਕਿ ਇਹ ਜਿਹੜੀ ਡਰੱਗ ਹੈ।.ਜਿਸ ਨੂੰ ਚਿੱਟਾ ਕਹਿੰਦੇ ਨੇ .. ਇਹ ਬਰੇਨ ਹੀ ਡੈੱਡ ਕਰ ਦਿੰਦੀ ਹੈ। ਖਾਣ ਵਾਲੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕੀ ਕਰ ਰਿਹੈ।ਡਰੱਗ ਦਾ ਮਸਲਾ ਸਿਰਫ਼ ਇਥੇ ਨਹੀਂ ਕੈਨੇਡਾ ਵਿਚ ਵੀ ਹੈ। ਸਿਰਫ਼ ਸਾਡੇ ਨਹੀਂ ਸਗੋਂ ਗੋਰੇ ਟੱਬਰਾਂ ਦਾ ਵੀ ਹੈ।ਪਰ ਇਹ ਘਰ ਤੋਂ ਹੀ ਮਾਪਿਆਂ ਵੱਲੋਂ ਹੀ ਰੋਕੀ ਜਾ ਸਕਦੀ ਹੈ।

ਮੇਰੀ ਇੱਕੋ ਹੀ ਅਪੀਲ ਹੈ ਪੈਸੇ ਪਿੱਛੇ ਨਾਂ ਭੱਜੋ, ਆਪਣੇ ਬੱਚਿਆਂ ਨੂੰ ਸੰਭਾਲੋ, ਉਨ੍ਹਾਂ ਨੂੰ ਪੜ੍ਹਾਓ। ਫੇਰ ਉਸ ਨੇ ਲੱਚਰ ਪੰਜਾਬੀ ਗਾਣਿਆਂ ਤੇ, ਇਨ੍ਹਾਂ ਵਿਚ ਪ੍ਰਮੋਟ ਕੀਤੇ ਜਾਂਦੇ ਸ਼ਰਾਬ ਅਤੇ ਹੋਰ ਨਸ਼ਿਆਂ ਬਾਰੇ, ਔਰਤਾਂ ਨੂੰ ਸਿਰਫ਼ ਇੱਕ ਖਿਡੌਣਾ ਬਣਾ ਕੇ ਰੱਖਣ ਬਾਰੇ ਅਤੇ ਇਨ੍ਹਾਂ ਨਾਲ ਨਵੀਂ ਪੀੜ੍ਹੀ ਦੇ ਹੋ ਰਹੇ ਵਿਗਾੜ ਬਾਰੇ ਮਨ ਦੀ ਭੜਾਸ ਕੱਢੀ।ਹੋਰ ਬਹੁਤ ਸਾਰੇ ਪੱਖ ਉਸਨੇ ਛੋਹੇ। ਉਸ ਨੇ ਕਿਹਾ "ਮੇਰੇ ਰਿਸ਼ਤੇਦਾਰ ਕਹਿੰਦੇ ਸੀ ਕਿ ਲੋਕਾਂ ਸਾਹਮਣੇ ਡਰੱਗ ਵਾਲੀ ਗੱਲ ਨਹੀਂ ਕਰਨੀ ਚਾਹੀਦੀ ਪਰ ਮੈਂ ਇਹ ਸਾਰਾ ਕੁੱਝ ਤਾਂ ਬਿਆਨ ਕਰ ਰਿਹਾ ਹਾਂ ਕਿ ਸਾਡੇ ਨਾਲ ਜੋ ਭਾਣਾ ਵਾਪਰਿਆ ਹੈ, ਇਸ ਨੂੰ ਸੁਣ ਕੇ ਸ਼ਾਇਦ ਮਾਪੇ ਅਗਲੀ ਪੀੜ੍ਹੀ ਦਾ ਬਚਾ ਕਰ ਸਕਣ।"

ਤੇ ਆਖ਼ਰ ਵਿਚ ਉਹ ਹੰਝੂ ਭਰੀਆਂ ਅੱਖਾਂ ਅਤੇ ਭਰੇ ਗੱਚ ਨਾਲ ਇਹ ਕਹਿ ਕੇ ਖ਼ਤਮ ਕਰਦਾ ਹੈ "ਸਾਡੀ ਉਸ ਧੀ ਅਤੇ ਬੱਚੀ ਨੂੰ ਸੰਭਾਲਣ ਲਈ ਅਸੀਂ ਸਭ ਕੁੱਝ ਕਰਾਂਗੇ ਪਰ ਮੈਂ ਜੱਗੀ ਦੀ ਰੂਹ ਨੂੰ ਮੈਂ ਇਹੀ ਕਹਿਣਾ ਹੈ ਕਿ ਮੈਨੂੰ ਮੁਆਫ਼ ਕਰੀਂ, ਮੈਂ ਤੈਨੂੰ ਬਚਾ ਨਹੀਂ ਸਕਿਆ, ਮੈਂ ਇਥੇ ਆ ਕੇ ਫ਼ੇਲ੍ਹ ਹੋ ਗਿਆ।"

ਇਹ ਦਰਦ ਵਿੰਨੀ ਦਾਸਤਾਨ ਕੈਨੇਡਾ ਦੇ ਇੱਕ ਉਸ ਧਨਾਢ ਕਾਰੋਬਾਰੀ ਦੀ ਹੈ ਜਿਸ ਦਾ ਵੱਡਾ ਭਰਾ ਕਈ ਸਾਲ ਪਹਿਲਾਂ ਗੁਜ਼ਰ ਗਿਆ ਸੀ। ਭਰਾ ਦੇ ਪੁੱਤ ਭਾਵ ਭਤੀਜੇ ਦੇ ਪਾਲਣ ਪੋਸਣ ਦੀ ਜ਼ਿੰਮੇਵਾਰੀ ਉਸ ਤੇ ਆ ਪਈ। ਉਸ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਸਭ ਕੁੱਝ ਕੀਤਾ , ਲੱਖਾਂ ਰੁਪੇ ਖ਼ਰਚ ਕੇ ਭਤੀਜੇ ਦਾ ਵਿਆਹ ਵੀ ਕੀਤਾ।ਮਹਿਲ ਵਰਗਾ ਘਰ ਵੀ ਪਾ ਕੇ ਦਿੱਤਾ।ਸਭ ਦੁਨਿਆਵੀ ਸੁੱਖ ਸਹੂਲਤਾਂ ਦਿੱਤੀਆਂ। ਡਰੱਗ ਦੇ ਨਸ਼ੇ ਦਾ ਸ਼ਿਕਾਰ ਹੋਏ ਆਪਣੇ ਭਤੀਜੇ ਨੂੰ ਉਸ ਨੂੰ ਦੋ ਵਾਰ ਨਸ਼ਾ ਛੁਡਾਊ ਸੈਂਟਰਾਂ ਵਿਚ ਵੀ ਦਾਖ਼ਲ ਕਰਾਇਆ , ਆਸਟ੍ਰੇਲੀਆ ਵੀ ਇਸੇ ਲਈ ਭੇਜਿਆ। ਸਨਸਨੀਖੇਜ਼ ਹਕੀਕਤ ਇਹ ਵੀ ਸਾਹਮਣੇ ਆਈ। ਨਸ਼ਾ ਛੁਡਾਊ ਕੇਂਦਰਾਂ ਵਿਚ ਭੇਜਣ ਤੋਂ ਪਹਿਲਾਂ ਉਸ ਦੇ ਭਤੀਜੇ ਨੂੰ ਸਿਰਫ਼ ਇਲਾਕੇ ਦੇ ਡਰੱਗ ਸਪਲਾਈ ਕਰਨ ਵਾਲੇ ਜਾਣਦੇ ਸਨ ਪਰ ਨਸ਼ਾ ਛੁਡਾਊ ਕੇਂਦਰਾਂ ਤੋਂ ਵਾਪਸ ਆਉਣ ਤੋਂ ਬਾਅਦ ਉਸ ਨੂੰ ਹੋਰਨਾਂ ਜ਼ਿਲਿਆਂ ਦੇ ਡਰੱਗ ਸਪਲਾਈਰ ਵੀ ਜਾਨਣ ਲੱਗ ਪਏ ਸਨ।

ਇਸ ਸ਼ਖ਼ਸ਼ ਨੇ ਆਪਣੇ ਭਤੀਜੇ ਨੂੰ ਨਸ਼ੇ ਦੀ ਮਾਰ ਤੋਂ ਬਚਾਉਣ ਲਈ ਪਹਿਲਾਂ ਬੇਥਾਹ ਪੈਸਾ ਖ਼ਰਚਿਆ , ਫੇਰ ਹੱਥ ਰੋਕ ਕੇ ਵੀ ਦੇਖਿਆ ਪਰ ਉਸ ਦੇ ਪੱਲੇ ਨਿਰਾਸ਼ਾ ਹੀ ਪਈ। ਜੂਨ , 2016 ਦੇ ਪਹਿਲੇ ਹਫ਼ਤੇ ਬਰੇਨ ਹੈਮਰੇਜ ਨਾਲ 36 ਸਾਲਾ ਉਸ ਨੌਜਵਾਨ ਦੀ ਮੌਤ ਹੋ ਗਈ। ਜਦੋਂ ਪਿੰਡ ਵਿਚ ਉਸਦੇ ਘਰ ਵਿਚ ਹੀ ਉਸਦੀ ਲਾਸ਼ ਮਿਲੀ ਤਾਂ ਉਸਦੇ ਹੱਥ ਵਿਚ ਵੀ ਡਰੱਗ ਦੀ ਪੁੜੀ ਹੀ ਮਿਲੀ ਸੀ।

ਪਿਛਲੇ ਕੁੱਝ ਵਰ੍ਹਿਆਂ ਤੋਂ ਮੇਰੇ ਵਾਕਿਫ਼ ਉਸ ਭਲੇਮਾਨਸ , ਨੇਕ ਅਤੇ ਨਿਮਰ ਕਾਰੋਬਾਰੀ ਇਨਸਾਨ ਦੀ ਲੂ- ਕੰਡੇ ਖੜ੍ਹੀ ਕਰਨ ਵਾਲੀ ਇਸ ਦਰਦ ਭਾਰੀ ਦਾਸਤਾਨ ਸੁਣ ਕੇ ਮਨ ਬੇਹੱਦ ਪ੍ਰੇਸ਼ਾਨ ਹੈ। ਅੰਤਮ ਅਰਦਾਸ ਤੋਂ ਬਾਅਦ ਘਰ ਵਿਚ ਵਿਛੇ ਸੱਥਰ ' ਤੇ ਬੈਠਿਆਂ ਜੋ ਕੁੱਝ ਗੱਲਾਂ ਉਸ ਕਾਰੋਬਾਰੀ ਇਨਸਾਨ ਨੇ ਸਾਂਝੀਆਂ ਕੀਤੀਆਂ ਉਹ ਹੋਰ ਵੀ ਭਿਆਨਕ ਸਨ।

-ਬਲਜੀਤ ਬੱਲੀ
ਸੰਪਾਦਕ: ਬਾਬੂਸ਼ਾਹੀ ਡਾਟ ਕਾਮ, ਚੰਡੀਗੜ੍ਹ।

# ਖ਼ਬਰਾਂ ਬੋਲਦੀਆਂ

## ✪ ਭੂਤ ਕੱਢਣ ਦੇ ਨਾਂਅ 'ਤੇ 'ਸੰਤ ਬਾਬੇ' ਵੱਲੋਂ ਵਿਦੇਸ਼ੋਂ ਆਈ ਬੀਬੀ ਨਾਲ ਬਲਾਤਕਾਰ

ਤਲਵੰਡੀ ਸਾਬੋ, (ਜਗਦੀਪ ਗਿੱਲ) ਬਾਬਾ ਗੁਰਜੰਟ ਸਿੰਘ ਨਾਂਅ ਦਾ ਇੱਕ ਉਹ ਅਖੌਤੀ ਬੰਤ ਦੁੱਧੋਂ ਚਿੱਟੇ ਬਸਤਰ ਅਤੇ ਗੋਲ ਪਗੜੀ ਪਹਿਨਦਿਆਂ, ਜੋ ਕੁਝ ਸਮਾਂ ਪਹਿਲਾਂ ਤੱਕ ਤਲਵੰਡੀ ਸਾਬੋ ਦਾ ਬੁੰਗਾ ਮਸਤੂਆਣ ਵਰਗੀ ਦਿਉ-ਕੱਦ ਧਾਰਮਿਕ ਸੰਸਥਾ ਦਾ ਨਾ ਸਿਰਫ ਪ੍ਰਸਿੱਧ ਕਥਾ ਵਾਚਕ ਹੋਇਆ ਕਰਦਾ ਸੀ, ਸਗੋ 'ਭੂਤ ਵਿੱਦਿਆ' ਦੇ ਮਾਹਿਰ ਵਜੋਂ ਲੋਕਾਂ ਅਤੇ ਰੱਬ ਵਿਚਕਾਰ ਵਿਚੋਲੇ ਹੋਣ ਦਾ ਪ੍ਰਭਾਵ ਵੀ ਦੇ ਰਿਹਾ ਸੀ। ਇੱਕ ਐਨ ਆਰ ਆਈ ਬੀਬੀ ਨਾਲ ਬਲਾਤਕਾਰ ਵਰਗੀ ਕਰਤੂਤ ਕਰਦਿਆਂ ਕਾਨੂੰਨ ਦੇ ਕਾਬੂ ਆ ਗਿਆ।

ਕਈ ਦਿਨਾਂ ਦੇ ਜੱਕੋ-ਤੱਕਿਆ ਪਿੱਛੋਂ ਸੋਸ਼ਲ ਮੀਡੀਏ ਉੱਪਰ ਪਈ ਇੱਕ ਵੀਡੀਓ ਦੇ ਧੂੰਆਂ-ਧਾਰ ਪ੍ਰਚਾਰ ਦੇ ਚਲਦਿਆਂ ਥਾਣਾ ਅਹਿਮਦਗੜ੍ਹ ਜ਼ਿਲ੍ਹਾ ਸੰਗਰੂਰ ਦੀ ਪੁਲਸ ਨੇ ਨਾ ਸਿਰਫ ਉਕਤ ਕਥਾ ਵਾਚਕ+ਗ੍ਰੰਥੀ+ਔਲੀਏ ਦੇ ਖਿਲਾਫ ਮੁਕੱਦਮਾ ਨੰਬਰ 47 ਦਰਜ ਕਰ ਲਿਆ ਹੈ, ਸਗੋਂ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 376,2342 ਅਤੇ 506 ਦੇ ਤਹਿਤ ਮੁਕੱਦਮਾ ਦਰਜ ਕਰਦਿਆਂ ਅਹਿਮਦਗੜ੍ਹ ਦੇ ਸਿਵਲ ਹਸਪਤਾਲ ਤੋਂ ਪੀੜਤ ਬੀਬੀ ਦਾ ਮੈਡੀਕਲ ਕਰਵਾ ਲਏ ਜਾਣ ਦੀ ਵੀ ਖ਼ਬਰ ਲਾ ਰਹੀ ਹੈ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਕਈ ਵਰ੍ਹੇ ਪਹਿਲਾਂ ਤੱਕ ਬੁੰਗਾ ਮਸਤੂਆਣਾ ਤਲਵੰਡੀ ਸਾਬੋ ਵਿਖੇ ਧਰਮ ਪ੍ਰਚਾਰ ਦੇ ਪਰਦੇ ਹੇਠ ਭੂਤ ਵਿੱਦਿਆ ਵਿੱਚ ਪਜਪੋਕਤਾ ਹਾਸਲ ਕਰਦਿਆ ਜਦੋਂ ਉਕਤ 'ਸੰਤ' ਆਪਣੇ 'ਪਵਿੱਤਰ ਪੇਸ਼ੇ' ਵਿੱਚ ਪੂਰਨ ਨਿਪੰਨ ਸਮਝਿਆ ਜਾਣ ਲੱਗਾ ਤਾਂ ਉਸ ਨੂੰ ਪਿੰਡ ਬਾਲੋਵਾਲ ਜਿਲ੍ਹਾ ਸੰਗਰੂਰ ਦੇ ਇੱਕ ਗੁਰੂ ਘਰ ਵਿੱਚ ਮਹੰਤੀ ਦੀ ਕਲਗੀ ਲੱਗਾ ਕੇ ਬੈਠਣ ਦਾ ਮੌਕਾ ਮਿਲ ਗਿਆ

ਬੱਸ ਫਿਰ ਕੀ ਸੀ, ਬੁੰਗਾ ਮਸਤੂਆਣਾ ਵਿਖੇ ਭੂਤਾ-ਪ੍ਰੇਤਾਂ ਤੋਂ ਪੀੜਤ ਲੋਕਾਂ ਦਾ ਇਲਾਜ ਅਤੇ ਲਾਈਲੱਗ ਔਰਤਾਂ ਨੂੰ 'ਮੁੰਡੇ ਦੇਣ' ਦਾ ਜਿਹੜਾ ਕੰਮ ਉਹ ਧਰਮ ਪ੍ਰਚਾਰ ਦੇ ਪਰਦੇ ਹੇਠ ਕਰਿਆ ਕਰਦਾ ਸੀ, ਉਥੇ ਬਾਲੋਵਾਲ ਸਥਾਪਤ ਹੁੰਦਿਆਂ ਹੀ ਉਸ ਦੇ ਕੋਲ ਹਰ ਕਿਸਮ ਦੇ ਮਾਨਸਿਕ ਰੋਗਾਂ ਤੋਂ ਪੀੜਤ ਅਤੇ ਲਾਈਲੱਗ ਲੋਕਾਂ ਦੀਆਂ ਲਾਈਨਾਂ ਲੱਗਣਗੀਆਂ ਸ਼ੁਰੂ ਹੋ ਗਈਆਂ। ਕੁਝ ਸਾਲ ਪਹਿਲਾਂ ਅਖਬਾਰਾਂ ਵਿੱਚ ਵੱਡੀ ਪੱਧਰ 'ਤੇ ਪ੍ਰਕਾਸ਼ਤ ਹੋ ਚੁੱਕੀਆਂ ਖ਼ਬਰਾਂ ਅਨੁਸਾਰ ਇਹ ਓਹੀ 'ਸੰਤ ਬਾਬਾ' ਹੈ, ਜਿਸ ਨੇ ਆਪਣਾ ਕਥਿਤ ਲੁੱਟ ਵਾਲਾ ਇਹ ਕਾਰੋਬਾਰ ਚਮਕਾਉਣ ਲਈ ਹੀ ਉਦੋਂ ਆਪਣੇ ਗੰਨੇ ਦੇ ਖੇਤ ਨੂੰ ਗੁਰਬਾਣੀ ਦਾ ਰਸਭਿੰਨਾਂ ਕੀਰਤਨ ਸੁਣਾ ਕੇ ਅਸਲੋਂ ਪਵਿੱਤਰ ਕਰਨ ਦਾ ਨਾ ਸਿਰਫ਼ ਨਾਟਕ ਰਚਿਆ ਸੀ, ਸਗੋਂ ਏਦਾਂ ਦੀ ਬੇਹੂਦਾ ਸਰਗਰਮੀ ਰਾਹੀਂ ਲੋਕਾਂ ਦੀ ਮਾਨਸਿਕ ਲਾਈਲੱਗਤਾ ਨੂੰ ਕੈਸ਼ ਕਰਵਾਉਣ ਦਾ ਯਤਨ ਕੀਤਾ ਸੀ। ਵਤਨਾਂ ਦਾ ਗੇੜਾ ਮਾਰਨ ਆਈ ਵਿਦੇਸ਼ ਵਸਦੀ ਉਕਤ ਪੀੜਤ ਬੀਬੀ ਨਾ ਸਿਰਫ਼ ਉਕਤ ਸੰਤ ਉੱਪਰ ਉਸ ਨਾਲ ਬਲਾਤਕਾਰ ਕਰਨ ਦਾ ਦੋਸ਼ ਲਾ ਰਹੀ ਹੈ, ਉਸਦਾ ਇਹ ਵੀ ਕਹਿਣਾ ਹੈ ਕਿ ਉਸ ਦੀ ਮਾਨਸਿਕ ਪ੍ਰੇਸ਼ਾਨੀ ਦੂਰ ਕਰਨ ਦੇ ਨਾਂਅ ਉੱਪਰ ਉਕਤ ਬਾਬਾ ਉਸ ਨਾਲ ਇਹ ਕਹਿ ਕੇ ਬਲਾਤਕਾਰ ਕਰਦਾ ਰਿਹਾ ਕਿ ਇਹ ਬਲਾਤਕਾਰ ਉਸ ਨਾਲ ਨਹੀਂ, ਸਗੋਂ ਉਸ ਵਿਚਲੀਆਂ ਉਨ੍ਹਾਂ ਰੂਹਾਂ ਨਾਲ ਕੀਤਾ ਜਾ ਰਿਹਾ ਹੈ, ਜੋ ਉਸਨੂੰ ਪਿਛਲੇ ਸਮੇਂ ਤੋਂ ਚਿੰਬੜੀਆਂ ਹੋਈਆਂ ਹਨ।

ਕਹਾਣੀਆਂ ਇੱਥੇ ਹੀ ਮੁੱਕ ਜਾਂਦੀਆਂ ਤਾਂ ਗੱਲ ਹੋਰ ਹੋਣੀ ਸੀ, ਪਰ ਮੁੱਕੀਆਂ ਨਹੀਂ, ਉੱਪਰ ਦਿੱਤੇ ਹੋਰ ਨਾ 'ਸੁਥਰੇ' ਕੰਮਾਂ ਦੇ ਨਾਲ-ਨਾਲ ਪਤਾ ਲੱਗਾ ਹੈ ਕਿ 'ਬਾਬਾ' ਜੀ ਦੀ ਰਿਹਾਇਸ਼ ਭਾਵੇਂ ਉਕਤ ਬਾਲੋਵਲਾਲ ਪਿੰਡ ਵਿਖੇ ਦੱਸੀ ਜਾ ਰਹੀ ਹੈ, ਪਰ ਤਲਵੰਡੀ ਸਾਬੋ ਸਮੇਤ ਕਈ ਟਿਕਾਣੇ ਹੋਰ ਵੀ ਨੇ, ਜਿੱਥੇ ਨਾ ਸਿਰਫ ਮਾਨਸਿਕ ਰੋਗੀਆਂ ਵਿੱਚੋਂ ਰੱਬੀ ਸ਼ਕਤੀ ਨੂੰ ਇਸਤੇਮਾਲ ਕਰਦਿਆਂ ਭੂਤਾਂ ਨੂੰ ਭਜਾਉਣ ਦਾ ਕੰਮ ਕੀਤਾ ਜਾਂਦਾ ਰਿਹਾ ਹੈ, ਸਗੋਂ ਕਈ ਕਿਸਮਾਂ ਦੇ ਕਾਸ਼ਿਤ ਅਣ-ਅਧਿਕਾਰਤ ਧੰਦੇ ਉੱਥੇ ਹੋਣ ਦੀਆਂ ਕੰਨਸੋਆਂ ਦੇ ਚਰਚੇ ਬੱਚੇ-ਬੱਚੇ ਦੀ ਜ਼ੁਬਾਨ ਉੱਪਰ ਘੁੰਮੀ ਜਾ ਰਹੇ ਹਨ। ਇਸ ਸਮੁੱਚੇ ਘਟਨਾ ਚੱਕਰ ਦੇ ਸੰਬੰਧ ਵਿੱਚ ਪੱਖ ਜਾਨਣ ਲਈ ਜਦੋਂ ਬੁੰਗਾ ਮਸਤੂਆਣਾ ਤਲਵੰਡੀ ਸਾਬੋ ਦੇ ਮੁਖੀ ਸੰਤ ਬਾਬਾ ਛੋਟਾ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਸਮੇਤ ਵੱਡੇ ਬਾਬਿਆਂ (ਸੰਤ ਮਿੱਠਾ ਸਿੰਘ) ਨੇ ਵੀ ਕਈ ਵਾਰ ਵਰਜਿਆ ਸੀ, ਪਰ ਉਹ ਨਾ ਹਟਿਆ। ਹੋਰ ਵਿਸਥਾਂਰ ਜਾਨਣ 'ਤੇ ਸੰਤ ਛੋਟਾ ਸਿੰਘ ਨੇ ਕਿਹਾ ਕਿ ਜੋ ਕਰੇਗਾ, ਸੋ ਭਰੇਗਾ। ਉੱਪਰ ਮੁਕੱਦਮਾ ਦਰਜ ਹੋਣ ਪਿੱਛੋਂ ਪਤਾ ਲਗਿਆ ਕਿ ਪੁਲਸ ਸੰਤਾਂ ਦੇ ਟਿਕਾਣਿਆਂ 'ਤੇ ਛਾਪੇ ਮਾਰ ਰਹੀ ਹੈ। ਜਦੋਂ ਕਿ ਹਾਲ ਦੀ ਘੜੀ 'ਸੰਤ ਬਾਬੇ' ਹਰਨ ਸਿਉ ਹੋ ਗਏ ਦੱਸੇ ਜਾ ਰਹੇ ਹਨ।

## ✪ ਗ੍ਰੰਥੀ ਵੱਲੋਂ ਨਾਬਾਲਗਾ ਦਾ ਕਤਲ

ਬੇਗੋਵਾਲ, 12 ਜੂਨ(ਰਜਿੰਦਰ,ਬਬਲਾ)-ਜ਼ਿਲ੍ਹਾ ਕਪੂਰਥਲਾ ਦੇ ਕਸਬਾ ਬੇਗੋਵਾਲ ਨੇੜਲੇ ਪਿੰਡ ਸੀਕਰੀ ਦੇ ਗੁਰਦੁਆਰਾ ਸਾਹਿਬ ਕੰਪਲੈਕਸ 'ਚ ਗ੍ਰੰਥੀ ਸਿੰਘ ਵੱਲੋਂ ਨਾਬਾਲਗਾ ਲੜਕੀ ਦਾ ਕਤਲ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ।

ਜਾਣਕਾਰੀ ਅਨੁਸਾਰ ਕਸਬਾ ਬੇਗੋਵਾਲ ਦੇ ਨੇੜਲੇ ਪਿੰਡ ਸੀਕਰੀ ਦੀ 14 ਸਾਲਾ ਲੜਕੀ ਅਰਸ਼ਪ੍ਰੀਤ ਕੌਰ ਪੁੱਤਰੀ ਅਵਤਾਰ ਸਿੰਘ ਅੱਜ ਸਵੇਰੇ ਕਰੀਬ 8 ਵਜੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗਈ ਤੇ ਵਾਪਸ ਨਹੀਂ ਆਈ। ਅਰਸ਼ਪ੍ਰੀਤ ਨੇ ਹਾਲ ਹੀ 'ਚ ਦਸਵੀ ਦੀ ਪ੍ਰੀਖਿਆ ਪਾਸ ਕੀਤੀ ਸੀ। ਅਰਸ਼ਪ੍ਰੀਤ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਭੁਪਿੰਦਰ ਸਿੰਘ ਵਾਸੀ ਮੁਕੇਰੀਆ ਕੋਲੋਂ ਤਬਲਾ ਵਜਾਉਣ ਦੀ ਸਿੱਖਿਆ ਪ੍ਰਾਪਤ ਕਰ ਰਹੀ ਸੀ। ਜਦੋਂ ਅਰਸ਼ਪ੍ਰੀਤ ਘਰ ਨਹੀਂ ਪਰਤੀ ਤਾਂ ਪਰਿਵਾਰ ਨੇ ਉਸ ਦੀ ਸਾਰੇ ਪਾਸੇ ਖੋਜ ਕੀਤੀ। ਜਦ ਕਿਤੇ ਪਤਾ ਨਾ ਲੱਗਿਆ ਤਾਂ ਗੁਰਦੁਆਰਾ ਸਾਹਿਬ ਵਿਚ ਭਾਲ ਕੀਤੀ ਤਾਂ ਪੌੜੀਆਂ ਦੇ ਥੱਲੇ ਇੱਕ ਨਿੱਕਾ ਜਿਹਾ ਕਮਰਾ ਜਿਸ ਨੂੰ ਦਰਵਾਜ਼ਾ ਲੱਗਾ ਹੋਇਆ ਸੀ, ਜਦੋਂ ਚੈੱਕ ਕੀਤਾ ਤਾਂ ਨੁੱਕਰ 'ਚ ਅਰਸ਼ਪ੍ਰੀਤ ਦੀ ਲਾਸ਼ ਖੂਨ ਨਾਲ ਲਥਪਥ ਪਈ ਹੋਈ ਸੀ ਤੇ ਲੜਕੀ ਦੇ ਗਲੇ 'ਤੇ ਕਿਸੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤਾ ਹੋਇਆ ਸੀ। ਘਟਨਾ ਦਾ ਪਤਾ ਲੱਗਣ 'ਤੇ ਪੁਲਸ ਮੌਕੇ 'ਤੇ ਪੁੱਜੀ। ਇਸ ਸੰਬੰਧੀ ਐੱਸ.ਪੀ.ਬਲਵੀਰ ਸਿੰਘ ਭੱਟੀ ਨੇ ਦੱਸਿਆ ਕਿ ਸੀ.ਟੀ. ਵੀ. ਫੁਟੇਜ ਅਤੇ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਲੜਕੀ ਅਰਸ਼ਪ੍ਰੀਤ ਦਾ ਕਤਲ ਕੀਤਾ ਹੈ, ਜਿਸ ਕਾਰਨ ਭਾਈ ਭੁਪਿੰਦਰ ਸਿੰਘ ਖਿਲਾਫ ਥਾਣਾ ਬੇਗੋਵਾਲ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ✪ ਠਾਠ 'ਚੋਂ ਕੁੜੀਆਂ ਸਮੇਤ ਇੱਕ ਬਾਬੇ ਨੂੰ ਕਾਬੂ ਕਰਕੇ ਲੋਕਾਂ ਨੇ ਕੁਟਾਪਾ ਚਾੜਕੇ ਪੁਲਿਸ ਹਵਾਲੇ ਕੀਤਾ

ਸਰਦੂਲਗੜ੍ਹ 29 ਮਈ (ਹਰਚਰਨਜੀਤ ਸਿੰਘ ਭੁੱਲਰ): ਇੱਥੋਂ ਕੁਝ ਦੂਰ ਸਰਸਾ ਰੋਡ ਸੁਖਚੇਨ ਨਹਿਰ ਤੇ ਬੱਧਨੀ ਵਾਲੇ ਬਾਬਿਆਂ ਵੱਲੋਂ ਬਣਾਈ ਗਈ ਠਾਠ ਵਿੱਚ ਰੱਖੇ ਮੁੱਖੀ ਨੂੰ ਬੀਤੀ ਰਾਤ ਕੁੜੀਆਂ ਸਮੇਤ ਕਾਬੂ

ਕਰਦੇ ਲੋਕਾਂ ਨੇ ਖੂਬ ਛਿਤਰ ਪਰੇਟ ਕੀਤੀ ਅਤੇ ਥਾਣਾ ਸਰਦੂਲਗੜ੍ਹ ਦੇ ਹਵਾਲੇ ਕਰ ਦਿੱਤਾ। ਅੱਖੀ ਵੇਖਣ ਵਾਲੇ ਲੋਕਾਂ ਨੇ ਪ੍ਰੈੱਸ ਵਾਲਿਆਂ ਨੂੰ ਦੱਸਿਆ ਜਿਸ ਜਗ੍ਹਾਂ ਤੇ ਠਾਠ ਬਣਾਈ ਗਈ ਹੈ। ਸਰਦੂਲਗੜ੍ਹ ਦੇ ਸਾਬਕਾ ਐਮ. ਸੀ ਦੇ ਪਿਤਾ ਨੇ ਜਮੀਲ ਦਿੱਤੀ ਸੀ। ਲੋਕਾਂ ਨੂੰ ਪਹਿਲਾਂ ਵੀ ਰਾਤ ਬਰਾਡੇ ਕੁੜੀ ਆਉਣ ਦਾ ਸ਼ੱਕ ਸੀ। ਜਿਸ ਕਰਕੇ ਠਾਠ ਤੇ ਨਜ਼ਰ ਰੱਖੀ ਜਾ ਰਹੀ ਸੀ। ਬੀਤੀ ਰਾਤ ਲੋਕਾਂ ਨੂੰ ਕੁੜੀਆਂ ਦੀ ਭਿਨਕ ਮਿਲਣ ਤੇ ਲੋਕਾਂ ਨੇ ਬਾਬੇ ਨੂੰ ਕਾਬੂ ਕਰ ਲਿਆ। ਬਾਅਦ ਵਿੱਚ ਪੁਲਿਸ ਹਵਾਲੇ ਕਰ ਦਿੱਤਾ। ਉਕਤ ਬਾਬਾ ਜ਼ਖਮੀ ਹੋਣ ਕਰਕੇ ਪੁਲਿਸ ਨੇ ਸਰਕਾਰੀ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਾ ਦਿੱਤਾ। ਜਿਸ ਦਾ ਪ੍ਰੈੱਸ ਨੂੰ ਨਾਮ ਨਹੀਂ ਦੱਸਿਆ ਗਿਆ। ਪੁਲਿਸ ਵੱਲੋਂ ਇਹ ਕਾਂਢ ਰੱਫਾ ਦੱਫਾ ਕਰ ਦਿੱਤਾ ਸੀ। ਇਸ ਘਟਣਾ ਦੀ ਇਲਾਕੇ ਵਿੱਚ ਪੂਰੀ ਚਰਚਾ ਹੈ। ਲੋਕਾਂ ਦਾ ਕਹਿਣ ਹੈ ਕਿ ਉਹ ਆਪਣੇ ਪਰਵਾਰਾ ਨੂੰ ਬੇ-ਝਜਿਕ ਹੋ ਕੇ ਧਾਰਮਿਕ ਅਸਥਾਨਾਂ ਤੇ ਭੇਜ ਦਿੰਦੇ ਹਨ। ਪ੍ਰੰਤੂ ਇਹਨਾਂ ਥਾਵਾਂ ਤੇ ਵੀ ਲੜਕੀਆਂ ਨੂੰ ਮਾੜੀ ਨੀਯਤ ਨਾਲ ਵੇਖਣ ਵਾਲੇ ਦਰਿੰਦੇ ਮਿਲ ਜਾਂਦੇ ਸਨ ਤਾਂ ਲੋਕ ਹੋਰ ਕਿਸ ਥਾਂ ਤੇ ਵਿਸ਼ਵਾਸ਼ ਕਰਨਗੇ। ਥਾਣਾ ਸਰਦੂਲਗੜ੍ਹ ਦੇ ਮੁੱਖੀ ਨੇ ਸੁਵਾਲ ਦੇ ਜਵਾਬ ਵਿੱਚ ਦੱਸਿਆ ਮੇਰੇ ਧਿਆਨ ਵਿੱਚ ਨਹੀਂ ਹੈ। ਉਹਨਾਂ ਨੂੰ ਕਿਸੇ ਨੇ ਇਸ ਕਾਢ ਸਬੰਧੀ ਦਰਖਾਤ ਨਹੀਂ ਦਿੱਤੀ।

### ਨਵੀਆਂ ਪਿਰਤਾਂ.....
## ਹਰਭਜਨ ਮਾਨ ਦਾ ਸ਼ਲਾਘਾਯੋਗ ਯਤਨ

ਪੰਜਾਬੀ ਗਾਇਕ ਤੇ ਅਦਾਕਾਰ ਹਰਭਜਨ ਮਾਨ ਨੇ ਆਪਣੇ ਪਿਤਾ ਹਰਨੇਕ ਸਿੰਘ ਮਾਨ ਦੇ ਫੁੱਲ ਚੁਗ ਕੇ ਪਾਣੀ ‘ਚ ਪਾਉਣ ਦੀ ਬਜਾਏ ਉਨ੍ਹਾਂ ਦੀ ਰਾਖ ਆਪਣੇ ਜੱਦੀ ਖੇਤ ਖੇਮੂਆਣਾ ਵਿਖੇ ਦਫ਼ਨਾ ਦਿੱਤੀ। ਇਸ ਰਾਖ ਉਪਰ ਫਲਦਾਰ ਪੌਦੇ ਲਾਏ ਗਏ। ਹਰਭਜਨ ਮਾਨ ਨੇ ਆਪਣੇ ਪਰਿਵਾਰਕ ਮੈਬਰਾਂ ਨਾਲ ਮਿਲ ਕੇ ਆਮਰਪਾਲੀ ਦਸਹਿਰੀ ਅੰਬ, ਸੇਬ, ਦਾਲਚੀਨੀ, ਅੰਜ਼ੀਰ, ਬਦਾਮ, ਔਲੇ ਅਤੇ ਕਟਹਲ ਦੇ ਪੌਦੇ ਲਾਏ। ਉਨ੍ਹਾਂ ਪਿੰਡ ਦੀਆਂ ਸਾਂਝੀਆਂ ਥਾਵਾਂ ‘ਤੇ ਪਿੱਪਲ ਬੋਹੜ ਦੇ ਪੌਦੇ ਲਾਉਣ ਦਾ ਫੈਸਲਾ ਕੀਤਾ। ਇਸ ਮੌਕੇ ਹਰਭਜਨ ਮਾਨ ਨੇ ਕਿਹਾ ਕਿ ਉਸਨੇ ਆਪਣੇ ਪਿਤਾ ਨੂੰ ਨਿੱਕੇ ਹੁੰਦਿਆਂ ਆਪਣੇ ਖੇਤਾਂ ‘ਚ ਬਲਦਾਂ ਨਾਲ ਹਲ ਵਾਹੁੰਦੇ ਤੱਕਿਆ ਸੀ। ਇਸ ਲਈ ਸਾਰਾ ਪਰਿਵਾਰ ਚਾਹੁੰਦਾ ਹੈ ਕਿ ਇਨ੍ਹਾਂ ਰੁੱਖਾਂ ਦੀ ਬਦੌਲਤ, ਉਹ ਇਨ੍ਹਾਂ ਖੇਤਾਂ ਦੀ ਜੂਹ ਤੇ ਪਿੰਡ ਦੀ ਸੱਥ ‘ਚ ਉਸੇ ਤਰ੍ਹਾਂ ਹੀ ਹਮੇਸ਼ਾ ਸਾਡੇ ਲੋਕਾਂ ਦੇ ਅੰਗ ਸੰਗ ਰਹੇ। ਅਦਾਰਾ ‘ਵਿਗਿਆਨ ਜੋਤ’ ਮਾਨ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਾ ਹੈ।

# ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਚੱਕ ਸ਼ੇਖੁਪਰ ਵਿੱਚ ਤਰਕਸ਼ੀਲ ਮੇਲੇ ਦਾ ਆਯੋਜਨ



ਭਾਰਤ ਦੀ ਬਹੁਤ ਸਾਰੀ ਜਨਤਾ ਅੰਧਵਿਸ਼ਵਾਸੀ ਦੀਆਂ ਘੁੰਮਣ ਘੇਰੀਆਂ ਵਿੱਚ ਫਸੀ ਹੋਈ ਹੈ ਜਿਸ ਕਰਕੇ ਜਿੱਥੇ ਉਹ ਆਪਣੇ ਪੈਸੇ ਤੇ ਮਨਾਂ ਨੂੰ ਬਰਬਾਦ ਕਰ ਰਹੇ ਹਨ, ਨਾਲ ਹੀ ਉਹ ਮਾਨਸਿਕ ਪ੍ਰੇਸ਼ਨੀਆਂ ਵਿੱਚ ਹੋਰ ਡੂੰਘਾ ਧਸ ਜਾਂਦੇ ਹਨ। ਇਹਨਾਂ ਕੁਰੀਤੀਆਂ ਨੂੰ ਦੂਰ ਕਰਨ ਲਈ ਤਰਕਸ਼ੀਲ ਸੁਸਾਇਟੀ ਭਾਰਤ ਲਗਾਤਾਰ 32 ਸਾਲ ਅਣਥੱਕ ਉਪਰਾਲੇ ਕਰ ਰਹੀ ਹੈ। ਇਹਨਾਂ ਵਾਪਰੀਆਂ ਦੀ ਇੱਕ ਕੜੀ ਵਜੋਂ ਪਿੰਡ ਚੱਕ ਸ਼ੇਖੂਪੁਰ ਤਹਿਸੀਲ ਮਲੇਰਕੋਟਲਾ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਯਾਦ ਵਿੱਚ ਤੀਜਾ ਤਰਕਸ਼ੀਲ ਮੇਲਾ ਆਯੋਜਤ ਕੀਤਾ ਗਿਆ। ਚਾਰ ਜੂਨ ਦੀ ਰਾਤ 9.00 ਵਜੇ ਸ਼ੁਰੂ ਹੋਇਆ ਮੇਲਾ ਰਾਤੀ ਦੋ ਵਜੇ ਤੱਕ ਚਲਦਾ ਰਿਹਾ। ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਭਾਰਤ ਦੇ ਬਾਕੀ ਮੇਘ ਰਾਜ ਮਿੱਤਰ ਜੀ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਹੁਣ ਤੱਕ ਭਾਰਤ ਵਿੱਚ ਰਾਜ ਕਰਦੀਆਂ ਹਾਕਮ ਜਮਾਤਾਂ ਨੇ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿੱਚੋਂ ਬਾਹਰ ਕੱਢਣ ਲਈ ਕੋਈ ਯਤਨ ਨਹੀਂ ਕੀਤੇ। ਜਿਸ ਨਾਲ ਲੋਕਾਂ ਦੀ ਹਾਲਤ ਦਿਨੋਂ ਦਿਨ ਮੰਦੀ ਹੁੰਦੀ ਰਹੀਂ ਹੈ ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਰਾਜਾ ਰਾਮ ਜੀ ਨੇ ਜਾਦੂ ਰਾਹੀਂ ਲੋਕਾਂ ਨੂੰ ਵਿਗਿਆਨ ਦੇ ਲੜ ਲੱਗਣ ਦਾ ਹੋਕਾ ਦਿੱਤਾ। ਹਰਵਿੰਦਰ ਚੀਮਨਾ ਨਾਟਕ ਅਵੇਸਲੇ ਯੁੱਧਾਂ ਦੀ ਨਾਇਕਾਂ ਰਾਹੀਂ ਉਹਨਾਂ ਨੇ ਲੋੜਾਂ ਨੂੰ ਨਸ਼ਿਆਂ ਦੀ ਤ੍ਰਾਸਦੀ ਬਾਰੇ ਸੁਚੇਤ ਕੀਤਾ।

ਪਿੰਡ ਦੇ ਸਾਹਨੀ ਨੌਜੁਆਨ ਹਰਜਿੰਦਰ ਦੀ ਅਗਵਾਈ ਵਿੱਚ ਇਹ ਨਾਟਕ ਮੇਲੇ ਦਾ ਆਯੋਜਨ ਕੀਤਾ ਗਿਆ ਸੀ। ਅੰਤਲੇ ਸੁਨੇਹੇ ਵਿੱਚ ਤਰਕਸ਼ੀਲ ਸੁਸਾਇਟੀ ਭਾਰਤ ਨੇ ਲੋਕਾਂ ਨੂੰ ਜਥੇਬੰਦ ਹੋਏ ਸੰਘਰਸ਼ਾਂ ਦਾ ਰਾਹ ਪੈਣ ਦਾ ਸੁਨੇਹਾ ਦਿੱਤਾ ਗਿਆ।







# ਸਾਧਵੀ ਬਣਨ ਦੀ ਜ਼ਿੱਦ 'ਤੇ ਅੜੀ ਲੜਕੀ

ਮੇਘ ਰਾਜ ਮਿੱਤਰ
@98887-87440

ਮਈ 2016 ਦੇ ਆਖ਼ਰੀ ਹਫ਼ਤੇ ਦੀ ਗੱਲ ਹੈ, ਇੱਕ ਪਰਿਵਾਰ ਆਪਣੀ ਚੌਦਾਂ ਸਾਲ ਦੀ ਧੀ ਨੂੰ ਲੈ ਕੇ ਮੇਰੇ ਕੋਲ ਆਇਆ। ਕਹਿਣ ਲੱਗਿਆ, "ਸਾਡੀ ਲੜਕੀ ਨੇ ਇਸ ਗੱਲ ਦੀ ਜ਼ਿੱਦ ਫੜੀ ਹੋਈ ਹੈ ਕਿ ਇਹ ਸਾਧਵੀ ਬਣ ਕੇ ਆਸ਼ਰਮ ਵਿਚ ਰਹਿਣਾ ਚਾਹੁੰਦੀ ਹੈ। ਬਹੁਤ ਸਮਝਾਉਣ ਦੇ ਬਾਵਜੂਦ ਅਸੀਂ ਇਸ ਨੂੰ ਰਸਤੇ 'ਤੇ ਨਹੀਂ ਲਿਆ ਸਕੇ। ਤੁਹਾਡੇ ਬਾਰੇ ਸੁਣਿਆ ਸੀ ਕਿ ਤੁਸੀਂ ਅਜਿਹੇ ਬਹੁਤ ਸਾਰੇ ਲੋਕਾਂ ਨੂੰ ਠੀਕ ਰਸਤੇ 'ਤੇ ਪਾਇਆ ਹੈ। ਸਾਡੀ ਧੀ 'ਤੇ ਵੀ ਕ੍ਰਿਪਾ ਕਰੋ।" ਮੈਂ ਇਹ ਜਾਣਦਾ ਸੀ ਕਿ ਲੜਕੀ ਦਾ ਇਨ੍ਹਾਂ ਗੱਲਾਂ ਵਿਚ ਵਿਸ਼ਵਾਸ ਉਂਝ ਹੀ ਨਹੀਂ ਬਣਿਆ। ਬਚਪਨ ਵਿਚ ਮਿਲਿਆ ਕੋਈ ਨਾ ਕੋਈ ਮਾਹੌਲ ਬੱਚਿਆਂ ਦੇ ਸੰਵੇਦਨਸ਼ੀਲ ਮਨਾਂ ਵਿਚ ਇਸ ਵਿਸ਼ਵਾਸ ਦੀ ਉਸਾਰੀ ਕਰਦਾ ਹੈ। ਮੈਂ ਪਰਿਵਾਰ ਨੂੰ ਪੁੱਛਿਆ, "ਇਸ ਲੜਕੀ ਦਾ ਇਹ ਵਿਸ਼ਵਾਸ ਕਿਵੇਂ ਬਣਿਆ?" ਉਹ ਕਹਿਣ ਲੱਗੇ, "ਇਸ ਦੇ ਲਈ ਅਸੀਂ ਖ਼ੁਦ ਹੀ ਜ਼ਿੰਮੇਵਾਰ ਹਾਂ। ਅਸੀਂ ਜੈਨ ਧਰਮ ਵਿਚ ਵਿਸ਼ਵਾਸ ਕਰਦੇ ਹਾਂ। ਡੇਰੇ ਦੇ ਕੁੱਝ ਸਾਧੂ ਅਤੇ ਸਾਧਵੀਆਂ ਸਾਡੇ ਘਰ ਦੋ ਕੁ ਹਫ਼ਤਿਆਂ ਲਈ ਰੁਕੇ। ਇਹ ਲੜਕੀ ਉਨ੍ਹਾਂ ਦੀ ਸੇਵਾ ਕਰਦੀ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਇਸ ਨੇ ਇਹ ਗੱਲ ਦੁਹਰਾਉਣੀ ਸ਼ੁਰੂ ਕਰ ਦਿੱਤੀ ਕਿ ਮੈਂ ਵੀ ਆਸ਼ਰਮ ਵਿਚ ਜਾਣਾ ਹੈ।"

ਮੈਂ ਸਮੁੱਚੇ ਪਰਿਵਾਰ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਕਿ ਦੁਨੀਆਂ ਵਿਚ ਛੋਟੇ-ਮੋਟੇ ਚਾਰ ਹਜ਼ਾਰ ਦੇ ਕਰੀਬ ਧਰਮ, ਮੱਠ ਜਾਂ ਡੇਰੇ ਹਨ ਅਤੇ ਹੋਰ ਹਜ਼ਾਰਾਂ ਹੀ ਹੋਂਦ ਵਿਚ ਆਉਂਦੇ ਅਤੇ ਅਲੋਪ ਹੁੰਦੇ ਰਹਿੰਦੇ ਹਨ। ਕੁੱਝ ਸਥਾਪਤ ਵੀ ਹੋ ਜਾਂਦੇ ਹਨ ਅਤੇ ਅਲੱਗ ਧਰਮ ਪੈਦਾ ਹੋ ਜਾਂਦਾ ਹੈ। ਇਨ੍ਹਾਂ ਨੂੰ ਮੰਨਣ ਵਾਲਾ ਹਰੇਕ ਵਿਅਕਤੀ ਸੋਚਦਾ ਹੈ ਕਿ ਮੇਰਾ 'ਰੱਬ' ਠੀਕ ਹੈ ਬਾਕੀ ਸਾਰੇ ਰੱਬ ਗਲਤ ਹਨ। ਇਹ ਹੀ ਅੰਤਿਮ ਸੱਚ ਹੈ, ਜਦਕਿ ਇਹ ਸੱਚਾਈ ਨਹੀਂ ਹੈ। ਪਰਿਵਾਰ ਕਹਿਣ ਲੱਗਿਆ, "ਸਾਡੇ ਜੈਨ ਧਰਮ ਵਾਲੇ ਤਾਂ ਮੁਕਤੀ ਲਈ ਭਗਤੀ ਕਰਦੇ ਹਨ।" ਮੈਂ ਫਿਰ ਦੁਹਰਾਇਆ, "ਮੁਕਤੀ ਕੀ ਹੁੰਦੀ ਹੈ? ਕਿਸ ਚੀਜ਼ ਤੋਂ ਮੁਕਤ ਹੋਣਾ ਹੁੰਦਾ ਹੈ?" ਪਰਿਵਾਰ ਦਾ ਜਵਾਬ ਸੀ, "ਮੁਕਤੀ ਤਾਂ ਮਰ ਕੇ ਹੀ ਮਿਲਦੀ ਹੈ।" ਮੈਂ ਦੱਸਿਆ, "ਇਹ ਤਾਂ ਬਹੁਤ ਸੁਖਾਲੀ ਗੱਲ ਹੈ, ਸਲਫ਼ਾਸ ਦੀ ਇਕ-ਇਕ ਗੋਲੀ ਉਨ੍ਹਾਂ ਨੂੰ ਸਦਾ ਲਈ ਮੁਕਤ ਕਰ ਸਕਦੀ ਹੈ?" ਪਰਿਵਾਰ ਸੋਚਾਂ ਵਿਚ ਪੈ ਗਿਆ। ਇਸ ਤੋਂ ਬਾਅਦ ਮੈਂ ਲੜਕੀ ਨੂੰ ਸਮਝਾਉਣ ਲਈ ਅਲੱਗ ਕਮਰੇ ਵਿਚ ਲੈ ਗਿਆ।

ਲੜਕੀ ਦਸਵੀਂ ਕਲਾਸ ਦੀ ਵਿਦਿਆਰਥਣ ਸੀ। ਦਿਮਾਗ਼ੀ ਪੱਖੋਂ ਬਹੁਤ ਚੁਸਤ ਅਤੇ ਹੁਸ਼ਿਆਰ ਸੀ। ਮੈਂ ਉਸ ਨੂੰ ਪੁੱਛਿਆ, "ਤੈਨੂੰ ਪਤਾ ਹੈ ਕਿ ਜੈਨ ਸਾਧਵੀ ਬਣਨ ਲਈ ਕਿੰਨੇ ਦੁੱਖ ਝੱਲਣੇ ਪੈਂਦੇ ਹਨ?" ਉਹ ਕਹਿਣ ਲੱਗੀ, "ਮੇਰੇ ਸਿਰ ਦੇ ਸਾਰੇ ਵਾਲ ਉਹ ਖਿੱਚ-ਖਿੱਚ ਕੇ ਪੁੱਟ ਦੇਣਗੇ। ਸਾਰੀ ਉਮਰ ਮੂੰਹ 'ਤੇ ਪੱਟੀ ਬੰਨ੍ਹਣੀ ਪਊਗੀ। ਨੰਗੇ ਪੈਰੀਂ ਰਹਿਣਾ ਪਊ। ਵਿਆਹ ਵੀ ਨਹੀਂ ਕਰਵਾ ਸਕਾਂਗੀ। ਜ਼ਿਆਦਾ ਯਾਤਰਾ ਪੈਦਲ ਹੀ ਕਰਨੀ ਪਊ। ਸਾਰਾ ਸਮਾਂ ਲੋਕਾਂ ਦੇ ਪਰਿਵਾਰਾਂ ਵਿਚ ਜਾਂ ਆਸ਼ਰਮਾਂ ਵਿਚ ਹੀ ਬਤੀਤ ਕਰਨਾ ਪਊ।" ਮੈਂ ਉਸ ਨੂੰ ਕਿਹਾ ਕਿ ਜੇ ਤੂੰ ਸਾਧਵੀ ਨਹੀਂ ਬਣਦੀ ਤਾਂ ਤੂੰ ਇਕ ਨਰਸ, ਡਾਕਟਰ, ਇੰਜੀਨੀਅਰ, ਏਅਰ ਹੋਸਟੈੱਸ ਅਤੇ ਅਧਿਅਪਕਾ ਵੀ ਬਣ ਸਕਦੀ ਹੈ। ਹੋ ਸਕਦਾ ਹੈ ਕਿ ਤੇਰੇ ਕੋਲ ਆਪਣੀ ਕਾਰ ਵੀ ਹੋਵੇ। ਕੁੱਝ ਸਮੇਂ ਬਾਅਦ ਪਰਿਵਾਰ ਵਾਲੇ ਤੇਰਾ ਵਿਆਹ ਕਰ ਦੇਣਗੇ। ਉਸ ਸਮੇਂ ਤੈਨੂੰ ਹੱਸਣ-ਖੇਡਣ ਲਈ ਤੇਰਾ ਜੀਵਨ ਸਾਥੀ ਵੀ ਮਿਲ ਜਾਵੇਗਾ। ਦੁਨੀਆਂ ਦਾ ਘੇਰਾ ਬਹੁਤ ਵਿਸ਼ਾਲ ਹੈ। ਤੂੰ ਆਪਣੀ ਹਿੰਮਤ ਨਾਲ ਕਿਤੇ ਵੀ ਉਡਾਰੀ ਭਰ ਸਕਦੀ ਹੈਂ। ਇਸ ਤਰ੍ਹਾਂ ਮੈਂ ਲਗਭਗ ਦੋ ਘੰਟੇ ਉਸ ਦੇ ਸੁਆਲਾਂ ਦੇ ਜਵਾਬ ਹੀ ਦਿੰਦਾ ਰਿਹਾ।

ਉਸ ਦਾ ਸਭ ਤੋਂ ਵੱਡਾ ਸਵਾਲ ਤਾਂ ਆਤਮਾ ਦੀ ਹੋਂਦ ਬਾਰੇ ਸੀ। ਮੈਂ ਉਸ ਨੂੰ ਕਿਹਾ ਕਿ ਆਤਮਾ ਨਾਂਅ ਦੀ ਕੋਈ ਚੀਜ਼ ਇਸ ਬ੍ਰਹਿਮੰਡ ਵਿਚ ਨਹੀਂ ਹੈ। ਆਤਮਾ ਕੋਈ ਵੀ ਪਦਾਰਥਕ ਵਸਤੂ ਨਹੀਂ ਹੈ। ਵਿਗਿਆਨ ਅਨੁਸਾਰ, ਹਰੇਕ ਮਾਦਾ ਆਕਾਰ ਰੱਖਦਾ ਹੈ, ਉਸ ਦਾ ਭਾਰ ਹੁੰਦਾ ਹੈ, ਉਹ ਥਾਂ ਘੇਰਦਾ ਹੈ। ਸਮੁੱਚੇ ਬ੍ਰਹਿਮੰਡ ਵਿਚ ਅਜਿਹੀ ਕੋਈ ਵੀ ਵਸਤੂ ਨਹੀਂ ਜਿਸ ਦੇ ਤਿੰਨੇ ਗੁਣ ਨਾ ਹੋਣ। ਵਿਗਿਆਨੀਆਂ ਨੇ ਤਾਂ ਇਲੈਕਟ੍ਰੌਨਾਂ, ਪ੍ਰੋਟੋਨਾਂ ਦੇ ਭਾਰ ਅਤੇ ਆਕਾਰ ਤਕ ਦੱਸ ਦਿੱਤੇ ਹਨ। ਅੱਜ ਤਕ ਕਿਸੇ ਵੀ ਡਾਕਟਰ ਨੇ ਆਤਮਾ ਦੇ ਭਾਰ, ਆਕਾਰ ਅਤੇ ਥਾਂ ਘੇਰਨ ਦੀ ਪੁਸ਼ਟੀ ਨਹੀਂ ਕੀਤੀ। ਬੱਚੇ ਦੇ ਜਨਮ ਸਮੇਂ ਆਤਮਾ ਦੇ ਪ੍ਰਵੇਸ਼ ਕਰਨ ਬਾਰੇ ਵੀ ਉਸ ਦੇ ਮਨ ਵਿਚ ਕੁੱਝ ਸਵਾਲ ਸਨ। ਮੈਂ ਉਸ ਨੂੰ ਦੱਸਿਆ ਕਿ ਜਾਪਾਨੀ ਤਾਂ ਗਰਭ ਧਾਰਨ ਕਰਨ ਸਮੇਂ ਆਤਮਾ ਦੇ ਪ੍ਰਵੇਸ਼ ਕਰਨ ਵਿਚ ਯਕੀਨ ਕਰਦੇ ਹਨ। ਪਿਤਾ ਮਾਂ ਦੀ ਕੁੱਖ ਵਿਚ ਮਾਦਾ ਸੈੱਲ ਪ੍ਰਵੇਸ਼ ਕਰਵਾਉਂਦਾ ਹੈ। ਮਾਂ ਅਤੇ ਪਿਤਾ ਦੇ ਮਿਲਾਪ ਨਾਲ ਪੈਦਾ ਹੋਇਆ ਸੈੱਲ ਵਧਣਾ ਸ਼ੁਰੂ ਕਰ ਦਿੰਦਾ ਹੈ ਅਤੇ ਵਧ ਕੇ ਦੋ ਟੁਕੜਿਆਂ ਵਿਚ ਟੁੱਟ ਜਾਂਦਾ ਹੈ। ਦੋ ਨਵੇਂ ਸੈੱਲ ਹੋਂਦ ਵਿਚ ਆ ਜਾਂਦੇ ਹਨ। ਕੁੱਝ ਸਮੇਂ ਬਾਅਦ ਇਹ ਸੈੱਲ ਵਧ ਕੇ ਵਿਚਾਲਿਉਂ ਟੁੱਟ ਜਾਂਦੇ ਹਨ ਅਤੇ ਚਾਰ ਵਿਚ ਬਦਲ ਜਾਂਦੇ ਹਨ। ਇਸ ਤਰ੍ਹਾਂ ਲਗਭਗ 280 ਦਿਨ ਮਾਂ ਦੇ ਪੇਟ ਵਿਚ ਭਰੂਣ ਵਿਕਾਸ ਕਰਦਾ ਰਹਿੰਦਾ ਹੈ। ਇਸ ਵਾਧੇ ਲਈ ਲੋੜੀਂਦੀ ਖ਼ੁਰਾਕ ਉਸ ਨੂੰ ਮਾਂ ਦੀ ਖ਼ੁਰਾਕ ਵਿਚੋਂ ਮਿਲਦੀ ਰਹਿੰਦੀ ਹੈ। ਜਨਮ ਤੋਂ ਬਾਅਦ ਬੱਚਾ ਮਾਂ ਦੇ ਦੁੱਧ ਦੇ ਰੂਪ ਵਿਚ ਅਤੇ ਬਾਹਰੋਂ ਖ਼ੁਰਾਕ ਲੈਣੀ ਸ਼ੁਰੂ ਕਰ ਦਿੰਦਾ ਹੈ। ਲਗਭਗ ਚਾਲੀ ਸਾਲਾਂ ਦੀ ਉਮਰ ਤਕ ਸਰੀਰ ਵਿਚ ਪੈਦਾ ਹੋਣ ਵਾਲੇ ਸੈੱਲਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਚਾਲੀ ਤੋਂ ਪੰਜਾਹ ਸਾਲ ਦੀ ਉਮਰ ਤਕ ਜਿੰਨ੍ਹੇ ਕੁ ਸੈੱਲ ਸਾਡੇ ਸਰੀਰ ਵਿਚ ਹਰ ਰੋਜ਼ ਬਣਦੇ ਹਨ, ਲਗਭਗ ਉਨ੍ਹੇ ਕੁ ਹੀ ਮਰਦੇ ਰਹਿੰਦੇ ਹਨ। ਇਸ ਲਈ ਸਰੀਰ ਸਾਵਾਂ ਜਿਹਾ ਰਹਿੰਦਾ ਹੈ। ਪੰਜਾਹ ਸਾਲ ਦੀ ਉਮਰ ਤੋਂ ਬਾਅਦ ਹਰ ਰੋਜ਼ ਪੈਦਾ ਹੋਣ ਨਾਲੋਂ ਮਰਨ ਵਾਲੇ ਸੈੱਲਾਂ ਦੀ ਗਿਣਤੀ ਵਧ ਜਾਂਦੀ ਹੈ। ਸਰੀਰ ਢਹਿੰਦੀਆਂ ਕਲਾਵਾਂ ਵਿਚ ਜਾਣਾ ਸ਼ੁਰੂ ਹੋ ਜਾਂਦਾ ਹੈ। ਅੱਸੀ-ਨੱਬੇ ਸਾਲ ਦੀ ਉਮਰ ਵਿਚ ਪਹੁੰਚਦਿਆਂ ਸਰੀਰ ਵਿਚ ਸੈੱਲਾਂ ਦੀ ਗਿਣਤੀ ਏਨੀ ਘੱਟ ਜਾਂਦੀ ਹੈ ਕਿ ਸਾਡੀ ਕੋਈ ਨਾ ਕੋਈ ਅੰਗ ਪ੍ਰਨਾਲੀ ਜਵਾਬ ਦੇ ਜਾਂਦੀ ਹੈ, ਜਿਸ ਨਾਲ ਸਾਡੀ ਮੌਤ ਹੋ ਜਾਂਦੀ ਹੈ। ਸਾਡੇ ਸਰੀਰ ਨੂੰ ਜਲਾ ਜਾਂ ਦਫ਼ਨਾ ਦਿੱਤਾ ਜਾਂਦਾ ਹੈ। ਸਿੱਟੇ ਵਜੋਂ, ਦਰੱਖਤਾਂ ਤੋਂ ਲਈ ਖ਼ੁਰਾਕ ਆਕਸੀਜਨ ਅਤੇ ਪਾਣੀ ਦੇ ਰੂਪ ਵਿਚ ਦਰੱਖਤਾਂ ਨੂੰ ਵਾਪਸ ਮੁੜ ਜਾਂਦੀ ਹੈ।

ਲੜਕੀ ਇਸ ਗੱਲ ਦੇ ਉਪਰ ਜ਼ੋਰ ਦੇ

ਰਹੀ ਸੀ ਕਿ ਆਤਮਾ ਸਦੀਵੀ ਹੁੰਦੀ ਹੈ। ਇਹ ਨਾ ਜਲਦੀ ਹੈ ਅਤੇ ਨਾ ਹੀ ਨਸ਼ਟ ਹੁੰਦੀ ਹੈ। ਕੋਈ ਵੀ ਦੂਸਰਾ ਵਿਅਕਤੀ ਇਸ ਨੂੰ ਆਪਣੇ ਵੱਸ ਵਿਚ ਨਹੀਂ ਕਰ ਸਕਦਾ। ਇਸ ਗੱਲ ਦੀ ਵਿਆਖਿਆ ਕਰਨ ਲਈ ਮੈਂ ਉਸ ਨੂੰ ਦੱਸਿਆ ਕਿ ਡਾਕਟਰ ਆਪਣੇ ਮਰੀਜ਼ ਨੂੰ ਟੀਕਾ ਲਾ ਕੇ ਜਾਂ ਐਨਅਸਥੀਜੀਆ ਦੇ ਕੇ ਜਦੋਂ ਵੀ ਚਾਹੁਣ ਅਤੇ ਜਿੰਨ੍ਹੇ ਵੀ ਸਮੇਂ ਲਈ ਚਾਹੁਣ ਬੇਹੋਸ਼ ਕਰ ਸਕਦੇ ਹਨ। ਉਸ ਸਮੇਂ ਕਿਸੇ ਵਿਅਕਤੀ ਦੀ ਆਤਮਾ ਕਿੱਥੇ ਰਹਿੰਦੀ ਹੈ? ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਆਤਮਾ ਡਾਕਟਰ ਦੇ ਕੰਟਰੋਲ ਵਿਚ ਚਲੀ ਜਾਂਦੀ ਹੈ। ਅਮਰੀਕਾ ਵਾਲਿਆਂ ਨੇ ਹੀਰੋਸੀਮਾ ਅਤੇ ਨਾਗਸਾਕੀ ’ਤੇ ਐਟਮ ਬੰਬ ਸੁੱਟ ਕੇ ਇਕ-ਦੋ ਮਿੰਟ ਵਿਚ ਲੱਖਾਂ ਹੀ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਕੀ ਆਤਮਾਵਾਂ ਨੂੰ ਉਨ੍ਹਾਂ ਨੇ ਜ਼ਬਰਦਸਤੀ ਨਹੀਂ ਸੀ ਮੁਕਤ ਕੀਤਾ? ਮੁੜ-ਮੁੜ ਕੇ ਉਸ ਲੜਕੀ ਦਾ ਵਿਸ਼ਵਾਸ ਜੈਨੀਆਂ ਦੀ ਭਗਤੀ ਰਾਹੀਂ ਹੋਣ ਵਾਲੀ ਮੁਕਤੀ ਦੇ ਨੁਕਤੇ ਵੱਲ ਨੂੰ ਜਾ ਰਿਹਾ ਸੀ। ਮੈਂ ਉਸ ਨੂੰ ਕਿਹਾ ਕਿ ਜੇ ਜੈਨੀ ਇਨ੍ਹਾਂ ਛੇਤੀ ਮੁਕਤ ਹੋਣਾ ਚਾਹੁੰਦੇ ਹੁੰਦੇ ਹਨ ਤਾਂ ਉਨ੍ਹਾਂ ਨੂੰ ਬਿਮਾਰੀ ਸਮੇਂ ਡਾਕਟਰੀ ਮਦਦ ਨਹੀਂ ਲੈਣੀ ਚਾਹੀਦੀ। ਮੁਕਤੀ ਛੇਤੀ ਮਿਲ ਜਾਵੇਗੀ। ਮੈਂ ਉਸ ਨੂੰ ਆਤਮਾ ਬਾਰੇ ਭਰਮ ਦੀ ਮੁਕਤੀ ਲਈ ਕੁੱਝ ਉਦਾਹਰਣਾਂ ਅਜਿਹੀਆਂ ਦੱਸੀਆਂ, ਜਿਨ੍ਹਾਂ ਵਿਚ ਮਰਨ ਤੋਂ ਕਈ-ਕਈ ਘੰਟੇ ਬਾਅਦ ਵੀ ਵਿਅਕਤੀ ਜਿਉਂਦੇ ਹੋਏ ਸਨ। ਅਜਿਹੀਆਂ ਮੌਤਾਂ ਸਮੇਂ ਵਿਅਕਤੀ ਅਜਿਹੇ ਸਥਾਨਾਂ ’ਤੇ ਹੁੰਦੇ ਹਨ, ਜਿਥੇ ਠੰਢ ਕਾਰਨ ਦਿਮਾਗ਼ੀ ਸੈੱਲ ਨਹੀਂ ਮਰਦੇ। ਅਜਿਹੇ ਸੈੱਲਾਂ ਨੂੰ ਮੁੜ ਜੀਵਤ ਕਰਨਾ ਸੰਭਵ ਹੁੰਦਾ ਹੈ। ਆਸੂਤੋਸ਼ ਬਾਰੇ ਵੀ ਉਸ ਨੂੰ ਜਾਣਕਾਰੀ ਦਿੱਤੀ ਗਈ ਕਿ ਉਹ ਮੁੜ ਕਦੇ ਵੀ ਜੀਵਤ ਨਹੀਂ ਹੋ ਸਕੇਗਾ।

ਪਾਣੀ ਵਿਚ ਡੁੱਬ ਕੇ ਮਰੀਆਂ ਮੱਖੀਆਂ ਨੂੰ ਜਿਉਂਦਾ ਕਰਨ ਦਾ ਢੰਗ ਵੀ ਉਸ ਨੂੰ ਸਿਖਾਇਆ ਗਿਆ। ਗੱਲਾਂ-ਗੱਲਾਂ ਵਿਚ ਉਸ ਨੂੰ ਦੱਸਿਆ ਗਿਆ ਕਿ ਗਿਆਨ ਵੀ ਵਿਕਾਸ ਕਰਦਾ ਰਹਿੰਦਾ ਹੈ। ਅੱਜ ਤੋਂ ਤਿੰਨ ਸੌ ਵਰ੍ਹੇ ਪਹਿਲਾਂ ਜਦੋਂ ਵੀ ਕਿਸੇ ਵਿਅਕਤੀ ਨੂੰ ਪੁੱਛਿਆ ਜਾਂਦਾ ਸੀ ਕਿ ਬਰਸਾਤ ਕਿਵੇਂ ਹੁੰਦੀ ਹੈ ਤਾਂ ਉਸ ਦਾ ਜਵਾਬ ਹੁੰਦਾ ਸੀ ਕਿ ਇੰਦਰ ਦੇਵਤਾ ਮੀਂਹ ਪਾਉਂਦਾ ਹੈ। ਅੱਜ ਤੀਜੀ ਜਮਾਤ ਦਾ ਵਿਦਿਆਰਥੀ ਵੀ ਦੱਸਦਾ ਹੈ ਕਿ ਵਾਸ਼ਪੀਕਰਨ ਰਾਹੀਂ ਬੱਦਲ ਬਣਦੇ ਹਨ, ਜੋ ਵਰ੍ਹ ਜਾਂਦੇ ਹਨ।

ਅਜਿਹੇ ਵਿਅਕਤੀਆਂ ਵਿਚ ਇਹ ਵਹਿਮ ਹੁੰਦਾ ਹੈ ਕਿ ਮੁਕਤੀ ਤੋਂ ਬਾਅਦ ਆਤਮਾ ਪ੍ਰਮਾਤਮਾ ਨਾਲ ਮਿਲ ਜਾਂਦੀ ਹੈ। ਮੈਂ ਬਹੁਤ ਸਾਰੇ ਅਜਿਹੇ ਵਿਅਕਤੀਆਂ ਨੂੰ ਮਿਲਿਆ ਹਾਂ, ਜਿਨ੍ਹਾਂ ਨੇ ਚਾਲੀ-ਪੰਜਾਹ ਵਰ੍ਹੇ ਭਗਤੀ ਵਿਚ ਬਤੀਤ ਕੀਤੇ ਹੁੰਦੇ ਹਨ। ਜਦੋਂ ਉਨ੍ਹਾਂ ਨੂੰ ਪੁੱਛੀ ਦਾ ਹੈ ਕਿ ਕੀ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਗਏ ਹਨ ਤਾਂ 99.99 ਫ਼ੀਸਦੀ ਦਾ ਜਵਾਬ ਹੁੰਦਾ ਹੈ ਕਿ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ। ਜੋ ਵਿਰਲੇ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਹੋਏ ਹਨ, ਉਹ ਵੀ ਭਰਮ ਵਿਚ ਹੁੰਦੇ ਹਨ। ਜਿਵੇਂ ਕਿਸੇ ਨਸ਼ਈ ਵਿਅਕਤੀਆਂ ਨੂੰ ਇਹ ਭਰਮ ਹੋ ਜਾਂਦਾ ਹੈ ਕਿ ਉਹ ਹਵਾ ਵਿਚ ਉੱਡ ਰਿਹਾ ਹੈ। ਪਰ ਵੇਖਣ ਵਾਲਿਆਂ ਨੂੰ ਉਹ ਜ਼ਮੀਨ ’ਤੇ ਹੀ ਵਿਖਾਈ ਦਿੰਦਾ ਹੈ। ਇਸ ਤਰ੍ਹਾਂ ਦੇ ਵਿਅਕਤੀ ਮਨੋਭਰਮ ਦਾ ਸ਼ਿਕਾਰ ਹੋ ਜਾਂਦੇ ਹਨ। ਛੇਤੀ ਹੀ ਉਨ੍ਹਾਂ ਦੀ ਸਥਿਤੀ ਪਾਗਲਾਂ ਵਾਲੀ ਬਣ ਜਾਂਦੀ ਹੈ। ਉਂਝ ਵੀ ਵੱਖ-ਵੱਖ ਧਰਮਾਂ ਅਤੇ ਆਸ਼ਰਮਾਂ ਵਾਲਿਆਂ ਦੇ ਪ੍ਰਮਾਤਮਾ ਦੇ ਦਰਸ਼ਨ ਵੱਖ-ਵੱਖ ਹੁੰਦੇ ਹਨ। ਪੰਜਾਬ ਦੇ ਸਿੱਖਾਂ ਨੂੰ ਉਹ ਪੱਗੜੀ ਵਾਲਾ ਵਿਖਾਈ ਦਿੰਦਾ ਹੈ। ਭਾਰਤ ਦੇ ਹਿੰਦੂਆਂ ਨੂੰ ਕ੍ਰਿਸ਼ਨ ਦੇ ਰੂਪ ਵਿਚ ਦਿਸਦਾ ਹੈ। ਯੂਰਪ ਦੇ ਈਸਾਈਆਂ ਨੂੰ ਈਸਾ ਮਸੀਹ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਵੱਖਰੇਪਣ ਦਾ ਸਿੱਧਾ ਜਿਹਾ ਮਤਲਬ ਹੈ ਕਿ ਉਸ ਦੀ ਕੋਈ ਹੋਂਦ ਨਹੀਂ।

ਜਦੋਂ ਮੈਂ ਉਸ ਲੜਕੀ ਨੂੰ ਕਿਹਾ ਕਿ ਚੌਦਾਂ ਸਾਲ ਦੀ ਉਮਰ ਵਿਚ ਤੇਰਾ ਘਰ ਛੱਡ ਕੇ ਜਾਣਾ ਕਾਨੂੰਨੀ ਪੱਖੋਂ ਗ਼ਲਤ ਹੈ ਤੇ ਇਸ ਤਰ੍ਹਾਂ ਤੇਰੇ ਮਾਪਿਆਂ ਨੂੰ ਅਤੇ ਤੈਨੂੰ ਲਿਜਾਣ ਵਾਲਿਆਂ ਨੂੰ ਸਜ਼ਾ ਹੋ ਸਕਦੀ ਹੈ। ਪਰ ਉਹ ਕਹਿਣ ਲੱਗੀ ਕਿ ਜਦੋਂ ਸਾਧਵੀਆਂ ਦੀ ਦੀਕਸ਼ਾ ਕੀਤੀ ਜਾਂਦੀ ਹੈ ਤਾਂ ਪੁਲਿਸ ਵਾਲੇ ਤਾਂ ਖ਼ੁਦ ਉਥੇ ਪਹਿਰਾ ਦੇ ਰਹੇ ਹੁੰਦੇ ਹਨ। ਮੈਂ ਕਿਹਾ ਕਿ ਭਾਰਤ ਵਿਚ ਅਜਿਹਾ ਸੰਭਵ ਹੈ। ਹਜ਼ਾਰਾਂ ਅਪਰਾਧ ਪੁਲਿਸ ਵਾਲੇ ਖ਼ੁਦ ਕਰਵਾਉਂਦੇ ਹਨ। ਇਸ ਲਈ ਤੂੰ ਆਪਣਾ ਫ਼ੈਸਲਾ ਸੋਚ ਵਿਚਾਰ ਕੇ ਲਈਂ। ਕਿਤੇ ਤੇਰੇ ਮਾਪਿਆਂ ਅਤੇ ਆਸ਼ਰਮ ਵਾਲਿਆਂ ਨੂੰ ਸਮੱਸਿਆ ਨਾ ਖੜ੍ਹੀ ਹੋ ਜਾਵੇ। ਉਂਝ ਵੀ ਜੇ ਤੂੰ ਇਕ ਵਾਰ ਚਲੀ ਗਈ ਤਾਂ ਤੇਰਾ ਵਾਪਸ ਮੁੜਨਾ ਔਖਾ ਹੋ ਜਾਵੇਗਾ ਕਿਉਂਕਿ ਤੂੰ ਆਪਣੇ ਦੁਆਲੇ ਅਜਿਹਾ ਮਾਹੌਲ ਸਿਰਜ ਲਵੇਂਗੀ, ਜਿਸ ਵਿਚੋਂ ਬਾਹਰ ਆਉਣਾ ਲਗਭਗ ਅਸੰਭਵ ਹੁੰਦਾ ਹੈ। ਕੁੱਝ ਦਿਨਾਂ ਬਾਅਦ ਮੈਨੂੰ ਲੜਕੀ ਦੇ ਘਰਦਿਆਂ ਤੋਂ ਇਹ ਪਤਾ ਲੱਗਿਆ ਕਿ ਸ਼ਾਇਦ ਲੜਕੀ ਆਪਣੀ ਜ਼ਿੱਦ ਤੋਂ ਹਟ ਜਾਵੇਗੀ।

ਅੰਤ ਵਿਚ ਮੈਂ ਜਵਾਨ ਹੋ ਰਹੇ ਪੁੱਤਰਾਂ-ਧੀਆਂ ਦੇ ਮਾਪਿਆਂ ਨੂੰ ਇਹ ਸਲਾਹ ਦੇਵਾਂਗਾ ਕਿ ਉਹ ਆਪਣੇ ਪੁੱਤਰਾਂ-ਧੀਆਂ ਨੂੰ ਆਪਣੇ ਵਿਸ਼ਵਾਸਾਂ ਵਿਚ ਨਾ ਪਾਉਣ। ਹਰੇਕ ਵਿਅਕਤੀ ਸੋਚਦਾ ਹੈ ਕਿ ਉਸ ਦਾ ਧਰਮ ਜਾਂ ਉਸ ਦਾ ਰੱਬ ਅੰਤਿਮ ਸੱਚ ਹੈ। ਅਜਿਹਾ ਕੁੱਝ ਵੀ ਨਹੀਂ। ਦੁਨੀਆ ਹਰ ਪਲ ਹਰ ਘੜੀ ਬਦਲ ਰਹੀ ਹੈ। ਜਿਹੜੀਆਂ ਗੱਲਾਂ ਨੂੰ ਅਸੀਂ ਅਤੀਤ ਵਿਚ ਸੱਚ ਮੰਨਦੇ ਸੀ, ਅੱਜ ਇੰਟਰਨੈੱਟ ਦੀ ਦੁਨੀਆਂ ਨੇ ਉਹ ਝੂਠੀਆਂ ਸਾਬਤ ਕਰ ਦਿੱਤੀਆਂ ਹਨ। ਆਓ ਜ਼ਮਾਨੇ ਦੇ ਨਾਲ-ਨਾਲ ਬਦਲਣਾ ਸਿੱਖੀਏ।

# ਬਰਸਾਤ

ਬਾਹਰੋਂ ਮੀਂਹ ਚੋਂ ਭਿੱਜਦੇ ਆਏ ਹਰਦੇਵ ਨੇ ਘਰ ਵੜਦਿਆਂ ਕਾਹਲੀ-ਕਾਹਲੀ ਸਾਇਕਲ ਵਰਾਂਡੇ ’ਚ ਖੜ੍ਹਾ ਕੀਤਾ। ਖੁਸ਼ੀ ’ਚ ਖੀਵੇ ਹੋਏ ਨੇ ਘਰਦੀ ਨੂੰ ਦੱਸਿਆ ਕੇ ਅੱਜ ਵਾਹਵਾ ਮੀਂਹ ਪੈ ਰਿਹਾ ਆ, ਗਰਮੀ ਨੇ ਅੱਤ ਚੱਕੀ ਸੀ।

ਹੁਣ ਠੰਡਾ ਹੋਇਆ ਆ। ਤੈਨੂੰ ਪਤਾ ਅੱਜ ਪਿੰਡ ’ਚ ਰੱਬ ਦੇ ਨਾਮ ਤੇ ਦਲੀਆ ਵੰਡਿਆ ਆ, ਤਦ ਮੀਂਹ ਪਿਆ ਆ ,ਇੱਕ ਤੇਰਾ ਮੁੰਡਾ ਆ। ਵੱਡਾ ਨਾਸਤਿਕ। ਕਹਿੰਦਾ ਇਹ ਸੱਭ ਵਹਿਮ ਆ। ਆਇਆ ਵੱਡਾ ਤਰਕਸ਼ੀਲ।

ਅੰਦਰੋ ਹਰਦੇਵ ਦਾ ਮੁੰਡਾ ਬੋਲਿਆ ,“ਭਾਪਾ ਜੀ! ਇਹ ਦਲੀਏ ਦਾ ਚਮਤਕਾਰ ਨੀ ਹੈਗਾ। ਇਹ ਵਿਗਿਆਨ ਦਾ ਚਮਤਕਾਰ ਆ। ਜਿਹੜੇ ਪਰਧਾਨ ਨੇ ਅੱਜ ਦਲੀਆ ਵੰਡਿਆ ਆ ,ਉਹ ਮੇਰੇ ਕੋਲੋ ਹਫਤਾ ਪਹਿਲਾਂ ਹੀ ਪੁੱਛਕੇ ਗਿਆ ਸੀ ਬੀ ਦੇਖੀ ਤਾਂ ਨੈੱਟ ਤੇ ਮੀਂਹ ਕਦੋਂ ਪੈਣਾ ਦੱਸਦੇ ਆ? ਮੈਂ ਉਹਨੂੰ ਦੱਸਿਆ ਸੀ ਕੇ ਆਉਂਦੇ ਸੋਮਵਾਰ ਨੂੰ ਦੁਪਿਹਰੋਂ ਬਾਅਦ ਮੀਂਹ ਆਊਗਾ ਇੰਟਰਨੈੱਟ ਮੁਤਾਬਿਕ। ਤੇ ਉਸ ਦਿਨ ਤੋਂ ਹੀ ਉਸਨੇ ਯੱਗ ਦੀ ਉਗਰਾਹੀ ਕਰਨੀ ਸ਼ੁਰੂ ਕਰਤੀ ਸੀ।”

ਭਾਪਾ ਜੀ! ਜੇ ਅੱਜ ਮੈਂ ਦਲੀਏ ਦੀ ਥਾਂ ਬੱਕਰਾ ਵੀ ਵੰਡ ਦਿੰਦਾ ਜਾਂ ਭਾਵੇਂ ਕੋਈ ਕੁਝ ਵੀ ਨਾਂ ਵੰਡਦਾ ਤਾਂ ਵੀ ਮੀਂਹ ਪੈ ਜਾਣਾ ਸੀ। ਇਹ ਆਖਦਿਆ ਤਰਕਸ਼ੀਲ ਮਿੰਨਾ ਮਿੰਨਾ ਹੱਸਦਾ ਮੀਂਹ ’ਚ ਨਹਾਉਣ ਲੱਗ ਪਿਆ ਤੇ ਹਰਦੇਵ ਦੇ ਚਿਹਰੇ ਦੀ ਖੁਸ਼ੀ ਗਾਇਬ ਹੋ ਗਈ ।

-ਸੁਲੇਖ ਰਾਜ ਮੱਲ




### ਸੱਚੀ ਘਟਨਾ 'ਤੇ ਆਧਾਰਿਤ ਕਹਾਣੀ

# ਫੁੱਲ, ਮਾਲੀ ਅਤੇ ਸਕੂਲ

ਅੱਜ ਫੇਰ ਇੱਕ ਨਿਆਣਾ ਚੀਕਾਂ ਮਾਰਦਾ ਸਕੂਲ 'ਚ ਪ੍ਰਵੇਸ਼ ਹੋਇਆ। ਉਹ ਡਰਿਆ ਹੋਇਆ ਕੰਬ ਰਿਹਾ ਸੀ। ਸਕੂਲ ਸੇਵਾਦਾਰ ਦੀ ਸਹਾਇਤਾ ਨਾਲ ਮਾਸਟਰਾਂ ਨੇ ਉਹਨੂੰ ਸੰਭਲਦਿਆਂ ਮਸਾਂ ਨਾਰਮਲ ਕੀਤਾ। ਹਰ ਤੀਜੇ ਚੌਥੇ ਕੋਈ ਨਾ ਕੋਈ ਇਸ ਤਰ੍ਹਾਂ ਦੀ ਘਟਨਾ ਵਾਪਰ ਜਾਂਦੀ ਸੀ। ਪਿਛਲੇ ਚਾਰ ਕੁ ਮਹੀਨੇ ਤੋਂ ਹੀ ਇਹ ਕੁਝ ਹੋਣਾ ਸ਼ੁਰੂ ਹੋਇਆ ਸੀ ਜਦੋਂ ਤੋਂ ਹਾਈ ਸਕੂਲ ਅਪਗ੍ਰੇਡ ਹੋਣ ਤੋਂ ਬਾਅਦ ਇੱਥੇ ਪਿੰਡ ਤੋਂ ਬਾਹਰ ਨਵੀਂ ਬਣੀ ਬਿਲਡਿੰਗ ਵਿੱਚ ਸਕੂਲ ਸਿਫਟ ਹੋਇਆ ਸੀ। ਪਹਿਲਾਂ ਸਕੂਲ ਮੇਨ ਰੋਡ ਉੱਤੇ ਪਿੰਡ ਦੀ ਪੁਰਾਣੀ ਬਿਲਡਿੰਗ ਵਿੱਚ ਚਲਦਾ ਰਿਹਾ ਸੀ। ਹੁਣ ਨਵਾਂ ਸਕੂਲ ਮੇਨ ਰੋਡ ਤੋਂ ਅੱਧਾ ਕੁ ਕਿਲੋਮੀਟਰ ਦੂਰ ਸੀ। ਸਕੂਲ ਦੇ ਇੱਕ ਪਾਸੇ ਪੀਰਾਂ ਦੀ ਪੁਰਾਣੀ ਜਗ੍ਹਾ ਸੀ। ਲੋਕ ਦੱਸਦੇ ਸੀ ਕਿ ਇਹ ਬਹੁਤ ਸਖ਼ਤ ਜਗ੍ਹਾ ਹੈ। ਤੁਸੀਂ ਇਹਦੇ ਨੇੜੇ-ਤੇੜੇ ਪੇਸ਼ਾਬ ਨਹੀਂ ਕਰ ਸਕਦੇ। ਨਾ ਕੋਈ ਸ਼ੋਰ ਕਰ ਸਕਦਾ ਸੀ ਨਾ ਖੇਡ ਸਕਦਾ ਸੀ। ਕਹਿੰਦੇ ਉੱਚੀ-ਉੱਚੀ ਹੱਸਣਾ ਵੀ ਗੁਨਾਹ ਹੈ ਇੱਥੇ ਕੁਝ ਨਹੀਂ ਸੀ ਪਤਾ ਕਦੋਂ ਕੋਈ ਪੀਰਾਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਵੇ। ਪਿੰਡ ਦੇ ਕੁਝ ਪੁਰਾਣੇ ਲੋਕ ਇਸੇ ਕਰਕੇ ਇੱਥੇ ਸਕੂਲ ਬਣਨ ਦੇ ਖਿਲਾਫ਼ ਸਨ। ਪਰ ਦੂਜੇ ਪਾਸੇ ਉਹ ਲੋਕ ਸਨ ਜਿਹਨਾਂ ਦੀ ਦਲੀਲ ਸੀ ਕਿ ਇੱਥੇ ਪੜ੍ਹਾਈ ਲਈ ਵਾਤਾਵਰਣ ਬਹੁਤ ਵਧੀਆ ਹੈ। ਖੁੱਲ੍ਹੀ ਥਾਂ, ਦਰਖਤਾਂ ਦੀ ਸੰਘਣੀ ਠੰਡੀ ਛਾਂ, ਅਲੀਸ਼ਾਨ ਬਿਲਡਿੰਗ ਹੈ। ਵੱਡੀ, ਪੱਧਰੀ ਗਰਾਉਂਡ, ਸ਼ੋਰ-ਸ਼ਰਾਬੇ ਤੋਂ ਦੂਰ। ਉਹਦੇ ਆਲੇ ਦੁਆਲੇ ਤਿੰਨ ਪਿੰਡ ਹੋਰ ਜੁੜਦੇ ਸਨ। ਬੱਚਿਆਂ ਦੀ ਗਿਣਤੀ ਵਾਹਵਾ ਸੀ ਪਰ ਇਹਨਾਂ ਘਟਨਾਵਾਂ ਨੂੰ ਦੇਖਦਿਆਂ ਕੁਝ ਲੋਕਾਂ ਨੇ ਆਪਣੇ ਬੱਚੇ ਹਟਾਉਣੇ ਵੀ ਸ਼ੁਰੂ ਕਰ ਦਿੱਤੇ ਸਨ। ਕਿਸੇ ਬੱਚੇ ਦਾ ਨੇੜੇ-ਤੇੜੇ ਪੇਸ਼ਾਬ ਕਰ ਦੇਣਾ, ਰੌਲਾ ਪਾਉਣਾ, ਖੇਡਣਾ, ਹੱਸਣਾ ਬੱਚਿਆਂ ਦਾ ਆਮ ਵਰਤਾਰਾ ਸੀ। ਬੱਚਿਆਂ ਦੇ ਮਨਾਂ 'ਚ ਰੂੜ੍ਹੀਵਾਦੀ ਲੋਕਾਂ ਦੀਆਂ ਸੁਣਾਈਆਂ ਘਟਨਾਵਾਂ, ਗੱਲਾਂ ਗੂੰਜਦੀਆਂ ਰਹਿੰਦੀਆਂ। ਸਕੂਲ ਦਾ ਕੋਈ ਨਾ ਕੋਈ ਮੁਲਾਜ਼ਮ ਵੀ ਹੱਲਾਸ਼ੇਰੀ ਦੇਣ ਲਈ ਉਹਨਾਂ ਲੋਕਾਂ, ਨਾਲ ਰਲਿਆ ਹੋ ਸਕਦਾ ਸੀ। ਅਖੇ ਪੀਰ ਕਦੇ ਵੀ ਕਿਸੇ ਨੂੰ ਦਬੋਚ ਸਕਦੇ ਹਨ।

ਸਕੂਲ ਦੇ ਨਾਲ ਹੀ ਇੱਕ ਪਾਸੇ ਸ਼ਮਸ਼ਾਨਘਾਟ ਵਿੱਚੋਂ ਉੱਠਦੀਆਂ ਲਾਟਾਂ ਹੋਰ ਅੱਗ 'ਤੇ ਤੇਲ ਪਾਉਣ ਦਾ ਕੰਮ ਕਰ ਰਹੀਆਂ ਸਨ। ਪਿੰਡ ਦੇ ਬਜ਼ੁਰਗ ਅਤੇ ਕੁਝ ਕੁ ਪਰਦੇ ਪਿੱਛਿਉਂ ਲਾਟਾਂ ਦੁਆਲੇ ਭੂਤ-ਚੁੜੇਲਾਂ ਨਚਾ ਕੇ ਕੋਮਲ ਮਨਾਂ ਨੂੰ ਡਰਾਉਣ ਤੋਂ ਵਾਜ਼ ਨਾ ਆਉਂਦੇ। ਨਿਆਣੇ ਵਿਚਾਰੇ ਨਾ ਖੁੱਲ੍ਹ ਕੇ ਖੇਡਦੇ ਨਾ ਖੁੱਲ੍ਹ ਕੇ ਚੀਕ-ਚਿਹਾੜਾ ਪਾਉਂਦੇ, ਨਾ ਹੱਸਦੇ। ਕਲਾਸਾਂ 'ਚ ਪੜ੍ਹਦੇ ਸਮੇਂ ਤਾਂ ਬੱਝਣਾ ਸੀ। ਸਵੇਰੇ ਸ਼ਾਮ, ਅੱਧੀ ਛੁੱਟੀ ਵੇਲੇ ਵੀ ਉਹ ਬੱਝੇ-ਬੱਝੇ ਮਹਿਸੂਸ ਕਰਦੇ।

ਸਕੂਲ ਦਾ ਪ੍ਰਿੰਸੀਪਲ ਅਤੇ ਹੋਰ ਮਾਸਟਰ ਬੱਚਿਆਂ ਨੂੰ ਖੇਡਣ, ਦੌੜਨ, ਨੱਚਣ-ਟੱਪਣ ਦੀ ਹੱਲਾਸ਼ੇਰੀ ਦਿੰਦੇ। ਉਹਨਾਂ ਦੇ ਮਨਾਂ 'ਚ ਬੈਠੇ ਵਹਿਮ, ਡਰ ਨੂੰ ਕੱਢਣ ਸਬੰਧੀ ਲੈਕਚਰ ਕਰਦੇ, ਉਹ ਦੱਸਦੇ ਕਿ ਪੀਰ ਸਾਡੇ ਦੋਖੀ ਨਹੀਂ। ਤੁਹਾਡੇ ਮਿੱਤਰ ਹਨ। ਬੱਚਿਆਂ ਦੀਆਂ ਖੇਡਾਂ, ਹਾਸੇ, ਸ਼ਰਾਰਤਾਂ ਸੁਣ ਕੇ ਉਹ ਖੁਸ਼ ਹੁੰਦੇ ਹਨ। ਬੱਚਿਆਂ ਦੀਆਂ ਗਲਤੀਆਂ ਨੂੰ ਵੀ ਉਹ ਮਾਫ਼ ਕਰ ਦਿੰਦੇ ਨੇ। ਚੁੜੇਲਾਂ, ਭੂਤ ਵੀ ਸਾਡੇ ਪੁਰਾਣੇ ਲੋਕਾਂ ਦੀ ਆਪਣੇ ਮਨ ਦੀ ਉਪਜ ਹੈ। ਮਰਨ ਉਪਰੰਤ ਕੋਈ ਭੂਤ ਚੜੇਲ ਨਹੀਂ ਬਣਦਾ। ਬਈ ਤੁਹਾਡੇ ਆਪਣੇ ਬਾਬੇ, ਬਜ਼ੁਰਗ ਭਲਾ ਤੁਹਾਨੂੰ ਭੂਤ, ਚੜੇਲਾਂ ਬਣ ਕੇ ਕਾਹਨੂੰ ਡਰਾਉਣਗੇ। ਜਦੋਂ ਉਹ ਜੀਉਂਦੇ ਹੁੰਦੇ ਹਨ, ਤੁਹਾਨੂੰ ਕਿੰਨਾ, ਪਿਆਰ ਕਰਦੇ ਹਨ। ਹੁਣ ਉਹ ਤੁਹਾਨੂੰ ਨਫ਼ਰਤ ਕਿਉਂ ਕਰਨਗੇ?

ਇੱਕ ਦਿਨ ਤਾਂ ਕਮਾਲ ਹੀ ਹੋ ਗਈ। ਸਕੂਲ ਵਿੱਚ ਛੁੱਟੀ ਹੋ ਚੁੱਕੀ ਸੀ। ਸਭ ਲੱਗਭਗ ਘਰਾਂ ਨੂੰ ਜਾ ਚੁੱਕੇ ਸਨ। ਇੱਕ ਬੱਚਾ ਕਿਤੇ ਭੁੱਲਿਆ ਭਟਕਿਆ ਆਪਣੀ ਮਸਤੀ 'ਚ ਖੇਡਦਾ-ਖੇਡਦਾ ਪੀਰ ਦੀ ਦਰਗਾਹ 'ਤੇ ਚੜ੍ਹ ਗਿਆ। ਉਹ ਟੱਪਦਾ-ਟੱਪਦਾ ਪੀਰਾਂ ਦੇ ਵਸ 'ਚ ਆਇਆ ਖੇਡਣ, ਨੱਚਣ ਲੱਗ ਪਿਆ। ਪੀਰਾਂ ਨੇ ਐਸਾ ਤੇਜ਼ੀ ਨਾਲ ਘੁੰਮਾਇਆ, ਕਹਿੰਦੇ ਆਖਿਰ ਉਹ ਘਮੇਟਾ ਖਾ ਕੇ ਪਟਾਹ ਕਰਦਾ ਥੱਲੇ ਫਰਸ਼ 'ਤੇ ਡਿਗਿਆ। ਲਹੂ ਲੁਹਾਨ ਹੋਇਆ ਬੇਹੋਸ਼ ਹੋ ਗਿਆ। ਹਸਪਤਾਲ ਜਾ ਕੇ ਉਹਨੂੰ ਦੂਜੇ ਦਿਨ ਹੋਸ਼ ਆਈ। ਅਗਲੇ ਦਿਨ ਅੱਧਾ ਸਕੂਲ ਬੱਚਿਆਂ ਬਿਨਾਂ ਖਾਲੀ ਸੀ। ਮਾਪਿਆਂ, ਅਧਿਆਪਕਾਂ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ ਕਿ ਬਣਿਆ ਅਤੇ ਅੱਗੇ ਤੋਂ ਅੱਗੇ ਬਣੂੰਗਾ ਕੀ! ਪ੍ਰਿੰਸੀਪਲ ਨੇ ਸਿਆਣੇ ਅਧਿਆਪਕਾਂ ਦੀ ਮੱਦਦ ਨਾਲ ਪਿੰਡ ਦੇ ਮੋਹਤਵਾਰ ਬੰਦਿਆਂ ਦੀ ਸੁਲਾਹ ਨਾਲ ਸਕੂਲ 'ਚ ਇੱਕ ਵੱਡਾ ਇਕੱਠ ਕਰਕੇ ਆਪਣੇ ਤਰਕ, ਸਮਝ ਨਾਲ ਸਥਿਤੀ ਨੂੰ ਸੰਭਾਲਿਆ। ਵਿਦਿਆਰਥੀਆਂ ਦੇ ਮਨਾਂ ਵਿੱਚੋਂ ਡਰ, ਵਹਿਮ ਨੂੰ ਕੱਢ ਕੇ ਮਸਾਂ ਸਹਿਜ ਕੀਤਾ। ਕੁਝ ਦਿਨਾਂ ਬਾਅਦ ਗੱਡੀ ਹੌਲੀ-ਹੌਲੀ ਪਹਿਲਾਂ ਦੀ ਤਰ੍ਹਾਂ ਚੱਲ ਪਈ। ਫਿਰ ਇੱਕ ਹੋਰ ਛੋਟੀ ਜਿਹੀ ਚੰਗਿਆੜੀ ਭਾਂਬੜ ਬਣਾ ਕੇ ਇਲਾਕੇ 'ਚ ਫੈਲਾ ਦਿੱਤੀ ਕਿ ਨਿੱਤ ਬੱਚਿਆਂ, ਵਿਦਿਆਰਥੀਆਂ ਨੂੰ ਕੋਈ ਚੀਜ਼ ਆਪਣੇ ਕਾਬੂ ਵਿੱਚ ਲੈਕੇ ਦਬੋਚ ਲੈਂਦੀ ਹੈ। ਗੱਲ ਉੱਪਰ ਸਿੱਖਿਆ ਅਧਿਕਾਰੀਆਂ ਤੱਕ ਵੀ ਪਹੁੰਚ ਚੁੱਕੀ ਸੀ। ਕਈ ਅਫ਼ਸਰ ਸਕੂਲ ਦਾ ਦੌਰਾ ਕਰ ਚੁੱਕੇ ਸਨ। ਕਿਸੇ ਦੀ ਸਮਝ ਕੁਝ ਨਹੀਂ ਸੀ ਪੈ ਰਿਹਾ।

ਘਟਨਾਵਾਂ ਘੱਟਣ ਦੀ ਬਜਾਏ ਰਬੜ ਵਾਂਗ ਵਧਦੀਆਂ ਜਾ ਰਹੀਆਂ ਸਨ। ਇੱਕ ਦਿਨ ਛੁੱਟੀ ਦੇ ਦਿਨ ਕੁਝ ਨਿਆਣੇ ਗਰਾਉਂਡ ਵਿੱਚ ਖੇਡਣ ਆਏ। ਦੁਪਹਿਰ ਨੂੰ ਜਦੋਂ ਵਾਪਸ ਘਰਾਂ ਨੂੰ ਮੁੜਨ ਲੱਗੇ ਤਾਂ ਬਲਦੇ ਸਿਵੇ ਕੋਲੋਂ ਲੰਘਦਿਆਂ ਕਿਸੇ ਨੇ ਬਲਦੇ ਸਿਵੇ ਵੱਲ ਇੱਟ ਵਗਾਹ ਕੇ ਮਾਰੀ। ਕਹਿੰਦੇ ਇੱਟ ਇੱਕ ਚੜੇਲ ਦੇ ਸਿਰ 'ਚ ਵੱਜੀ। ਉਸੇ ਵੇਲੇ ਹਵਾ ਦਾ ਇੱਕ ਤੇਜ਼ ਝੋਂਕਾ ਬਲਦੇ ਸਿਵੇ ਵੱਲੋਂ ਆਇਆ ਅਤੇ ਨਿਆਣਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਉਹ ਦੌੜ ਕੇ ਮਸਾਂ ਬਚੇ। ਦੋ ਕੁ ਤਾਂ ਘਰ ਤੱਕ ਦੌੜ ਕੇ ਆਉਂਦੇ ਬੇਹੋਸ਼ ਹੋ ਗਏ।

ਵਾਰ-ਵਾਰ ਵਾਪਰਦੀਆਂ ਘਟਨਾਵਾਂ ਨੇ ਰੂੜ੍ਹੀਵਾਦੀਆਂ, ਸ਼ੁਕਰਖੋਲ ਦੀ ਚੜ੍ਹ ਮਚਾ ਦਿੱਤਾ। ਪਤਾ ਨਹੀਂ ਕਿਹੜੇ ਅਨਸਰ ਦਿਨ ਪ੍ਰਤੀ ਦਿਨ ਗੁਪਤੋਂ-ਗੁਪਤੀ ਹੋਰ ਭਾਂਬੜ ਬਾਲ ਰਹੇ ਸਨ। ਆਖਿਰ ਇੱਥੋਂ ਸਕੂਲ ਬੰਦ ਕਰਕੇ ਪਹਿਲੇ ਵਾਲੀ ਥਾਂ ਉੱਤੇ ਲਿਜਾਣ ਦੀ ਮੰਗ ਜ਼ੋਰ ਫੜਨ ਲੱਗੀ। ਸਿੱਖਿਆ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਕੂਲ ਬਿਲਡਿੰਗ ਬਣਾਉਣ, ਗਰਾਊਂਡ ਪੱਧਰੀ ਕਰਨ ’ਤੇ ਕਰੋੜਾਂ ਰੁਪਇਆ ਲੱਗ ਗਿਆ ਸੀ। ਪੁਰਾਣੇ ਸਕੂਲ ਦੀ ਬਿਲਡਿੰਗ ਖਸਤਾ ਸੀ। ਖੇਡਣ ਲਈ ਗਰਾਊਂਡ ਨਾਮਾਤਰ ਸੀ। ਕੋਲ ਮੇਨ ਰੋਡ ਅਤੇ ਬਜ਼ਾਰ ਦੇ ਰੌਲੇ-ਰੱਪੇ ਦਾ ਪ੍ਰਦੂਸ਼ਣ ਸੀ।

ਆਖਿਰ ਇਹਨਾਂ ਵਾਪਰਦੀਆਂ ਘਟਨਾਵਾਂ ਦੀ ਘੋਖ ਕਰਨ ਕਈ ਇੱਕ ਇਨਕੁਆਰੀ ਕਮੇਟੀ ਬਣਾਈ ਗਈ। ਦੋ ਕੁ ਮਹੀਨੇ ਬਾਅਦ ਕਮੇਟੀ ਨੇ ਆਪਣੀ ਪੜਤਾਲ ਕਰਕੇ ਰਿਪੋਰਟ ਵਿਭਾਗ ਨੂੰ ਸੌਂਪ ਦਿੱਤੀ।

ਦੋਸ਼ੀ ਦੋ ਅਧਿਆਪਕਾਵਾਂ, ਇੱਕ ਅਧਿਆਪਕ ਅਤੇ ਪੀਰਾਂ ਦੀ ਜਗ੍ਹਾ ਦਾ ਸੇਵਾਦਾਰ ਨਿਕਲਿਆ। ਇਹਨਾਂ ਅਧਿਆਪਕਾਂ ਨੂੰ ਹੁਣ ਬੱਸੋ ਉੱਤਰ ਕੇ ਅੱਧਾ ਕਿਲੋਮੀਟਰ ਤੁਰਨਾ ਪੈਂਦਾ ਸੀ। ਨਹੀਂ ਤਾਂ ਪਹਿਲਾਂ ਉਹ ਬੱਸੋਂ ਉਤਰਦੇ, ਸੜਕ ਟੱਪਦੇ, ਸਕੂਲ ’ਚ ਜਾ ਵੜਦੇ। ਸ਼ਾਮ ਨੂੰ ਸਕੂਲ ’ਚ ਛੁੱਟੀ ਹੁੰਦੀ। ਸਕੂਲ ਦੇ ਗੇਟੋਂ ਨਿਕਲਦੇ। ਸਾਹਮਣੇ ਬੱਸ ਖੜ੍ਹੀ ਹੁੰਦੀ ਚੜ੍ਹ ਜਾਂਦੇ। ਅੱਧਾ ਕਿਲੋਮੀਟਰ ਦੀ ਖੇਚਲ ਕਰਨ ਖਾਤਿਰ ਉਹਨਾਂ ਕੁਝ ਨਿਆਣਿਆਂ ਅਤੇ ਪਿੰਡ ਦੇ ਸ਼ਰਾਰਤੀ ਜਿਹੇ ਬੰਦਿਆਂ ਨੂੰ ਪੁੱਠੀ ਪੱਟੀ ਪੜ੍ਹਾਉਂਦੇ ਰਹਿੰਦੇ। ਰਹਿੰਦੀ ਕਸਰ ਭਗਤ ਬਣੇ ਸੇਵਾਦਾਰ ਨੇ ਪੂਰੀ ਕਰ ਦਿੱਤੀ। ਉਹ ਕੋਈ ਆਪਣੇ ਕਾਰਨਾਮਿਆਂ ਦਾ ਪਰਦਾ ਰੱਖਣਾ ਚਾਹੁੰਦਾ ਸੀ। ਦੂਜਾ ਆਲੇ-ਦੁਆਲੇ ਦੀ ਖੁੱਲ੍ਹੀ ਜਗ੍ਹਾ ’ਤੇ ਉਹਦਾ ਕਬਜ਼ਾ ਸੀ। ਉਹ ਸ਼ਾਮਲਾਟ ਦੀ ਜਗ੍ਹਾ ਉਹਦੇ ਹੱਥੋਂ ਨਿਕਲ ਰਹੀ ਸੀ। ਉਹਦੇ ਸ਼ਰਧਾਲੂ ਉਹਦੇ ਨਾਲ ਸਨ।

ਆਪਣੇ ਬਚਾ ਲਈ ਦੋਸ਼ੀਆਂ ਨੇ ਗੁਪਤੋਂ-ਗੁਪਤੀ ਬੜੇ ਹੱਥ ਪੈਰ ਮਾਰੇ। ਜਦ ਉਹਨਾਂ ਦੀ ਕਿਸੇ ਪਾਸਿਉਂ ਵੀ ਪੇਸ਼ ਨਾ ਗਈ ਤਾਂ ਉਹ ਆਖਿਰ ਮੋਹਤਵਾਰ ਬੰਦਿਆਂ ਅਤੇ ਅਫ਼ਸਰਾਂ ਦੇ ਪੈਰੀਂ ਜਾ ਪਏ।

**-ਜੋਗੇ ਭੰਗਲ**

ਭੰਗਲ ਕਲਾਂ, ਨਵਾਂ ਸ਼ਹਿਰ-144421
(ਮੋਬਾ: 94659-52938)

## ਇਹ ਕੈਸੀ ਆਜ਼ਾਦੀ ਸੀ

ਇਹ ਕੈਸੀ ਆਜ਼ਾਦੀ ਸੀ,
ਚਹੁੰ ਤਰਫ ਬਰਬਾਦੀ ਸੀ,
ਲਾਸ਼ਾਂ ਦੀ ਗੱਡੀ ਆਉਂਦੀ ਸੀ,
ਲਾਸ਼ਾਂ ਦੀ ਗੱਡੀ ਜਾਂਦੀ ਸੀ।

ਜਿਹੜੇ ਹੱਥ ਕਦੇ ਕਿਸੇ ਦੀ ਮਦਦ ਲਈ ਸੀ ਵੱਧਦੇ,
ਉਹੀ ਹੱਥ ਅੱਜ ਦੂਜਿਆਂ ਨੂੰ ਪਏ ਸੀ ਵੱਢਦੇ,
ਇੱਕ ਦੂਜੇ ਨੂੰ ਓਹੀ ਕਤਲ ਪਏ ਸੀ ਕਰਦੇ,
ਇਕੱਠੇ ਰਹਿਣ ਦੀ ਜਿਨ੍ਹਾਂ ਸਹੁੰ ਖਾਧੀ ਸੀ,
ਇਹ ਕੈਸੀ ਆਜਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਮਸੀਤਾਂ ਨਾਂ ਰਹੀਆਂ ਤੇ ਨਾਲੇ ਮੰਦਰ ਵੀ ਢਹਿ ਗਏ,
ਬਸ ਸੁੰਨ ਮਸੁੰਨੇ ਪਿੱਛੇ ਵਿਹੜੇ ਹੀ ਰਹਿ ਗਏ,
ਓਹ ਹੁਣ ਰੋਂਦੇ ਤੇ ਪਏ ਕੁਰਲਾਉਂਦੇ,
ਜੋ ਬਸ ਖੁਸ਼ੀਆਂ ਹੰਢਾਉਣ ਦੇ ਹੀ ਆਦੀ ਸੀ,
ਇਹ ਕੈਸੀ ਅਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਕਈਆਂ ਪਿੱਛੇ ਕਈ ਵੈਣ ਪਾਉਣ ਵਾਲਾ ਵੀ ਨਾ ਰਿਹਾ,
ਆਪਣਿਆਂ ਦੀ ਚਿਤ੍ਹਾ ਨੂੰ ਲਾਂਬੂ ਵਾਲਾ ਵੀ ਨਾਂ ਰਿਹਾ,
ਬਸ ਚੀਕ ਚਿਹਾੜਾ ਸੀ ਸੁਣਦਾ ਚੁਫੇਰੇ,
ਸਭ ਗਲੀਆਂ ’ਚ ਫਿਰਦੇ ਪਏ ਫਸਾਦੀ ਸੀ,
ਇਹ ਕੈਸੀ ਅਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਟੋਪੀਆਂ ਵਾਲੇ ਪੱਗਾਂ ਵਾਲਿਆਂ ਨੂੰ ਮਾਰ ਰਹੇ ਸੀ,
’ਤੇ ਪੱਗਾਂ ਵਾਲੇ ਟੋਪੀਆਂ ਵਾਲਿਆਂ ਨੂੰ ਮਾਰ ਰਹੇ ਸੀ,
ਕੋਈ ਰਹਿਮ ਦਿਲ ਨਹੀਂ ਸੀ,
ਹਰ ਕੋਈ ਬਣਿਆ ਫਿਰਦਾ ਅਪਰਾਧੀ ਸੀ,
ਇਹ ਕੈਸੀ ਅਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

ਲੋਕ ਆਪਣੇ ਗੁਆਚਿਆਂ ਨੂੰ ਰੋਂਦੇ ਪਏ ਸੀ।
ਇੱਕ ਸੀ ਸਰੀਰ ’ਤੇ ਦੋ ਟੋਟੇ ਹੁੰਦੇ ਪਏ ਸੀ,
ਬਹੁਤ ਦੁਖੀ ਸੀ ਗੋਰਿਆਂ ਦੇ ਕਾਲੇ ਫੈਸਲੇ ਤੋਂ
’ਤੇ ਕਈ ਟਾਂਵੇ-ਟਾਂਵੇ ਵਿੱਚ ਧੰਨਵਾਦੀ ਸੀ,
ਇਹ ਕੈਸੀ ਅਜ਼ਾਦੀ ਸੀ, ਚਹੁੰ ਤਰਫ ਬਰਬਾਦੀ ਸੀ।

**-ਬੱਬਲਪ੍ਰੀਤ ਸਿੰਘ**

## ਕਾਮਰੇਡ ਭੁਪਿੰਦਰ ਸਿੰਘ ਮਾਨ ਨਹੀਂ ਰਹੇ

ਪੰਜਾਬ ਦੀਆਂ ਬੰਦੇ ਖਾਣੀਆਂ ਸੜਕਾਂ ਨੇ ਸਾਡੇ ਦੋਸਤ ਕਾਮਰੇਡ ਭੁਪਿੰਦਰ ਸਿੰਘ ਮਾਨ (ਪਿੰਡ ਰੱਕੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ-ਨਵਾਂ ਸ਼ਹਿਰ) ਨੂੰ ਵੀ ਸਾਥੋਂ ਖੋਹ ਲਿਆ ਹੈ। ਉਹ ਛੋਟੀ ਉਮਰ ਵਿੱਚ ਹੀ 1990 ਦੇ ਨੇੜੇ ਮਾਰਕਸੀ ਲੈਨਿਨੀ ਵਿਚਾਰਧਾਰਾ ਦੇ ਲੜ ਲੱਗ ਗਿਆ ਸੀ। ਉਸਨੇ ਬਲਾਚੌਰ ਤਹਿਸੀਲ ਵਿੱਚ ਮਜ਼ਦੂਰਾਂ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੇ ਝੰਡੇ ਥੱਲੇ ਲਾਮਬੰਦ ਕੀਤਾ। ਦਲਿਤਾਂ ਲਈ ਜ਼ਮੀਨ ਪ੍ਰਾਪਤੀ ਅਤੇ ਪਲਾਟਾਂ ਦੀ ਲੜਾਈ ਲਈ ਸਰਗਰਮ ਇਹ ਯੋਧਾ ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਸੀ। ਦਲਿਤ ਮਜ਼ਦੂਰਾਂ ਅਤੇ ਇਨਕਲਾਬੀ ਲਹਿਰ ਨੂੰ ਉਸਦੀ ਮੌਤ ਨਾਲ ਬਹੁਤ ਵੱਡਾ ਘਾਟਾ ਪਿਆ ਹੈ। ਅਦਾਰਾ ਵਿਗਿਆਨ ਜੋਤ ਉਸਦੇ ਸੰਗੀ ਸਾਥੀਆਂ ਦੇ ਦੁੱਖ ਵਿੱਚ ਸ਼ਰੀਕ ਹੈ।

**ਡਾ. ਫੂਲ ਚੰਦਰ ਦਾ ਵਿਛੋੜਾ**: ਡਾ. ਫੂਲ ਚੰਦਰ ਵਾਸੀ ਬਲਾਚੌਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਸਤਲੁਜ ਦਰਿਆ ਵਿੱਚ ਰੁੜਨ ਨਾਲ ਸਦੀਵੀਂ ਵਿਛੋੜਾ ਦੇ ਗਏ। 32-33 ਸਾਲ ਦੀ ਉਮਰ ਵਿੱਚ ਇੱਕ ਯੋਗ ਤੇ ਮਿਹਨਤੀ ਡਾਕਟਰ ਦਾ ਤੁਰ ਜਾਣਾ ਅਸਹਿ ਹੈ। ਖਾਸ ਤੌਰ ਤੇ ਪਰਿਵਾਰ ਤੋਂ ਇਲਾਵਾ ਉਸ ਗਰੀਬ ਜਨਤਾ ਨੂੰ ਵੱਡਾ ਘਾਟਾ ਪਿਆ ਹੈ, ਜਿਨ੍ਹਾਂ ਦਾ ਉਹ ਮੱਦਦਗਾਰ ਸੀ। ਸਕੂਲ ਵਿੱਚ ਪੜ੍ਹਦੇ ਸਮੇਂ ਹੀ ਉਹ ਆਪਣੇ ਪਿਤਾ ਸ਼੍ਰੀ ਨੰਦ ਲਾਲ ਨਾਲ ਤਰਕਸ਼ੀਲ ਸੁਸਾਇਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਿਆ ਸੀ। ਉਹ ਡਾਕਟਰ ਬਣ ਕੇ ਵੀ ਮੁਨਾਫ਼ੇ ਖੋਰਾਂ, ਸਾਧਾਂ, ਠੱਗਾਂ, ਜੋਤਸ਼ੀਆਂ ਅਤੇ ਦਵਾਈ ਮਾਫ਼ੀਏ ਖਿਲਾਫ਼ ਲੜਾਈ ਜਾਰੀ ਰੱਖੀ। ਉਸ ‘ਵਿਗਿਆਨ ਜੋਤ’ ਵਿੱਚ ਭਾਵੇਂ ਬਹੁਤ ਘੱਟ ਲਿਖਿਆ ਪਰ ਉਹ ਇਸ ਪੇਪਰ ਤੇ ਵਿਚਾਰਧਾਰਾ ਨੂੰ ਲੋਕਾਂ ਵਿੱਚ ਲੈ ਕੇ ਜਾਂਦਾ ਰਿਹਾ।

# ਖੁਦਗਰਜ਼ੀ



ਹਰ ਰੋਜ਼ ਲੋਕਾਂ ਨੂੰ ਦੂਜਿਆਂ ਦਾ ਭਲਾ ਕਰਨ ਦੇ ਕਈ ਮੌਕੇ ਮਿਲਦੇ ਹਨ। ਪਰ ਸਾਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਬਹੁਤੇ ਲੋਕ ਸਿਰਫ ਆਪਣੇ ਬਾਰੇ ਹੀ ਸੋਚਦੇ ਹਨ। ਇਹ ਰਵੱਈਆ ਹਰ ਪਾਸੇ ਦੇਖਣ ਨੂੰ ਮਿਲਦਾ ਹੈ। ਉਹ ਬੇਸ਼ਰਮ ਹੋ ਕੇ ਲੋਕਾਂ ਨੂੰ ਕਈ ਢੰਗ ਤਰੀਕਿਆਂ ਨਾਲ ਠੱਗ ਲੈਂਦੇ ਹਨ। ਗਲਤ ਤਰੀਕੇ ਨਾਲ ਕਾਰ ਚਲਾਉਂਦੇ ਹਨ। ਗਾਲ੍ਹਾਂ ਕੱਢਦੇ ਹਨ ਅਤੇ ਆਪਣਾ ਗੁੱਸਾ ਝਾੜਦੇ ਹਨ।

ਇਹ ਖੁਦਗਰਜ਼ ਰਵੱਈਆ ਕਈ ਘਰਾਂ ਵਿੱਚ ਵੀ ਨਜ਼ਰ ਆਉਂਦਾ ਹੈ। ਮਿਸਾਲ ਲਈ, ਕਈ ਪਤੀ-ਪਤਨੀ ਇਸ ਕਰਕੇ ਤਲਾਕ ਲੈ ਲੈਂਦੇ ਹਨ ਕਿਉਂਕਿ ਇੱਕ ਜਣਾ ਸੋਚਦਾ ਹੈ ਕਿ ਉਸ ਨੂੰ ਕੋਈ ਹੋਰ ਬਿਹਤਰ ਇਨਸਾਨ ਮਿਲ ਸਕਦਾ ਹੈ। ਕੁੱਝ ਮਾਂ-ਬਾਪ ਵੀ ਆਪਣੇ ਬੱਚਿਆਂ ਅੰਦਰ ਖੁਦਗਰਜ਼ ਰਵੱਈਆ ਪੈਦਾ ਕਰ ਸਕਦੇ ਹਨ। ਕਿਵੇਂ? ਉਹ ਆਪਣੇ ਬੱਚਿਆਂ ਦੀ ਹਰ ਖਾਹਿਸ਼ ਪੂਰੀ ਕਰਦੇ ਹਨ ਅਤੇ ਕਿਸੇ ਵੀ ਤਰ੍ਹਾਂ ਦਾ ਅਨੁਸ਼ਾਸਨ ਸਿਖਾਉਣ ਤੋਂ ਹਿਚਕਿਚਾਉਂਦੇ ਹਨ।

ਦੂਜੇ ਪਾਸੇ, ਕਈ ਮਾਂ ਬਾਪ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਨ ਕਿ ਉਹ ਦੂਜਿਆਂ ਬਾਰੇ ਪਹਿਲਾਂ ਸੋਚਣ ਜਿਸ ਵਿੱਚ ਉਹਨਾਂ ਦਾ ਹੀ ਭਲਾ ਹੈ। ਜਿਹੜੇ ਬੱਚੇ ਹੋਰਨਾਂ ਦਾ ਲਿਹਾਜ਼ ਕਰਦੇ ਹਨ, ਉਹਨਾਂ ਦੇ ਜ਼ਿਆਦਾ ਦੋਸਤ ਬਣਦੇ ਹਨ ਅਤੇ ਉਹਨਾਂ ਦਾ ਦੂਜਿਆਂ ਨਾਲ ਚੰਗਾ ਰਿਸ਼ਤਾ ਬਣਿਆ ਰਹਿੰਦਾ ਹੈ, ਕਿਉਂਕਿ ਲੈਣ ਨਾਲੋਂ ਦੇਣ ਵਿੱਚ ਜ਼ਿਆਦਾ ਖੁਸ਼ੀ ਮਿਲਦੀ ਹੈ।

ਤੁਸੀਂ ਆਪਣੇ ਬੱਚਿਆਂ ਨੂੰ ਕਿਵੇਂ ਸਿਖਾ ਸਕਦੇ ਹੋ ਕਿ ਚੰਗੇ ਬਣਨ ਦੇ ਫਾਇਦੇ ਹਨ ਅਤੇ ਉਹ ਆਪਣੇ ਆਲੇ-ਦੁਆਲੇ ਦੇ ਖੁਦਗਰਜ਼ ਰਵੱਈਏ ਤੋਂ ਬਚ ਕੇ ਰਹਿਣ।

ਖੋਜਕਾਰਾਂ ਨੇ ਚਿੰਤਾ ਵਿੱਚ ਪਾਉਣ ਵਾਲਾ ਇਹ ਰੁਝਾਨ ਦੇਖਿਆ ਹੈ : ਕਈ ਨੌਜਵਾਨ/ਮੁਟਿਆਰਾਂ ਇਸ ਰਵੱਈਏ ਨਾਲ ਕੰਮ ਤੇ ਜਾਣਾ ਸ਼ੁਰੂ ਕਰਦੇ ਹਨ ਕਿ ਉਹਨਾਂ ਨੂੰ ਕਾਮਯਾਬੀ ਮਿਲੇਗੀ ਭਾਵੇਂ ਕਿ ਉਹਨਾਂ ਨੇ ਇਸ ਵਾਸਤੇ ਥੋੜੀ ਜਿਹੀ ਮਿਹਨਤ ਕੀਤੀ ਹੈ ਜਾਂ ਬਿਲਕੁਲ ਨਹੀਂ ਕੀਤੀ। ਕੁੱਝ ਸੋਚਦੇ ਹਨ ਕਿ ਆਪਣੇ ਕੰਮ ਵਿੱਚ ਮਾਹਿਰ ਹੋਣ ਤੋਂ ਬਿਨਾਂ ਹੀ ਉਹਨਾਂ ਦੀ ਫਟਾਫਟ ਤਰੱਕੀ ਹੋ ਜਾਵੇਗੀ। ਕਈ ਆਪਣੇ ਆਪ ਨੂੰ ਖਾਸ ਸਮਝਦੇ ਹਨ, ਇਸ ਲਈ ਉਹ ਸੋਚਦੇ ਹਨ ਕਿ ਉਹਨਾਂ ਨਾਲ ਦੂਜਿਆਂ ਨਾਲੋਂ ਜ਼ਿਆਦਾ ਚੰਗਾ ਸਲੂਕ ਕੀਤਾ ਜਾਣਾ ਚਾਹੀਦਾ ਹੈ। ਪਰ ਜਦੋਂ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਦੂਜਿਆਂ ਦੀ ਨਜ਼ਰ ਵਿੱਚ ਉਹ ਖਾਸ ਨਹੀਂ ਹਨ ਤਾਂ ਉਹ ਨਿਰਾਸ਼ ਹੋ ਜਾਂਦੇ ਹਨ।

ਕਈ ਵਾਰ ਕੁੱਝ ਲੋਕ ਇਸ ਲਈ ਖੁਦ ਨੂੰ ਕਿਸੇ ਚੀਜ਼ ਦੇ ਹੱਕਦਾਰ ਸਮਝਦੇ ਹਨ ਕਿਉਂਕਿ ਉਹਨਾਂ ਦਾ ਪਾਲਣ-ਪੋਸ਼ਣ ਹੀ ਇਸ ਤਰੀਕੇ ਨਾਲ ਹੋਇਆ ਹੁੰਦਾ ਹੈ। ਮਿਸਾਲ ਲਈ, ਹਾਲ ਦੇ ਦਹਾਕਿਆਂ ਵਿੱਚ ਇਹ ਰੁਝਾਨ ਆਮ ਹੀ ਦੇਖਣ ਨੂੰ ਮਿਲਿਆ ਹੈ ਕਿ ਇਨਸਾਨ ਨੂੰ ਆਤਮ-ਵਿਸ਼ਵਾਸ਼ ਪੈਦਾ ਕਰਨਾ ਚਾਹੀਦਾ ਹੈ ਅਤੇ ਇਸ ਗੱਲ ਦਾ ਮਾਪਿਆਂ ਉੱਤੇ ਬਹੁਤ ਜ਼ਿਆਦਾ ਅਸਰ ਹੋਇਆ ਵੀ। ਇਸ ਸਿਧਾਂਤ ਦਾ ਮਕਸਦ ਸਹੀ ਜਾਪਦਾ ਸੀ : ਜੇ ਬੱਚਿਆਂ ਦੀ ਥੋੜੀ ਜਿਹੀ ਤਾਰੀਫ਼ ਕਰਨੀ ਚੰਗੀ ਗੱਲ ਹੈ ਤਾਂ ਜ਼ਿਆਦਾ ਤਾਰੀਫ਼ ਕਰਨੀ ਤਾਂ ਹੋਰ ਵੀ ਵਧੀਆ ਗਲ ਹੈ। ਦੂਜੇ ਪਾਸੇ, ਇਹ ਵੀ ਸੋਚਿਆ ਜਾਂਦਾ ਸੀ ਕਿ ਬੱਚੇ ਦੀ ਕਿਸੇ ਵੀ ਗੱਲ ਤੇ ਨਰਾਜ਼ ਹੋਣ ਨਾਲ ਉਹਦਾ ਹੌਂਸਲਾ ਢਹਿ ਜਾਵੇਗਾ। ਜਿਸ ਦੁਨੀਆਂ ਵਿੱਚ ਆਪਣੇ ਆਪ ਨੂੰ ਉੱਚਾ ਸਮਝਣ ਦਾ ਰੁਝਾਨ ਹੈ, ਉਸ ਵਿੱਚ ਜੇ ਤੁਸੀਂ ਆਪਣੇ ਬੱਚਿਆਂ ਨੂੰ ਵਡਿਆਉਂਦੇ ਨਹੀਂ ਤਾਂ ਤੁਸੀਂ ਚੰਗੇ ਮਾਪੇ ਨਹੀਂ ਕਹਿਲਾਉਗੇ। ਮਾਪਿਆਂ ਨੂੰ ਕਿਹਾ ਗਿਆ ਸੀ ਕਿ ਉਹ ਬੱਚਿਆਂ ਨੂੰ ਕਦੇ ਕੁੱਝ ਇਸ ਤਰ੍ਹਾਂ ਦਾ ਨਾ ਕਹਿਣ ਜਿਸ ਕਰਕੇ ਬੱਚੇ ਆਪਣੇ ਬਾਰੇ ਘਟੀਆ ਸੋਚਣ।



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਇਸ ਲਈ ਕਈ ਮਾਂ-ਬਾਪ ਆਪਣੇ ਬੱਚਿਆਂ ਦੀ ਤਾਰੀਫ਼ ਦੇ ਪੁਲ ਬੰਨ੍ਹਣ ਲੱਗੇ, ਭਾਵੇਂ ਕਿ ਬੱਚਿਆਂ ਨੇ ਇਸ ਲਾਇਕ ਕੁੱਝ ਖਾਸ ਕੀਤਾ ਵੀ ਨਹੀਂ ਸੀ। ਇਹ ਰੁਝਾਨ ਏਸ਼ੀਆਈ ਪਰਿਵਾਰਾਂ ਵਿੱਚ ਆਮ ਦੇਖਣ ਨੂੰ ਮਿਲਦਾ ਹੈ। ਬੱਚਿਆਂ ਦੀ ਹਰ ਛੋਟੀ-ਮੋਟੀ ਕਾਮਯਾਬੀ ਦੇ ਜਸ਼ਨ ਮਨਾਏ ਜਾਣ ਲੱਗੇ ਅਤੇ ਹਰ ਗਲਤੀ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਸੀ। ਭਾਵੇਂ ਉਹ ਕਿੰਨੀ ਵੱਡੀ ਕਿਉਂ ਨਹੀਂ ਸੀ। ਉਹਨਾਂ ਮਾਪਿਆਂ ਦਾ ਮੰਨਣਾ ਸੀ ਕਿ ਆਤਮ-ਵਿਸ਼ਵਾਸ਼ ਵਧਾਉਣ ਲਈ ਬੁਰੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰਕੇ ਬਾਕੀ ਸਾਰੀਆਂ ਗੱਲਾਂ ਦੀ ਤਾਰੀਫ਼ ਕਰਨੀ ਚਾਹੀਦੀ ਹੈ। ਉਹਨਾਂ ਲਈ ਬੱਚਿਆਂ ਨੂੰ ਹਰ ਗਲ ਤੇ ਖੁਸ਼ ਕਰਨਾ ਜ਼ਿਆਦਾ ਜ਼ਰੂਰੀ ਬਣ ਗਿਆ, ਨਾ ਕਿ ਉਹ ਕੰਮ ਕਰਕੇ ਸਿਖਾਉਂਦੇ, ਜਿੰਨਾਂ ਕਰਕੇ ਉਹ ਸੱਚ-ਮੁੱਚ ਆਪਣੇ ਬਾਰੇ ਚੰਗਾ ਮਹਿਸੂਸ ਕਰ ਸਕਦੇ ਸਨ। ਜਦੋਂ ਕਿ ਤਾਰੀਫ਼ ਕਰਨੀ ਉਦੋਂ ਚੰਗੀ ਗੱਲ ਹੈ ਜਦੋਂ ਇਹ ਢੁੱਕਵੀਂ ਹੋਵੇ। ਪਰ ਬੱਚਿਆਂ ਦੀ ਖੁਸ਼ੀ ਲਈ ਉਹਨਾਂ ਦੀ ਤਾਰੀਫ਼ ਕਰਨ ਨਾਲ ਉਹ ਆਪਣੇ ਬਾਰੇ ਗਲਤ ਨਜ਼ਰੀਆਂ ਆਪਣਾ ਲੈਣਗੇ।

ਇਹ ਸੱਚ ਹੈ ਕਿ ਜੇ ਕੋਈ ਕੁੱਝ ਨਾ ਹੁੰਦੇ ਵੀ ਆਪਣੇ ਆਪ ਨੂੰ ਕੁੱਝ ਸਮਝੇ ਤਾਂ ਉਹ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੁੰਦਾ ਹੈ। ਇਸ ਬੀਮਾਰੀ ਤੋਂ ਸਿਰਫ ਅੱਲੜ੍ਹ ਉਮਰ ਦੇ ਬੱਚੇ ਹੀ ਪ੍ਰਭਾਵਿਤ ਨਹੀਂ ਸਗੋਂ ਕਈ ਵੱਡੀ ਉਮਰ ਦੇ ਲੋਕ ਵੀ ਇਹਦੇ ਮਰੀਜ਼ ਹਨ। ਇਸ ਬੀਮਾਰੀ ਨਾਲ ਨੁਕਸਾਨ ਸਾਡਾ ਆਪਣਾ ਹੀ ਹੁੰਦਾ ਹੈ, ਹੋਰ ਕਿਸੇ ਦਾ ਨਹੀਂ। ਪਿੱਠ ਪਿੱਛੇ ਲੋਕ ਮਖੌਲ ਕਰਦੇ ਹਨ ਅਤੇ ਸਾਡੀ ਸ਼ਖ਼ਸ਼ੀਅਤ ਨੂੰ ਗੰਭੀਰਤਾ ਨਾਲ ਲੈਣ ਤੋਂ ਸੰਕੋਚ ਕਰਦੇ ਹਨ। ਉਹ ਇੱਥੋਂ ਤਕ ਕਹਿਣ ਤਕ ਵੀ ਜਾਂਦੇ ਹਨ ਕਿ 'ਇਹਦਾ ਦਿਮਾਗ ਖਰਾਬ ਹੋ ਗਿਆ ਹੈ।'

ਲੋੜ ਪੈਣ ਤੇ ਬੱਚਿਆਂ ਨੂੰ ਤਾੜਨਾਂ ਦੇਣੀ ਅਤੇ ਤਾਰੀਫ ਕਰਨ ਦਾ ਆਪਣਾ ਟੀਚਾ ਰੱਖੋ। ਆਪਣੇ ਬੱਚਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਝੂਠੀ ਤਾਰੀਫ਼ ਨਾ ਕਰੋ। ਉਹਨਾਂ ਨੇ ਇਸ ਨਾਲ ਖੁਸ਼ ਨਹੀਂ ਹੋਣਾ। ਆਤਮ-ਵਿਸ਼ਵਾਸ਼ ਉਸ ਵੇਲੇ ਹੀ ਤੁਹਾਡੇ ਵਿੱਚ ਆਉਂਦਾ ਹੈ ਜਦੋਂ ਤੁਸੀਂ ਆਪਣੇ ਹੁਨਰਾਂ ਨੂੰ ਨਿਖਾਰਦੇ ਹੋ ਅਤੇ ਕੁੱਝ ਸਿੱਖਦੇ ਹੋ। ਇਹ ਕਹਿਣ ਨਾਲ ਆਤਮ-ਵਿਸ਼ਵਾਸ਼ ਪੈਦਾ ਨਹੀਂ ਹੁੰਦਾ ਕਿ ਤੂੰ ਤਾਂ ਕਮਾਲ ਹੀ ਕਰ ਦਿੱਤੀ ਭਾਵੇਂ ਤੁਸੀਂ ਕੁੱਝ ਵੀ ਨਾ ਕੀਤਾ ਹੋਵੇ। ਸਾਨੂੰ ਆਪਣੇ ਆਪ ਨੂੰ

ਲੋੜੋਂ ਵੱਧ ਨਹੀਂ ਸਮਝਣਾ ਚਾਹੀਦਾ।

ਕਈ ਨੌਜਵਾਨ ਜਦੋਂ ਕੰਮ ਤੇ ਜਾਣਾ ਸ਼ੁਰੂ ਕਰਦੇ ਹਨ ਤਾਂ ਲੱਗਦਾ ਹੈ ਕਿ ਉਹ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੁੰਦੇ। ਕੁੱਝ ਤਾਂ ਥੋੜੀ ਜਿਹੀ ਨੁਕਤਾਚੀਨੀ ਸੁਣ ਕੇ ਬੜੇ ਪ੍ਰੇਸ਼ਾਨ ਹੋ ਜਾਂਦੇ ਹਨ। ਕਈ ਨਖਰੇ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਹ ਉਹੀ ਕੰਮ ਕਰਨਗੇ ਜੋ ਉਹਨਾਂ ਦੀਆਂ ਉੱਚੀਆਂ ਉਮੀਦਾਂ ਮੁਤਾਬਿਕ ਹੈ। ਮਿਸਾਲ ਲਈ, ਡਾਕਟਰ ਜੋਸਫ ਐਲਨ ਆਪਣੀ ਕਿਤਾਬ, "ਇਸਕੇਪਿੰਗ ਦ ਐਂਡਲੈੱਸ ਐਡੋਲੈਸੰਸ" ਵਿੱਚ ਉਸ ਨੌਜਵਾਨ ਬਾਰੇ ਦੱਸਦਾ ਹੈ ਜਿਸ ਨੇ ਉਸ ਨੂੰ ਨੌਕਰੀ ਲਈ ਇੰਟਰਵਿਊ ਵੇਲੇ ਕਿਹਾ ਸੀ, "ਮੈਨੂੰ ਲੱਗਦਾ ਹੈ ਕਿ ਇਹ ਨੌਕਰੀ ਕਰਦਿਆਂ ਕੁੱਝ ਮਾੜੇ-ਮੋਟੇ ਬੋਰਿੰਗ ਕੰਮ ਵੀ ਹੋਣਗੇ ਅਤੇ ਮੈਂ ਬੋਰ ਨਹੀਂ ਹੋਣਾ ਚਾਹੁੰਦਾ।" ਡਾਕਟਰ ਐਲਨ ਲਿਖਦਾ ਹੈ : "ਲੱਗਦਾ ਹੈ ਕਿ ਉਸ ਨੌਜਵਾਨ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਹਰ ਤਰ੍ਹਾਂ ਦੀ ਨੌਕਰੀ ਕਰਦਿਆਂ ਕੁੱਝ ਬੋਰਿੰਗ ਕੰਮ ਕਰਨੇ ਪੈਂਦੇ ਹਨ। ਇਹ ਗੱਲ ਜਾਣੇ ਬਿਨਾਂ ਉਸ ਨੇ 23 ਸਾਲ ਦੀ ਉਮਰ ਕਿਵੇਂ ਗੁਜ਼ਾਰ ਲਈ?" ਇਹ ਜ਼ਰੂਰੀ ਹੈ ਕਿ ਹਰ ਇਨਸਾਨ ਖੁਦ ਆਪਣੇ ਕੰਮ ਦੀ ਜਾਂਚ ਕਰੇ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਕੰਮ ਤੋਂ ਖੁਸ਼ ਹੋਵੇਗਾ। ਹਰ ਮਾਪਾ (ਮਾਂ-ਬਾਪ) ਚਾਹੁੰਦਾ ਹੈ ਅਤੇ ਕੋਸ਼ਿਸ਼ ਵੀ ਕਰਦਾ ਹੈ ਕਿ ਆਪਣੇ ਬੱਚਿਆਂ ਨੂੰ ਕਿਸੇ ਵੀ ਮੁਸੀਬਤ ਤੋਂ ਮਹਿਫੂਜ਼ ਰੱਖੇ। ਪਰ ਇਹਦਾ ਮਤਲਬ ਇਹ ਨਹੀਂ ਕਿ ਅਗਰ ਤੁਹਾਡਾ ਬੱਚਾ ਪੇਪਰਾਂ ਵਿਚੋਂ ਫੇਲ੍ਹ ਹੋ ਗਿਆ ਹੈ ਤਾਂ ਤੁਸੀਂ ਅਧਿਆਪਕ ਕੋਲ ਜਾਕੇ ਉਸ ਨੂੰ ਨੰਬਰ ਵਧਾਉਣ ਲਈ ਕਹੋ। ਅਗਰ ਤੁਹਾਡੇ ਪੁੱਤਰ ਨੇ ਟ੍ਰੈਫਿਕ ਦੇ ਨਿਯਮਾਂ ਦਾ ਪਾਲਣ ਨਹੀਂ ਕੀਤਾ ਅਤੇ ਜੁਰਮਾਨਾ ਹੋਣ ਤੇ ਤੁਸੀਂ ਉਹਦਾ ਜ਼ੁਰਮਾਨਾ ਭਰੋ। ਅਗਰ ਤੁਹਾਡੇ ਪੁੱਤਰ ਜਾਂ ਧੀ ਦੀ ਗੁਆਂਢੀ ਨਾਲ ਲੜਾਈ ਹੋ ਗਈ ਤਾਂ ਇਹਦਾ ਦੋਸ਼ ਗੁਆਂਢੀ ਸਿਰ ਮੜੋ। ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਆਪਣੇ ਬੱਚਿਆਂ ਦੀ ਰਾਖੀ ਕਰਨੀ ਕੁਦਰਤੀ ਗੱਲ ਹੈ, ਪਰ ਹੱਦੋਂ ਜ਼ਿਆਦਾ ਖਿਆਲ ਰੱਖਣ ਨਾਲ ਉਹਨਾਂ ਨੂੰ ਗਲਤ ਸਿੱਖਿਆ ਮਿਲਦੀ ਹੈ ਕਿ ਉਹਨਾਂ ਨੂੰ ਆਪਣੇ ਕੰਮਾਂ ਲਈ ਜ਼ਿੰਮੇਵਾਰ ਹੋਣ ਦੀ ਲੋੜ ਨਹੀਂ ਹੈ। 'ਪਾਜ਼ਿਟਵ ਡਿਸਿਪਲਨ ਫਾਰ ਟੀਨੇਜ਼ਰਜ਼' ਕਿਤਾਬ ਕਹਿੰਦੀ ਹੈ : ਦੁੱਖਾਂ ਅਤੇ ਨਿਰਾਸ਼ਾਵਾਂ ਦਾ ਸਾਹਮਣਾ ਕਰਨਾ ਅਤੇ ਇਹਨਾਂ ਤੋਂ ਕੋਈ ਸ਼ਬਕ ਸਿੱਖਣ ਦੀ ਬਜਾਇ ਅਜਿਹੇ ਬੱਚੇ ਵੱਡੇ ਹੋ ਕੇ ਬਹੁਤ ਹੀ ਖੁਦਗਰਜ਼ ਹੋ ਜਾਂਦੇ ਹਨ ਅਤੇ ਉਹਨਾਂ ਦਾ ਮੰਨਣਾ ਹੈ ਕਿ ਦੁਨੀਆਂ ਅਤੇ ਉਹਨਾਂ ਦੇ ਮਾਪਿਆਂ ਦਾ ਫਰਜ਼ ਹੈ ਕਿ ਉਹਨਾਂ ਵਾਸਤੇ ਸਭ ਕੁੱਝ ਕਰਨ।"

ਸਾਨੂੰ ਇਹ ਗਲ ਆਪਣੇ ਬੱਚਿਆਂ ਨੂੰ ਸਿਖਾਉਣੀ ਚਾਹੀਦੀ ਹੈ ਕਿ ਮੁਸ਼ਕਲਾਂ ਜ਼ਿੰਦਗੀ ਦਾ ਹਿੱਸਾ ਹਨ। ਹਰ ਕਿਸੇ ਤੇ ਬੁਰਾ ਸਮਾਂ ਆਉਂਦਾ ਹੈ। ਚੰਗੇ ਲੋਕਾਂ ਤੇ ਵੀ ਇਹ ਸਮਾਂ ਆਉਂਦਾ ਹੈ। ਇਹ ਮਿਸਾਲਾਂ ਸਾਡੇ ਗੁਰੂਆਂ ਦੀਆਂ ਵੀ ਹਨ ਅਤੇ ਦੇਸ਼ ਦੀ ਆਜ਼ਾਦੀ ਲਈ ਲੜਨ ਮਿਟਣ ਵਾਲੇ ਸੂਰਮਿਆਂ ਦੀਆਂ ਵੀ ਹਨ। ਪਰ ਉਹਨਾਂ ਨੇ ਹਰ ਹਾਲ ਵਿੱਚ ਸਤੁੰਸ਼ਟ ਰਹਿਣਾ ਸਿੱਖਿਆ ਹੈ, ਉਹਨਾਂ ਨੇ ਇਹ ਰਾਜ਼ ਜਾਣਿਆ ਹੈ ਕਿ ਤੰਗੀਆਂ-ਤੁਰਸ਼ੀਆਂ ਜ਼ਿੰਦਗੀ ਦਾ ਹਿੱਸਾ ਹੁੰਦੀਆਂ ਹਨ।

ਸਾਨੂੰ ਇਹ ਗੱਲ ਆਪਣੇ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ "ਹਰੇਕ ਨੂੰ ਆਪੋ ਆਪਣੀ ਜ਼ਿੰਮੇਵਾਰੀ ਦਾ ਭਾਰ ਆਪ ਚੁੱਕਣਾਂ ਪਵੇਗਾ।" ਅਗਰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਕੇ ਤੁਹਾਡੇ ਪੁੱਤਰ ਨੂੰ ਜ਼ੁਰਮਾਨਾਂ ਹੋਇਆ ਹੈ ਤਾਂ ਚੰਗੀ ਗੱਲ ਹੋਵੇਗੀ ਕਿ ਉਹ ਆਪਣੇ ਖਰਚੇ ਜਾਂ ਤਨਖਾਹ ਵਿਚੋਂ ਇਸ ਨੂੰ ਭਰੇ। ਜੇਕਰ ਤੁਹਾਡਾ ਬੱਚਾ ਕਿਸੇ ਪੇਪਰ ਵਿਚੋਂ ਫੇਲ੍ਹ ਹੋ ਗਿਆ ਹੈ ਤਾਂ ਸ਼ਾਇਦ ਉਸ ਨੂੰ ਹੋਸ਼ ਵਿੱਚ ਆ ਜਾਣਾ ਚਾਹੀਦਾ ਹੈ ਤਾਂ ਕਿ ਅਗਲੀ ਵਾਰ ਚੰਗੀ ਤਿਆਰੀ ਕਰੇ। ਜੇ ਤੁਹਾਡੇ ਪੁੱਤਰ ਦੀ ਗੁਆਂਢੀ ਨਾਲ ਲੜਾਈ ਹੋ ਜਾਂਦੀ ਹੈ ਤਾਂ ਉਸ ਨੂੰ ਹੌਂਸਲਾ ਦਿਉ। ਪਰ ਸਮਾਂ ਆਉਣ ਤੇ ਉਸ ਦੀ ਇਨ੍ਹਾਂ ਸਵਾਲਾਂ 'ਤੇ ਸੋਚ-ਵਿਚਾਰ ਕਰਨ ਵਿੱਚ ਮੱਦਦ ਕਰੋ: ਜੋ ਕੁੱਝ ਹੋਇਆ, ਕੀ ਉਹ ਮੇਰਾ ਕਸੂਰ ਸੀ?" ਜਿਹੜੇ ਬੱਚੇ ਆਪਣੀਆਂ ਸਮੱਸਿਆਵਾਂ ਸੁਲਝਾ ਲੈਂਦੇ ਹਨ, ਉਹਨਾਂ ਵਿੱਚ ਹਿੰਮਤ ਆ ਜਾਂਦੀ ਹੈ ਅਤੇ ਆਤਮ-ਵਿਸ਼ਵਾਸ਼ ਵੱਧਦਾ ਹੈ। ਜੇਕਰ ਕੋਈ ਹੋਰ ਉਹਨਾਂ ਦੀਆਂ ਸਮੱਸਿਆਵਾਂ ਸੁਲਝਾਉਂਦਾ ਹੈ ਤਾਂ ਉਹਨਾਂ ਵਿੱਚ ਇਹ ਗੁਣ ਪੈਦਾ ਨਹੀਂ ਹੋਣਗੇ।

20 ਜਾਂ ਇਸ ਤੋਂ ਜ਼ਿਆਦਾ ਉਮਰ ਦੇ ਨੌਜਵਾਨਾਂ 'ਤੇ ਕੀਤੇ ਸਰਵੇਖਣ ਵਿੱਚ 81% ਨੌਜਵਾਨਾਂ ਨੇ ਕਿਹਾ ਕਿ ਉਹਨਾਂ ਦੀ ਪੀੜ੍ਹੀ ਦਾ ਮੁਖ ਮਕਸਦ "ਅਮੀਰ ਬਣਨਾ ਹੈ, ਨਾ ਕਿ ਦੂਜਿਆਂ ਦੀ ਮੱਦਦ ਕਰਨੀ।" ਪਰ ਧਨ-ਦੌਲਤ ਪਿੱਛੇ ਲੱਗਣ ਨਾਲ ਸਤੁੰਸ਼ਟੀ ਨਹੀਂ ਮਿਲਦੀ। ਦਰਅਸਲ, ਇੱਕ ਖੋਜ਼ ਤੋਂ ਪਤਾ ਲੱਗਾ ਹੈ ਕਿ ਜਿਹਨਾਂ ਲੋਕਾਂ ਦੀਆਂ ਨਜ਼ਰਾਂ ਵਿੱਚ ਧਨ-ਦੌਲਤ ਕਮਾਉਣਾ ਹੀ ਸਭ ਕੁੱਝ ਹੈ। ਉਹ ਇੰਨੇ ਖੁਸ਼ ਨਹੀਂ ਹੁੰਦੇ ਅਤੇ ਉਦਾਸੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਨੂੰ ਕਈ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਹੋ ਜਾਂਦੀਆਂ ਹਨ।

ਇਹਨਾਂ ਪਿੱਛੇ ਕੁੱਝ ਕਾਰਨਾਂ ਵਿੱਚੋਂ ਇਹ ਵੀ ਹੁੰਦਾ ਹੈ ਕਿ ਬੱਚੇ ਅਜਿਹੇ ਘਰਾਂ ਵਿੱਚ ਜੰਮੇ-ਪਲੇ ਹੁੰਦੇ ਹਨ ਜਿਹਨਾਂ ਲਈ ਧਨ-ਦੌਲਤ ਕਮਾਉਣਾ ਹੀ ਸਭ ਕੁੱਝ ਹੁੰਦਾ ਹੈ। ਕਿਤਾਬ ਨਾਰਸੀਸਿਜ਼ਮ ਐਪੀਡੈਸਿਕ ਮੁਤਾਬਿਕ: ਮਾਪੇ ਆਪਣੇ ਬੱਚਿਆਂ ਨੂੰ ਖੁਸ਼ ਰੱਖਣਾ ਚਾਹੁੰਦੇ ਹਨ ਅਤੇ ਬੱਚੇ ਚੀਜ਼ਾਂ ਮੰਗਦੇ ਹਨ। ਸੋ ਮਾਪੇ ਉਹਨਾਂ ਲਈ ਚੀਜ਼ਾਂ ਖਰੀਦ ਦਿੰਦੇ ਹਨ। ਬੱਚੇ ਖੁਸ਼ ਹੋ ਜਾਂਦੇ ਹਨ, ਪਰ ਥੋੜੇ ਸਮੇਂ ਲਈ। ਫਿਰ ਉਹ ਹੋਰ ਚੀਜ਼ਾਂ ਮੰਗਣ ਲੱਗ ਜਾਂਦੇ ਹਨ।"

ਇਸ਼ਤਿਹਾਰ ਦੇਣ ਵਾਲੇ ਆਪਣੇ ਗਾਹਕਾਂ ਦੀ ਇਸ ਚਾਹਤ ਦਾ ਫਾਇਦਾ ਉਠਾਉਂਦੇ ਹਨ। ਉਹ ਇਹਨਾਂ ਵਿਚਾਰਾਂ ਨੂੰ ਹੱਲਾਸ਼ੇਰੀ ਦਿੰਦੇ ਹਨ ਜਿਵੇਂ ਕਿ: ਦਿਲ ਜੋ ਚਾਹੇ, ਪਾਵੋ ਅਤੇ ਤੁਸੀਂ ਇਸ ਦੇ ਹੱਕਦਾਰ ਹੋ।" ਬਹੁਤ ਸਾਰੇ ਨੌਜਵਾਨ ਇਨ੍ਹਾਂ ਗੱਲਾਂ ਵਿੱਚ ਆ ਜਾਂਦੇ ਹਨ ਅਤੇ ਕਰਜ਼ੇ ਹੇਠ ਦੱਬ ਜਾਂਦੇ ਹਨ ਅਤੇ ਉਹਨਾਂ ਚੀਜ਼ਾਂ ਦੀ ਕੀਮਤ ਨਹੀਂ ਚੁਕਾ ਪਾਉਂਦੇ ਜਿਹਨਾਂ ਦੇ ਉਹ "ਹੱਕਦਾਰ" ਬਣੇ ਫਿਰਦੇ ਸਨ।

ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਜ਼ਮਾਨੇ ਵਿੱਚ ਪੈਸੇ ਦੀ ਲੋੜ ਹੈ ਪਰ ਦੂਜੇ ਪਾਸੇ ਇਹ ਪੈਸਾ ਹੀ ਹੈ ਜੋ ਕਈ ਤਰ੍ਹਾਂ ਦੀਆਂ ਬੁਰਾਈਆਂ ਪੈਦਾ ਕਰਦਾ ਹੈ। ਅਤੇ ਇਹ ਹੀ ਕਾਰਨ ਹੈ ਕਿ ਅਸੀਂ ਆਪਣੇ ਆਪ ਨੂੰ ਕਈ ਦੁੱਖਾਂ ਵਿੱਚ ਪਾ ਲੈਂਦੇ ਹਾਂ। ਇਹ ਜ਼ਰੂਰੀ ਹੈ ਕਿ ਸਾਨੂੰ ਧਨ-ਦੌਲਤ ਪਿੱਛੇ ਪਾਗਲ ਹੋਣ ਦੀ ਬਜਾਇ ਉਹਨਾਂ ਬੁਨਿਆਦੀ ਚੀਜ਼ਾਂ ਨਾਲ ਸੰਤੁਸ਼ਟ ਰਹਿਣਾਂ ਚਾਹੀਦਾ ਹੈ ਜੋ ਜੀਣ ਲਈ ਜ਼ਰੂਰੀ ਹਨ। ਇਹ ਵੀ ਸੱਚ ਹੈ ਕਿ ਜਿਹੜੇ ਇਨਸਾਨ ਅਮੀਰ ਬਣਨ ਤੇ ਤੁਲੇ ਹੋਏ ਹਨ ਉਹ ਪ੍ਰੀਖਿਆਵਾਂ ਅਤੇ ਫੰਦਿਆਂ ਵਿੱਚ ਅਤੇ ਬਹੁਤ ਸਾਰੀਆਂ ਬੇਤੁਕੀਆਂ ਅਤੇ ਨੁਕਸਾਨਦੇਹ ਇੱਛਾਵਾਂ ਦੇ ਵਸ ਵਿੱਚ ਪੈ ਜਾਂਦੇ ਹਨ।

ਮਾਪੇ ਹੋਣ ਦੇ ਨਾਤੇ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਪੈਸੇ ਨਾਲ ਖ਼੍ਰੀਦੀਆਂ ਜਾ ਸਕਣ ਵਾਲੀਆਂ ਚੀਜ਼ਾਂ ਬਾਰੇ ਤੁਹਾਡਾ ਕੀ ਰਵੱਈਆ ਹੈ? ਇਹ ਸੋਚਣ ਵਾਲੀ ਗੱਲ ਹੈ ਕਿ ਤੁਸੀਂ ਕਿਹੜੀਆਂ ਚੀਜ਼ਾਂ ਨੂੰ ਤਰਜ਼ੀਹ ਦਿਉਗੇ ਅਤੇ ਬੱਚਿਆਂ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਕਹੋ। ਕਿਤਾਬ ਨਾਰਸੀਸਿਜ਼ਮ ਐਪੀਡੈਸਿਕ: "ਮਾਪੇ ਅਤੇ ਬੱਚੇ ਅਜਿਹੇ ਮਾਮਲਿਆਂ ਬਾਰੇ ਗੱਲਬਾਤ ਕਰ ਸਕਦੇ ਹਨ, ਜਿਵੇਂ ਸੇਲ ਤੇ ਲੱਗੀ ਕੋਈ ਚੀਜ਼ ਕਦੋਂ ਖਰੀਦਣੀ ਹੈ? ਅਤੇ ਕਦੋਂ ਖਰੀਦਣੀ ਚੰਗੀ ਨਹੀਂ ਹੈ? ਵਿਆਜ਼ ਕੀ ਹੁੰਦਾ ਹੈ? ਕਿਸੇ ਦੇ ਕਹਿਣ ਤੇ ਤੁਸੀਂ ਕਦੋਂ ਕੋਈ ਚੀਜ਼ ਖਰੀਦੀ ਸੀ?"

ਚੀਜ਼ਾਂ ਨੂੰ ਨਸ਼ੇ ਵਾਂਗ ਨਾ ਵਰਤੋਂ ਤਾਂ ਕਿ ਪਰਿਵਾਰ ਦੀਆਂ ਸਮੱਸਿਆਵਾਂ ਨੂੰ ਭੁਲਾਇਆ ਜਾ ਸਕੇ। ਕਿਤਾਬ 'ਦ ਪ੍ਰਾਈਸ ਆਫ ਪ੍ਰੀਵਲਿਜ' ਮੁਤਾਬਿਕ : ਸਮੱਸਿਆਵਾਂ ਆਉਣ ਤੇ ਚੀਜ਼ਾਂ ਖ਼੍ਰੀਦਣ ਨਾਲ ਉਹਨਾਂ ਦਾ ਹੱਲ ਨਹੀਂ ਹੋਣਾ। ਸਮੱਸਿਆਵਾਂ ਨੂੰ ਸੋਚ-ਸਮਝ ਕੇ ਹਮਦਰਦੀ ਨਾਲ ਨਿਪਟਾਇਆ ਜਾਂਦਾ ਹੈ ਨਾ ਕਿ ਨਵੀਂ ਜੁੱਤੀ ਅਤੇ ਪਰਸ ਖ਼੍ਰੀਦ ਕੇ।

ਇੱਕ ਸ਼ਰਧਾਂਜ਼ਲੀ

# ... ਪਰ ਸੁਪਨੇ ਨਹੀਂ ਮਰਦੇ

-ਵਿਸ਼ਵ ਭਾਰਤੀ



"ਜੇ ਤੁਸੀਂ ਸੁਪਨੇ ਨਹੀਂ ਲੈਂਦੇ, ਤੁਸੀਂ ਮੁਰਦਾ ਹੋ," ਛੇ ਵਰ੍ਹੇ ਪਹਿਲਾਂ ਮਾਨਸੂਨ ਰੁੱਤੇ ਉਸ ਸੁਹਾਵਣੀ ਰਾਤ ਨੂੰ ਸਤਨਾਮ ਲੰਬੀ ਬਾਤ ਪਾ ਰਿਹਾ ਸੀ। ਹਾਂ ਵਿਚ ਸਿਰ ਹਿਲਾਉਂਦਿਆਂ ਮੈਂ ਨਾਲ ਹੀ ਸੋਚ ਰਿਹਾ ਸੀ, ਸ਼ਾਇਦ ਇਹ ਚਿੱਟੇ ਹੋ ਚੁੱਕੇ ਵਾਲਾਂ ਵਾਲਾ ਬੰਦਾ ਉਨ੍ਹਾਂ ਚੰਦ ਕੁ ਜਣਿਆਂ 'ਚੋਂ ਸੀ, ਜਿਨ੍ਹਾਂ ਨੇ ਆਪਣੇ ਸੁਪਨੇ ਅਜੇ ਵੀ ਮਰਨ ਨਹੀਂ ਦਿੱਤੇ। ਆਪਣੇ ਸੁਪਨਿਆਂ ਦੀਆਂ ਲੰਬੀਆਂ-ਲੰਬੀਆਂ ਬਾਤਾਂ ਪਾਉਂਦਾ ਉਹੀ ਸਤਨਾਮ 28 ਅਪ੍ਰੈਲ ਨੂੰ ਆਪਣੀ ਜ਼ਿੰਦਗੀ ਨੂੰ ਖੁਦ ਹੀ ਅਲਵਿਦਾ ਆਖ ਗਿਆ। ਪਰ ਜੇ ਮਨੁੱਖ ਮਰਦਾ ਵੀ ਹੈ ਤਾਂ ਉਸ ਦੇ ਸੁਪਨੇ ਹਮੇਸ਼ਾ ਜਿਉਂਦੇ ਰਹਿੰਦੇ ਹਨ।

2004 'ਚ ਜੰਗਲਨਾਮਾ ਛਪਣ ਤਕ "ਸਤਨਾਮ" ਨੂੰ ਜਾਨਣ ਵਾਲੇ ਬਹੁਤ ਥੋੜ੍ਹੇ ਸਨ, ਉਸਦੇ ਅਸਲ ਨਾਂ ਗੁਰਮੀਤ ਦੇ ਜਾਣਕਾਰ ਤਾਂ ਹੋਰ ਵੀ ਥੋੜ੍ਹੇ। ਸਤਨਾਮ ਤੇ ਗੁਰਮੀਤ ਹੋਣ ਦੇ ਵਿਚਕਾਰ ਉਹ ਬਹੁਤ ਕੁੱਝ ਬਣ ਕੇ ਜੀਵਿਆ। ਉਹ ਕਵੀ ਸੀ। ਉਹ ਅਨੁਵਾਦਕ ਸੀ। ਸਿਆਸੀ ਕਾਰਕੁਨ ਅਤੇ ਲੇਖਕ ਵਜੋਂ ਉਸ ਦਾ ਇਕ ਹੀ ਸੁਪਨਾ ਸੀ, ਇਹ ਜ਼ਿੰਦਗੀ ਹੋਰ ਖ਼ੂਬਸੂਰਤ ਕਿਵੇਂ ਬਣਾਈ ਜਾਵੇ।

ਪਰ ਜਦੋਂ ਉਸ ਨੇ ਬਸਤਰ ਦੇ ਆਦਿਵਾਸੀ ਸੰਗਰਾਮ ਦੀ ਬੀਰ-ਗਾਥਾ ਪਾਈ ਤਾਂ ਹਰ ਕੋਈ ਪੁੱਛ ਰਿਹਾ ਸੀ ਕਿ ਸਤਨਾਮ ਕੌਣ ਹੈ? ਇਸ ਸ਼ਾਹਕਾਰ ਰਚਨਾ ਨੇ ਮਾਓਵਾਦੀ ਸੰਘਰਸ਼ ਬਾਰੇ ਬਣੀਆਂ ਹੋਈਆਂ ਧਾਰਨਾਵਾਂ ਨੂੰ ਬਦਲਿਆ ਤੇ ਦੱਸਿਆ ਕਿ ਇਹ ਸੰਘਰਸ਼ ਕੇਵਲ ਘਾਤ-ਹਮਲਿਆਂ ਅਤੇ ਆਈ.ਈ.ਡੀ. ਧਮਾਕਿਆਂ ਦੇ ਹਿੰਸਕ ਸਿਲਸਿਲੇ ਤਕ ਸੀਮਤ ਨਹੀਂ ਹੈ?

2008 ਵਿਚ ਅਮਰੀਕਾ ਦੀ ਕਿਸੇ ਯੂਨੀਵਰਿਸਟੀ ਵਿਚ ਪੜ੍ਹਾ ਕੇ ਵਾਪਸ ਆਈ ਅਤੇ ਪ੍ਰਸਿੱਧ ਅੰਗਰੇਜ਼ੀ ਪ੍ਰਕਾਸ਼ਨ ਪੈਂਗੁਇਨ ਦਾ ਹਿੱਸਾ ਬਣੀ ਨਵੀਂ ਸੰਪਾਦਕ ਲੱਤਿਕਾ ਨੀਲਕੰਠਨ ਇਸ ਕਿਤਾਬ ਨੂੰ ਨਿਵੇਕਲੀ ਕਿਤਾਬ ਕਹਿ ਰਹੀ ਸੀ, ਉਹ ਲੇਖਕ ਨੂੰ ਮਿਲਣ ਲਈ ਤਤਪਰ ਸੀ ਅਤੇ ਇਸ ਦੀਆਂ ਅੰਗਰੇਜ਼ੀ ਵਿਚ ਅਨੁਵਾਦ ਹੋਣ ਦੀਆਂ ਸੰਭਾਵਨਾਵਾਂ ਨੂੰ ਤਲਾਸ਼ ਰਹੀ ਸੀ। ਅੰਤ ਨੂੰ ਇਹ ਕੰਮ ਉਸ ਨੇ ਮੇਰੇ ਜ਼ਿੰਮੇ ਲਾ ਦਿੱਤਾ।

ਇੰਝ ਮੇਰਾ ਸਤਨਾਮ ਨਾਲ ਇਕ ਪਾਠਕ ਦੇ ਤੌਰ 'ਤੇ ਸ਼ੁਰੂ ਹੋਇਆ ਸਫ਼ਰ ਉਸ ਦੀ ਸ਼ਾਹਕਾਰ ਰਚਣਾ ਦੇ ਅਨੁਵਾਦਕ ਵਜੋਂ ਨਿਭਿਆ।

ਸਤਨਾਮ ਪੰਜਾਬੀ ਹੀ ਨਹੀਂ, ਅੰਗਰੇਜ਼ੀ ਵੀ ਓਨੀ ਹੀ ਖ਼ੂਬਸੂਰਤ ਲਿਖਦਾ ਸੀ। ਉਹ ਮੈਨੂੰ ਦੱਸ ਚੁੱਕਿਆ ਸੀ ਕਿ ਇਸ ਤੋਂ ਪਹਿਲਾਂ ਦੋ ਸੂਝਵਾਨ ਸੱਜਣ ਜੰਗਲਨਾਮਾ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਦੀ ਕੋਸ਼ਿਸ਼ ਕਰ ਚੁੱਕੇ ਸਨ। ਦੋਵਾਂ ਨੇ ਸੌ ਤੋਂ ਵੱਧ ਪੰਨਿਆਂ ਦਾ ਅਨੁਵਾਦ ਵੀ ਕਰ ਲਿਆ ਸੀ, ਪਰ ਉਸ ਨੂੰ ਇਹ ਪਸੰਦ ਨਹੀਂ ਆਇਆ। ਤਾਂ ਸ਼ਬਦਾਂ ਨਾਲ ਮੁਹੱਬਤ ਕਰਨ ਵਾਲੇ ਅਤੇ ਵਾਕ-ਰਚਨਾ ਦੇ ਜਾਦੂਗਰ ਕਥਾਕਾਰ ਦੇ ਸਫ਼ਰਨਾਮੇ ਨੂੰ ਅੰਗਰੇਜ਼ੀ ਰੂਪ ਦੇਣਾ ਮੇਰੇ ਲਈ ਸੁਖਾਲਾ ਕੰਮ ਨਹੀਂ ਸੀ।

ਛੇ ਮਹੀਨੇ ਬਾਅਦ ਜਦੋਂ ਮੈਂ ਉਸ ਨੂੰ ਜੰਗਲਨਾਮਾ ਦਾ ਅੰਗਰੇਜ਼ੀ ਖਰੜਾ ਭੇਜਿਆ ਤਾਂ ਉਸ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਲਿਖਿਆ, "ਮੈਂ ਕਦੇ ਸੋਚਿਆ ਨਹੀਂ ਸੀ ਕਿ ਕਦੇ ਇਸ ਕਿਤਾਬ ਦਾ ਇਨ੍ਹਾਂ ਖ਼ੂਬਸੂਰਤ ਅਨੁਵਾਦ ਵੀ ਹੋਵੇਗਾ। ਕਹਿਣ ਲਈ ਹੋਰ ਸ਼ਬਦ ਨਹੀਂ। ਰਸੂਲ ਹਮਜ਼ਾਤੋਵ ਖ਼ੁਸ਼ ਹੋਵੇਗਾ ਕਿ ਜੰਗਲਨਾਮਾ ਦੇ ਅਨੁਵਾਦ ਸਮੇਂ ਭਾਸ਼ਾ ਦਾ ਬਲਾਤਕਾਰ ਨਹੀਂ ਹੋਇਆ।" ਜਦੋਂ 2010 ਵਿਚ ਜੰਗਲਨਾਮਾ ਦਾ ਅੰਗਰੇਜ਼ੀ ਅਨੁਵਾਦ ਛਪਿਆ ਤਾਂ ਸਾਹਿਤਕ ਆਲੋਚਕਾਂ ਨੇ ਇਸ ਨੂੰ ਐਡਗਰ ਸਨੋਅ ਦੀ ਮਸ਼ਹੂਰ ਰਚਨਾ ਰੈੱਡ ਸਟਾਰ ਓਵਰ ਚਾਈਨਾ ਦਾ ਭਾਰਤੀ ਜਵਾਬ ਕਿਹਾ।

***

ਸਤਨਾਮ ਸੁਪਨਿਆਂ ਬਾਰੇ ਹਰ ਥਾਂ ਗੱਲ ਕਰਦਾ ਸੀ। ਉਸ ਨੇ ਦੱਸਿਆ ਕਿ ਜੰਗਲਨਾਮਾ ਦੀ ਦੁਨੀਆ ਦੇ ਕਿਰਦਾਰ ਸ਼ੇਖਚਿੱਲੀ ਨਹੀਂ, ਸਗੋਂ ਦੁਨੀਆ ਨੂੰ ਬਦਲਣ ਦੇ ਹਕੀਕੀ ਸੁਪਨੇ ਲੈਣ ਵਾਲੇ 'ਐਤੂ' ਹਨ। ਉਸ ਲਈ ਭੋਲੇ-ਭਾਲੇ ਆਦਿਵਾਸੀ ਕਲਾਕਾਰਾਂ ਦੇ ਗੀਤ ਉਨ੍ਹਾਂ ਦੀ ਪ੍ਰਤੀਬੱਧਤਾ, ਖ਼ਾਹਸ਼ ਅਤੇ ਜੋਸ਼ ਦੇ ਗੀਤ ਹਨ। 'ਸ੍ਰੀਕਾਂਤ' ਵਰਗਿਆਂ ਨੂੰ ਬਸਤਰ ਵਿਚ ਹੱਥੀਂ ਸਿਰਜੀ ਨਿੱਕੀ ਜਿਹੀ ਦੁਨੀਆਂ ਬਾਰੇ ਜੋ ਲੋਹੜੇ ਦਾ ਆਤਮਵਿਸ਼ਵਾਸ ਹੈ, ਜੰਗਲਨਾਮੇ ਨੇ ਉਸ ਦੀਆਂ ਤਹਿਆਂ ਫਰੋਲਕੇ ਖ਼ੁਲਾਸਾ ਕੀਤਾ ਕਿ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਦੀ ਹਿੰਮਤ ਉਨ੍ਹਾਂ ਨੂੰ ਮਕਸਦ ਦੀ ਪਵਿੱਤਰਤਾ ਅਤੇ ਅਟੱਲਤਾ ਨੇ ਦਿੱਤੀ ਹੈ। ਉਹ ਮੌਤ ਤੋਂ ਬੇਪ੍ਰਵਾਹ ਅਤੇ ਖ਼ੁਦ ਨੂੰ ਨਵੇਂ ਭਵਿੱਖ ਦਾ ਬੀਜ ਖ਼ਿਆਲ ਕਰਨ ਵਾਲੇ ਇਨ੍ਹਾਂ ਸੁਪਨਸਾਜ਼ਾਂ ਦੇ ਨਿਆਰੇਪਣ ਦਾ ਕਾਇਲ ਸੀ ਜਿਨ੍ਹਾਂ ਅਤਿ ਮੁਸ਼ਕਲ ਹਾਲਤਾਂ ਵਿਚ ਉਹ ਜ਼ਿੰਦਗੀ ਨੂੰ ਮਾਣਦੇ ਹਨ।

ਉਸਦੇ ਆਪਣੇ ਸੁਪਨੇ ਵੀ ਸ੍ਰੀਕਾਂਤ ਵਰਗਿਆਂ ਤੋਂ ਵੱਖਰੇ ਨਹੀਂ ਸਨ। ਪਰ ਕਲਮ ਦੇ ਧਨੀ ਨੇ ਸੁਪਨੇ ਨਹੀਂ ਵੇਚੇ। ਜੰਗਲਨਾਮਾ ਦੇ ਪਾਤਰਾਂ ਵਾਂਗ ਹੀ ਉਹ ਜ਼ਿੰਦਗੀ ਜੀਵਿਆ। ਜੰਗਲਨਾਮਾ ਵਿਚਲਾ ਸ੍ਰੀਕਾਂਤ ਤੇ ਉਸਦੇ ਸਾਥੀ ਅੱਜ ਵੀ ਨਵੇਂ ਹਕੂਮਤੀ ਹਮਲੇ "ਮਿਸ਼ਨ 20 16" ਨੂੰ ਪਛਾੜਨ ਲਈ ਬਸਤਰ ਦੇ ਯੁੱਧ ਖੇਤਰ ਵਿਚ ਆਪਣੇ ਨਿਵੇਕਲੇ ਆਤਮਵਿਸ਼ਵਾਸ ਨਾਲ ਡੱਟੇ ਹੋਏ ਹਨ। ਜਿਨ੍ਹਾਂ ਬਾਰੇ ਸਤਨਾਮ ਨੇ 2010 ਵਿਚ ਕਿਹਾ ਸੀ ਕਿ ਹਿੰਦੋਸਤਾਨ ਦੇ ਇਤਿਹਾਸ ਦੀ ਸ਼ਾਇਦ ਸਭ ਤੋਂ ਮਹੱਤਵਪੂਰਨ ਗੁਰੀਲਾ ਲੜਾਈ ਦਾ ਪਿੜ ਬੱਝ ਰਿਹਾ ਹੈ।

ਉਨ੍ਹਾਂ ਦੀ ਬੀਰ-ਗਾਥਾ ਬਿਆਨਣ ਵਾਲਾ ਸਤਨਾਮ ਹੁਣ ਸਾਡੇ ਦਰਮਿਆਨ ਨਹੀਂ ਹੈ। ਬਸਤਰ ਦੇ ਨੌਜਵਾਨ ਮੁੰਡੇ ਤੇ ਕੁੜੀਆਂ ਨੂੰ "ਈਸ਼ਵਰ ਦਾਦਾ" ਬਹੁਤ ਯਾਦ ਆਵੇਗਾ। ਨਿਸ਼ਚੇ ਹੀ ਉਹ ਸ੍ਰੀਕਾਂਤ, ਲੱਚੱਕਾ, ਐਤੂ ਅਤੇ ਹੋਰਾਂ ਦੇ ਸੁਪਨਿਆਂ ਵਿਚ ਜ਼ਿੰਦਾ ਰਹੇਗਾ ਜਿਨ੍ਹਾਂ ਦੇ ਸੁਪਨਿਆਂ ਨੂੰ ਉਸਨੇ ਜੰਗਲਨਾਮਾ ਵਿਚ ਅਮਰ ਕਰ ਦਿੱਤਾ।

***

ਸਤਨਾਮ 2006 'ਚ ਦੁਬਾਰਾ ਓਦੋਂ ਬਸਤਰ ਵਿਚ ਗਿਆ, ਜਦੋਂ ਸਲਵਾ ਜੁਡਮ ਦਾ ਕਹਿਰ ਜ਼ੋਰਾਂ 'ਤੇ ਸੀ। ਉਨ੍ਹਾਂ ਦਿਨਾਂ ਦੌਰਾਨ ਉਹ ਅੰਗਰੇਜ਼ੀ ਵਿਚ ਜੰਗਲਨਾਮਾ ਦਾ ਅਗਲਾ ਹਿੱਸਾ ਲਿਖ ਰਿਹਾ ਸੀ। ਅੰਤਲੇ ਦਿਨਾਂ ਵਿਚ ਸਤਨਾਮ ਨੇ ਇਸ ਲਿਖਤ ਸਮੇਤ ਆਪਣੀ ਹਰ ਲਿਖਤ ਜਲਾ ਦਿੱਤੀ। ਸ਼ਾਇਦ, ਉਹ ਇਸਦੀ ਇਕ ਕਾਪੀ ਭੁੱਲ ਗਿਆ ਜੋ ਉਸਨੇ ਛੇ ਸਾਲ ਪਹਿਲਾਂ ਮੈਨੂੰ ਸੰਪਾਦਤ ਕਰਨ ਲਈ ਦਿੱਤੀ ਸੀ। ਉਹ ਲਿਖਤ ਅਜੇ ਵੀ ਮੇਰੇ ਕੋਲ ਹੈ। ਕਹਾਣੀ ਬਚੀ ਰਹੀ। ਅਤੇ, ਇਵੇਂ ਹੀ ਸੁਪਨੇ ਬਚੇ ਰਹਿਣਗੇ ਕਿਉਂਕਿ ਮਨੁੱਖ ਭਾਵੇਂ ਮਰ ਜਾਂਦੇ ਹਨ, ਪਰ ਉਨ੍ਹਾਂ ਦੇ ਸੁਪਨੇ ਨਹੀਂ ਮਰਦੇ।

(ਇਹ ਅੰਗਰੇਜ਼ੀ ਦੇ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿਚ ਛਪੇ ਲੇਖ ਦਾ ਸੰਖੇਪ ਅਨੁਵਾਦ ਹੈ।)

# ਸੋਨੇ ਨਾਲ ਭਰੀ ਹੋਈ ਗਾਗਰ ਕਿਵੇਂ ਪ੍ਰਗਟ ਕੀਤੀ ਜਾਂਦੀ ਹੈ।

**ਕਾਤਰੋ** ਧੂਰੀ ਦੇ ਨਜ਼ਦੀਕ ਇੱਕ ਕਸਬਾ ਹੈ। ਮਈ 2016 ਵਿੱਚ ਇਸ ਕਸਬੇ ਦੇ ਬੱਸ ਸਟੈਂਡ ਦੇ ਨਜ਼ਦੀਕ ਤਿੰਨ ਠੱਗ ਜੋਤਸ਼ੀਆਂ ਨੇ ਇੱਕ ਦੁਕਾਨ ਕਿਰਾਏ ਤੇ ਲਈ। ਇਸ ਵਿਚਕਾਰ ਪਰਦਾ ਕਰਕੇ ਉਨ੍ਹਾਂ ਨੇ ਦੋ ਕੈਬਨ ਤਿਆਰ ਕਰ ਲਏ ਇਸ ਤੋਂ ਬਾਅਦ ਉਨ੍ਹਾਂ ਨੇ ਚਾਰ ਸੇਬਾਂ ਦੀਆਂ ਖਾਲੀ ਪੇਟੀਆਂ ਲਈਆਂ। ਇਨ੍ਹਾਂ ਪੇਟੀਆਂ ਉੱਪਰ ਲਾਲ ਕੱਪੜਾ ਪਾ ਕੇ ਅੱਗੇ ਰੱਖਣ ਵਾਲੀਆਂ ਚੌਕੀਆਂ ਤਿਆਰ ਕੀਤੀਆਂ ਗਈਆਂ। ਜੋਤਸ਼ੀਆਂ ਨੇ ਆਪਣੀ ਕੱਚੀ ਰਿਹਾਇਸ਼ ਕਿਸੇ ਹੋਰ ਥਾਣੇ ਦੇ ਸ਼ਹਿਰ ਮਲੇਰਕੋਟਲਾ ਵਿਖੇ ਕਰ ਲਈ। ਦੁਕਾਨ ਤੇ ਇੱਕਾ-ਦੁੱਕਾ ਗਾਹਕ ਆਉਣ ਲੱਗ ਪਏ ਜੋਤਿਸ਼ੀ ਜੀ ਦੀ ਨਜ਼ਰ ਹਮੇਸ਼ਾ ਮਾਲ ਦਾਰ ਅਸਾਮੀਆਂ ਲੱਭਣ ਤੇ ਲੱਗੀ ਰਹਿੰਦੀ ਸੀ।

ਇੱਕ ਦਿਨ ਉਜਾਗਰ ਸਿੰਘ ਨਾਂ ਦਾ ਇੱਕ ਵਿਅਕਤੀ ਉਨ੍ਹਾਂ ਕੋਲ ਆਇਆ ਕਹਿਣ ਲੱਗਿਆ "ਮੈਂ ਤੂੜੀ ਦਾ ਕਾਰੋਬਾਰ ਕਰਦਾ ਹਾਂ ਪਰ ਅੱਜਕੱਲ੍ਹ ਸਾਡਾ ਧੰਦਾ ਮੰਦਾ ਚੱਲ ਰਿਹਾ ਹੈ, ਜੋਤਿਸ਼ੀ ਜੀ ਕੋਈ ਉਪਾਅ ਕਰੋ।" ਜੋਤਿਸ਼ੀ ਜੀ ਨੇ 700 ਸੋ ਰੁਪਿਆ ਉਸ ਤੋਂ ਉਸਦਾ ਹੱਥ ਦੇਖਣ ਦੇ ਵਸੂਲ ਕਰ ਲਏ। ਹੱਥ ਦੇਖ ਕੇ ਕਹਿਣ ਲੱਗੇ ਤੈਨੂੰ ਕਾਰੋਬਾਰ ਕਰਨ ਦੀ ਕੀ ਜ਼ਰੂਰਤ ਹੈ ਤੂੰ ਤਾਂ ਪਹਿਲਾਂ ਹੀ ਬਹੁਤ ਅਮੀਰ ਆਦਮੀ ਹੈ। ਤੇਰੇ ਘਰ ਵਿੱਚ ਤਾਂ ਸੋਨੇ ਹੀਰਿਆਂ ਨਾਲ ਭਰੀ ਹੋਈ ਗਾਗਰ ਦੱਬੀ ਹੋਈ ਹੈ। ਇਹ ਪ੍ਰਗਟ ਕਰਨੀ ਪਵੇਗੀ ਚਾਰ ਕੁ ਦਿਨ ਉਸਦੇ ਘਰ ਜਾ ਕੇ ਧੂਫ਼ ਬੱਤੀ ਲਾਉਂਦੇ ਰਹੇ ਚੌਥੇ ਦਿਨ ਨਿਸ਼ਾਨ ਲਗਾ ਦਿੱਤੇ ਅਤੇ ਚਾਰੇ ਪਾਸੇ ਡੱਕੇ ਗੱਡ ਕੇ ਖੰਮਣੀ ਬੰਨ ਦਿੱਤੀ। ਅਤੇ ਪਰਿਵਾਰ ਨੂੰ ਹੁਕਮ ਦਿੱਤਾ ਗਿਆ ਕਿ ਤੁਸੀਂ ਇਸ ਸਥਾਨ ਤੇ ਤਿੰਨ ਫੁੱਟ ਡੂੰਘਾ ਟੋਆ ਪੁੱਟਣਾ ਹੈ ਪਰਿਵਾਰ ਦੇ ਤਿੰਨ ਜੀਅ ਟੋਆ ਪੁੱਟਣ ਲੱਗ ਗਏ। ਇਸ ਕੰਮ ਲਈ ਸਮਾਂ ਰਾਤੀ 12ਵਜੇਂ ਦਾ ਨਿਸ਼ਚਿਤ ਕੀਤਾ ਗਿਆ ਤਾਂ ਜੋ ਆਲੇ-ਦੁਆਲੇ ਦੇ ਹੋਰ ਲੋਕਾਂ ਨੂੰ ਇਸ ਗੱਲ ਦੀ ਭਿਣਕ ਨਾ ਪਵੇ। ਟੋਏ ਵਿੱਚ ਲੱਛਮੀ ਜੀ ਦੀ ਫੋਟੋ ਰੱਖੀ ਗਈ ਧੂਫ਼ ਬੱਤੀ ਲਾਉਣ ਦੇ ਬਹਾਨੇ ਦੋ ਦਿਨਾਂ ਵਿੱਚ 60 ਹਜ਼ਾਰ ਰੁਪਿਆ ਲੈ ਲਿਆ ਅਤੇ ਨਾਲ ਹੀ ਸਮੱਗਰੀ ਦੀ ਲਿਸਟ ਫੜਾ ਦਿੱਤੀ ਇਸ ਲਿਸਟ ਵਿੱਚ 30 ਨਾਰੀਅਲ, ਧੂਫ਼ ਬੱਤੀ ਵਾਲੀ ਸਮੱਗਰੀ ਅਤੇ ਖਾਣ-ਪੀਣ ਲਈ ਬਦਾਮ, ਆਦਿ ਲਿਖੇ ਹੋਏ ਸਨ। ਪਰਿਵਾਰ ਦਾ ਮੁੱਖ ਮੈਂਬਰ ਸਮੱਗਰੀ ਖਰੀਦ ਲਿਆਇਆ ਅਤੇ ਜੋਤਿਸ਼ੀ ਜੀ ਨੇ ਆਪਣੀ ਦੁਕਾਨ ਵਿੱਚ ਢੇਰੀ ਕਰਵਾ ਲਈ। ਮੁੱਖ ਜੋਤਿਸ਼ੀ ਪਿਛਲੇ ਕੈਬਨ ਵਿੱਚ ਬੈਠਾ ਸੀ। ਉਹ ਅੰਦਰ ਤੋਂ ਮੰਤਰ ਪੜ੍ਹਕੇ ਬਾਹਰ ਜੋਤਿਸ਼ੀ ਜੀ ਨੂੰ ਨਾਰੀਅਲ ਫੜਾ ਦਿੰਦਾ ਸੀ। ਉਹ ਉਹਨਾਂ ਨਾਰੀਅਲਾਂ ਨੂੰ ਇੱਕ ਪਲਾਸਟਿਕ ਦੇ ਥੈਲੇ ਵਿੱਚ ਪਾ ਦਿੰਦਾ ਸੀ। ਇਸ ਤਰ੍ਹਾਂ ਵਾਰ-ਵਾਰ ਕੀਤਾ ਜਾਂਦਾ ਸੀ। ਨਾਰੀਅਲਾਂ ਨਾਲ ਭਰੀ ਹੋਈ ਬੋਰੀ ਦੋ ਜੋਤਿਸ਼ੀ ਅਤੇ ਘਰ ਦਾ ਮਾਲਕ ਲੈ ਕੇ ਘਰ ਨੂੰ ਰਵਾਨਾ ਹੋ ਗਏ ਅਤੇ ਰਾਤੀਂ ਸਾਢੇ 8ਵਜੇਂ ਇੱਕ ਜੋਤਿਸ਼ੀ ਜੀ ਟੋਏ ਵਿੱਚ ਉੱਤਰ ਗਿਆ ਅਤੇ ਪਾਠ ਪੂਜਾ ਕਰਨ ਲੱਗ ਪਿਆ। ਦੂਸਰੇ ਜੋਤਿਸ਼ੀ ਜੀ ਨੇ ਪਰਿਵਾਰ ਦੇ ਜੀਆਂ ਨੂੰ ਬਿਠਾ ਕੇ



ਅੰਦਰ ਪਾਠ ਪੂਜਾ ਕਰਨਾ ਸ਼ੁਰੂ ਕਰ ਦਿੱਤਾ। ਟੋਏ ਵਿਚਲੇ ਜੋਤਿਸ਼ੀ ਜੀ ਪੂਜਾ ਕਰਦੇ ਹੋਏ ਵਾਰ-ਵਾਰ ਕਹਿ ਰਹੇ ਸਨ ਕਿ "ਕਾਲੀ ਮਾਤਾ ਪ੍ਰਗਟ ਹੋ! ਕਾਲੀ ਮਾਤਾ ਪ੍ਰਗਟ ਹੋ!" ਇਸ ਤਰ੍ਹਾਂ ਪਾਖੰਡ ਕਾਫੀ ਰਾਤ ਤੱਕ ਚੱਲਦਾ ਰਿਹਾ ਆਖ਼ਿਰ ਉਸਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਚੀਜ਼ ਬਹੁਤ ਸਖ਼ਤ ਹੈ ਗਾਗਰ ਪ੍ਰਗਟ ਨਹੀਂ ਹੋ ਰਹੀ ਹੈ। ਅੰਦਰ ਵਾਲੇ ਜੋਤਿਸ਼ੀ ਜੀ ਨੇ ਬਾਹਰ ਆ ਕੇ ਕਿਹਾ ਕਿ ਸੋਨੇ ਦੀਆਂ 11 ਟੂੰਮਾਂ ਕੱਚੀ ਲੱਸੀ ਵਿੱਚ ਪਾ ਕੇ ਲੈ ਕੇ ਆਓ ਸਿੱਟਾ ਦੇਣਾ ਪੜੇਗਾ। ਅਜਿਹਾ ਕੀਤਾ ਗਿਆ ਟੋਏ ਵਿਚਲੇ ਜੋਤਿਸ਼ੀ ਜੀ ਨੇ ਤਿੰਨ ਨਿਸ਼ਾਨ ਲਗਾ ਦਿੱਤੇ ਪਹਿਲੇ ਦੋ ਨਿਸ਼ਾਨਾਂ ਵਿੱਚੋਂ ਕੁੱਝ ਪ੍ਰਗਟ ਨਾ ਹੋਇਆ ਤੀਸਰੇ ਨਿਸ਼ਾਨ ਵਿੱਚੋਂ ਕਾਲੇ ਰੰਗ ਦੀ ਗਾਗਰ ਪ੍ਰਗਟ ਹੋ ਗਈ। ਪਰਿਵਾਰ ਦੇ ਜੀਆਂ ਨੂੰ ਟੋਏ ਕੋਲ ਹੀ ਬਿਠਾ ਲਿਆ ਗਿਆ ਘਰ ਵਾਲੀ ਬਹੁਤ ਡਰ ਗਈ ਸੀ। ਉਸਨੂੰ ਅਰਾਮ ਕਰਨ ਲਈ ਤੇ ਟੂੰਮਾਂ ਸਾਂਭਣ ਲਈ ਅੰਦਰਲੇ ਕਮਰੇ ਵਿੱਚ ਭੇਜ ਦਿੱਤਾ ਜਿਸ ਜੋਤਿਸ਼ੀ ਜੀ ਵਿੱਚ ਕਾਲੀ ਮਾਤਾ ਆ ਗਈ ਸੀ ਉਸਨੂੰ ਵੀ ਅਰਾਮ ਕਰਨ ਲਈ ਅੰਦਰ ਭੇਜ ਦਿੱਤਾ। ਸੰਯੁਕਤ ਪਰਿਵਾਰ ਦੇ ਕੁੱਝ ਜੀਅ ਉੱਥੇ ਪਹਿਲਾਂ ਹੀ ਸੁੱਤੇ ਪਏ ਸਨ। ਪਰਿਵਾਰ ਨੇ ਦੇਖਿਆ ਕਿ ਗਾਗਰ ਕਾਲੇ ਰੰਗ ਦੀ ਸੀ ਉਸ ਉੱਪਰ ਓਮ ਲਿਖਿਆ ਹੋਇਆ ਸੀ। ਬਾਹਰਲਾ ਜੋਤਿਸ਼ੀ ਕਹਿਣ ਲੱਗਿਆ ਕਿ ਗਾਗਰ ਬਹੁਤ ਸਖ਼ਤ ਹੈ ਇਸ ਵਿੱਚੋਂ ਸੱਪ ਵੀ ਨਿਕਲ ਸਕਦਾ ਹੈ ਅਤੇ 9 ਕਰੋੜ ਦੇ ਸੋਨੇ ਤੇ ਹੀਰੇ ਜਵਾਹਰਾਤ ਭਰੇ ਹੋਏ ਹਨ ਅਤੇ ਇਸ ਗਾਗਰ ਨੂੰ ਖੋਲਣ ਲਈ ਹਰਿਦੁਆਰ ਤੋਂ ਇੱਕ ਹੋਰ ਪੁਜਾਰੀ ਬੁਲਾਉਣਾ ਪਵੇਗਾ ਅਤੇ ਸਵਾ 11 ਲੱਖ ਰੁਪਿਆ ਖਰਚ ਆਵੇਗਾ।

ਜੋਤਿਸ਼ੀ ਜੀ ਗਾਗਰ ਅੰਦਰ ਲੈ ਆਏ ਅਤੇ ਇਸ ਨੂੰ ਲਾਲ ਕੱਪੜੇ ਵਿੱਚ ਬਲੇਟ ਕੇ ਬਹੁਤ ਸਾਰੀਆਂ ਗੱਠਾਂ ਮਾਰ ਦਿੱਤੀਆਂ ਗਈਆਂ। ਗਾਗਰ ਅਲਮਾਰੀ ਵਿੱਚ ਰੱਖ ਦਿੱਤੀ ਅਤੇ ਅਲਮਾਰੀ ਨੂੰ ਜ਼ਿੰਦਾ ਲੱਗਾ ਦਿੱਤਾ ਅਤੇ ਚਾਬੀ ਜੋਤਿਸ਼ੀ ਜੀ ਨੇ ਆਪਣੇ ਪਾਸ ਰੱਖ ਲਈ।

ਤਰਕਸ਼ੀਲ ਸੁਸਾਇਟੀ ਨੇ ਇਨ੍ਹਾਂ ਠੱਗਾਂ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਸਹਾਇਤਾ ਲਈ ਬੇਨਤੀ ਕੀਤੀ ਪਰ ਜਿਵੇਂ ਹੁੰਦਾ ਹੈ ਪੰਜਾਬ ਪੁਲਿਸ ਸੁਸਤ ਹੁੰਦੀ ਹੈ ਅਤੇ ਸਮਾਂ ਖੁੰਝਾਅ ਦਿੰਦੀ ਹੈ। ਇਹ ਠੱਗ ਜੋਤਿਸ਼ੀ ਸਾਡੇ ਦੁਆਰਾ ਵਿਛਾਏ ਗਏ ਜਾਲ ਵਿੱਚੋਂ ਬਚ ਕੇ ਨਿਕਲ ਗਏ ਪਰ ਪਰਿਵਾਰ ਨੂੰ ਅਤੇ ਇਲਾਕੇ ਦੇ ਹੋਰ ਵੀ ਪਰਿਵਾਰਾਂ ਨੂੰ ਅਸੀਂ ਇਸ ਵੱਡੀ ਠੱਗੀ ਤੋਂ ਬਚਾ ਲਿਆ।

### ਤਰਕਸ਼ੀਲਾਂ ਨੂੰ ਕਿਵੇਂ ਪਤਾ ਲੱਗਿਆ

ਬਹੁਤ ਸਾਰੇ ਨੌਜੁਆਨ ਕਿਤਾਬਾਂ ਅਤੇ ਮੈਗਜ਼ੀਨਾਂ ਨੂੰ ਪੜ੍ਹ ਕੇ ਤਰਕਸ਼ੀਲ ਸੋਚ ਦੇ ਮਾਲਕ ਬਣੇ ਹੋਏ ਹਨ। ਅਜਿਹਾ ਹੀ ਇੱਕ ਨੌਜੁਆਨ ਸਰਬਜੀਤ ਵੀ ਕਾਤਰੋ ਬੱਸ ਸਟੈਂਡ ਤੇ ਦੁਕਾਨ ਕਰਦਾ ਸੀ। ਜਦੋਂ ਉਸਨੇ ਦੇਖਿਆ ਕਿ ਪਿੰਡ ਦਾ ਇੱਕ ਨੌਜੁਆਨ ਵਿਅਕਤੀ ਜੋਤਿਸ਼ੀ ਜੀ ਦੀ ਦੁਕਾਨ ਤੇ ਚੱਕਰ ਲਾਉਂਦਾ ਰਹਿੰਦਾ ਹੈ ਉਸਨੇ ਪੁੱਛ ਲਿਆ ਕਿ ਜਾਗਰ ਸਿਆਂ ਤੂੰ ਕਿਉਂ ਘਬਰਾਇਆ ਹੋਇਆ ਹੈ ਉਹ ਕਹਿਣ ਲੱਗਿਆ "ਮੈਨੂੰ ਸਵਾ 11 ਲੱਖ ਰੁਪਏ ਦੀ ਲੋੜ ਹੈ। ਮੈਂ ਆਪਣਾ ਘਰ, ਟਰੈਕਟਰ, ਮੋਟਰਸਾਇਕਲ ਅਤੇ ਟੂੰਮਾਂ ਆਦਿ ਗਹਿਣੇ ਰੱਖਣ ਲਈ ਤਿਆਰ ਹਾਂ ਪਰ ਕੋਈ ਵੀ ਵਿਅਕਤੀ ਮੈਨੂੰ ਏਨੀ ਵੱਡੀ ਰਕਮ ਦੇਣ ਲਈ ਤਿਆਰ ਨਹੀਂ ਹੋ ਰਿਹਾ। ਕੁਝ ਦਿਨਾਂ ਦੀ ਖੇਡ ਹੈ ਮੈਂ ਬਹੁਤ ਅਮੀਰ ਆਦਮੀ ਬਣ ਜਾਵਾਂਗਾ ਸਭ ਦੀ ਪਾਈ-ਪਾਈ ਨਬੇੜ

ਦਵਾਂਗਾ।'' ਸਰਬਜੀਤ ਨੇ ਉਸ ਨੂੰ ਆਪਣੇ ਭਰੋਸੇ ਵਿੱਚ ਲੈ ਲਿਆ ਸਾਰਾ ਮਾਜਰਾ ਉਸ ਦੇ ਸਮਝ ਵਿੱਚ ਆ ਗਿਆ ਉਸਦੇ ਜਾਣ ਤੋਂ ਬਾਅਦ ਉਸਨੇ ਮੇਰੇ ਨਾਲ ਸੰਪਰਕ ਕਰ ਲਿਆ ਅਸੀਂ ਇਸ ਪਰਿਵਾਰ ਨੂੰ ਠੱਗੀ ਤੋਂ ਬਚਾਉਣ ਲਈ ਜੁਟ ਗਏ।

**ਗਾਗਰ ਕਿਵੇਂ ਪ੍ਰਗਟ ਕੀਤੀ ਗਈ**

ਜੋਤਿਸ਼ੀਆਂ ਨੇ ਮਲੇਰਕੋਟਲੇ ਤੋਂ ਇੱਕ ਗਾਗਰ ਮੁੱਲ ਲੈ ਲਈ ਉਸ ਉੱਪਰ ਕਾਲਾ ਰੰਗ ਫੇਰ ਦਿੱਤਾ। ਗਾਗਰ ਵਿੱਚ ਸੜਕਾਂ ਤੇ ਵਿਛਾਏ ਜਾਂਦੇ ਪੱਥਰ ਦੇ ਟੁੱਕੜੇ ਨੱਕੋ-ਨੱਕ ਭਰ ਦਿੱਤੇ ਗਏ। ਢੱਕਣ ਨੂੰ ਐਮਸੀਲ ਲਾ ਕੇ ਬੰਦ ਕਰ ਦਿੱਤਾ ਗਿਆ। ਨਾਰੀਅਲ ਘਰ ਲਿਜਾਣ ਲਈ 15 ਨਾਰੀਅਲ ਇਸ ਵਿੱਚੋਂ ਸੇਬਾਂ ਦੀਆਂ ਖਾਲੀ ਪੇਟੀਆਂ ਵਿੱਚ ਲੁਕੋ ਦਿੱਤੇ ਗਏ। ਬਾਕੀ 15 ਨਾਰੀਅਲ ਅਤੇ ਗਾਗਰ ਬੋਰੀ ਵਿੱਚ ਲੁਕਵੇ ਢੰਗ ਨਾਲ ਬੰਨ ਦਿੱਤੇ ਗਏ। ਬੋਰੀ ਟੋਏ ਵਿੱਚ ਲਿਜਾਕੇ ਰੱਖ ਦਿੱਤੀ ਗਈ। ਟੋਏ ਵਿੱਚ ਪਾਖੰਡ ਕਰਦੇ ਜੋਤਿਸ਼ੀ ਜੀ ਨੇ ਰਾਤ ਨੂੰ ਟੋਏ ਵਿੱਚ ਹੀ ਗਾਗਰ ਦੱਬ ਦਿੱਤੀ।

**ਜੋਤਿਸ਼ੀਆਂ ਕੋਲ ਮੋਬਾਈਲ ਫੋਨ ਸਨ**

ਉਹ ਆਏ ਹੋਰ ਗਾਹਕਾਂ ਤੋਂ ਉਨ੍ਹਾਂ ਦੀਆਂ ਫੋਟੋਆਂ ਅਤੇ ਰਿਹਾਇਸੀ ਸਬੂਤ ਆਦਿ ਲੈ ਲੈਂਦੇ ਸਨ ਅਤੇ ਇਨ੍ਹਾਂ ਦੇ ਨਾਂ ਤੇ ਸਿਮ ਜਾਰੀ ਕਰਵਾ ਲੈਂਦੇ ਸਨ। ਇਸ ਤਰ੍ਹਾਂ ਅਜਿਹੇ ਸਿਮਾਂ ਵਾਲੇ ਮੋਬਾਈਲ ਹੀ ਉਹ ਵਰਤੋਂ ਵਿੱਚ ਲਿਆਉਂਦੇ ਸਨ। ਵੱਡੀ ਵਾਰਦਾਤ ਤੋਂ ਬਾਅਦ ਇਹ ਇਨ੍ਹਾਂ ਸਿਮਾਂ ਨੂੰ ਕੱਢਕੇ ਸੁੱਟ ਦਿੰਦੇ ਸਨ।

**ਸੋਨੇ ਦੀ ਚੋਰੀ ਕਿਵੇਂ ਰੁਕੀ**

ਘਰ ਦੀਆਂ ਟੂੰਮਾਂ ਘਰ ਦੀ ਇਸਤਰੀ ਨੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਸੰਭਾਲ ਦਿੱਤੀਆਂ ਸਨ। ਇਸ ਲਈ ਉਹ ਚੋਰੀ ਹੋਣ ਤੋਂ ਬਚ ਗਈਆਂ। ਅਜਿਹੇ ਠੱਗ ਜੋਤਿਸ਼ੀ ਹਮੇਸ਼ਾ ਜਿਸ ਥਾਂ ਤੇ ਠੱਗੀ ਮਾਰਨੀ ਹੁੰਦੀ ਹੈ ਉਹ ਆਪਣੀ ਕੱਚੀ ਰਿਹਾਇਸ਼ ਕਿਸੇ ਹੋਰ ਥਾਣੇ ਦੇ ਇਲਾਕੇ ਵਿੱਚ ਰੱਖਦੇ ਹਨ। ਕਿਉਂਕਿ ਉਹ ਜਾਣਦੇ ਹਨ ਕਿ ਇੱਕ ਥਾਣੇ ਦੀ ਪੁਲਿਸ ਨੂੰ ਦੂਸਰੇ ਥਾਣੇ ਦੀ ਪੁਲਿਸ ਨਾਲ ਸੰਪਰਕ ਕਰਨ ਨੂੰ ਸਮਾਂ ਲੱਗਦਾ ਹੈ। ਇਹ ਗੱਲਾਂ ਉਹ ਆਪਣੇ ਆਪ ਨੂੰ ਬਚਾਉਣ ਲਈ ਕਰਦੇ ਹਨ।

**ਰਾਤ ਦਾ ਸਮਾਂ ਅਨਪੜ ਪਰਿਵਾਰ ਕਾਲਾ ਰੰਗ ਅਤੇ ਕਾਲੀ ਸੁਆਹ**

ਸਭ ਦਾ ਇਸਤੇਮਾਲ ਜੋਤਿਸ਼ੀ ਜੀ ਇਸ ਲਈ ਕਰਦੇ ਹਨ ਕਿਉਂਕਿ ਇਹ ਸਾਰੀਆਂ ਗੱਲਾਂ ਅੱਖਾਂ ਵਿੱਚ ਘੱਟਾ ਪਾਉਣ ਲਈ ਸਾਜਗਰ ਹੁੰਦੀਆਂ ਹਨ। ਗਾਗਰ ਨੂੰ ਐਮਸੀਲ ਨਾਲ ਬੰਦ ਕਰਨਾ ਲਾਲ ਕੱਪੜੇ ਦੀਆਂ ਕਾਫੀ ਸਾਰੀਆਂ ਗੱਠਾਂ ਮਰਵਾਉਣਾ ਉਨ੍ਹਾਂ ਜੋਤਿਸ਼ੀਆਂ ਨੂੰ ਸੁਰਖਿਆ ਭੱਜਣ ਲਈ ਵਕਫਾ ਵਧਾਉਂਦਾ ਹੈ।

*-ਮੇਘ ਰਾਜ ਮਿੱਤਰ*

# ਅੰਬੇਦਕਰੀ ਸੋਚ ਨੂੰ ਮਾਰਕਸੀ ਵਿਚਾਰਧਾਰਾ ਦੇ ਨਾਲ ਲੈ ਕੇ ਚੱਲਣ ਦਾ ਹੋਕਾ




ਬਰਨਾਲਾ: ਅਪਰੈਲ 20, 2016: ਸੰਤ ਰਾਮ ਉਦਾਸੀ ਯਾਦਗਾਰੀ ਕਮੇਟੀ ਬਰਨਾਲਾ ਵਲੋਂ ਅੱਜ ਰਾਮ ਸਰੂਪ ਸੰਗੀਤ ਸਦਨ ਬਰਨਾਲਾ ਵਿਖੇ 'ਦਲਿਤ ਸਮੱਸਿਆ 'ਤੇ ਮਾਰਕਸੀ ਪਹੁੰਚ' ਵਿਸ਼ੇ 'ਤੇ ਕਰਵਾਏ ਸੈਮੀਨਾਰ ਵਿਚ ਬੋਲਦਿਆਂ ਕੁਰੂਕਸ਼ੇਤਰਾ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਦਲਿਤ ਚਿੰਤਕ ਸ੍ਰੀ ਸੁਭਾਸ਼ ਚੰਦਰ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਬਹੁਤ ਵਿਚਾਰ-ਉਤੇਜਕ ਵਿਸ਼ਿਆਂ ਨੂੰ ਛੂਹਿਆ। ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਖ਼ੋਜਾਰਥੀ ਰੋਹਿਤ ਵੈਮੂਲਾ ਦੀ ਖੁਦਕੁਸ਼ੀ ਅਤੇ ਜੇ.ਐਨ.ਯੂ ਦੇ ਤਾਜ਼ਾ ਘਟਨਾਕ੍ਰਮ ਕਾਰਨ ਦੇਸ਼ ਵਿਚ 'ਲਾਲ' ਤੇ 'ਨੀਲੇ' ਯਾਨਿ ਖੱਬੀਆਂ ਧਿਰਾਂ ਤੇ ਅੰਬੇਦਕਰਵਾਦੀਆਂ ਨੂੰ ਇਕੱਠੇ ਹੋ ਕੇ ਲੜਨ ਦੀ ਲੋੜ੍ਹ ਬਾਰੇ ਬੋਲਦਿਆਂ ਉਨ੍ਹਾਂ ਇਸ ਨੂੰ ਮੌਜੂਦਾ ਸਮਿਆਂ ਦੀ ਅਣਸਰਦੀ ਜ਼ਰੂਰਤ ਦੱਸਿਆ। ਸ਼ਹੀਦ ਭਗਤ ਸਿੰਘ ਦੇ ਲੇਖਾਂ ਚੋਂ ਟੂਕਾਂ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਕਮਿਊਨਿਸਟ ਵਿਚਾਰਧਾਰਾ ਤੇ ਅੰਬੇਦਕਰ ਦੀ ਸੋਚ ਵਿਚ ਕੁਝ ਤੁੱਛ ਵਖਰੇਵਿਆਂ ਨਾਲੋਂ ਬਹੁਤ ਸਾਰੀਆਂ ਸਮਾਨਤਾਵਾਂ ਹਨ ਜਿੰਨਾਂ ਨੂੰ ਉਭਾਰਨਾ ਹੁਣ ਬਹੁਤ ਜ਼ਰੂਰੀ ਹੈ। ਪਿਛਲੇ ਸਮਿਆਂ ਵਿਚ ਭਾਰਤ ਦੀ ਜਾਤੀ-ਪ੍ਰਥਾ ਦੀ ਵਿਲੱਖਣ ਸਮੱਸਿਆ ਨੂੰ ਅੱਖੋ-ਪਰੋਖੇ ਕਰਨ ਲਈ ਖੱਬੀਆਂ ਧਿਰਾਂ ਉਪਰ ਗਿਲ੍ਹਾ ਕਰਦਿਆਂ ਪ੍ਰੋਫੈਸਰ ਸਾਹਿਬ ਨੇ,ਕਮਿਊਨਿਸਟਾਂ ਵਲੋਂ ਇਸ ਸਮੱਸਿਆ ਦੇ ਹੱਲ ਲਈ ਅਪਣਾਈ ਪਹੁੰਚ ਨੂੰ ਮਕਾਨਕੀ ਦੱਸਿਆ ਜੋ ਜਾਤਾਂ ਦੇ ਖਾਤਮੇ ਨੂੰ ਜਮਾਤਾਂ ਦੇ ਖਾਤਮੇ ਨਾਲ ਜੋੜ੍ਹਦੀ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਨ ਹੀ ਦਲਿਤ ਲੋਕ ਆਪਣੀਆਂ ਆਰਥਿਕ ਸਮੱਸਿਆਵਾਂ ਦੇ ਨਿਵਾਰਣ ਲਈ ਤਾਂ ਮਾਰਕਸੀਆਂ ਤੱਕ ਪਹੁੰਚ ਕਰਦੇ ਹਨ ਪਰ ਸਮਾਜਿਕ-ਉਤਪੀੜਨ ਦੀਆਂ ਘਟਨਾਵਾਂ ਸਮੇਂ ਆਪਣੀ ਜਾਤੀ ਦੇ ਲੀਡਰਾਂ ਦਾ ਮੂੰਹ ਤੱਕਦੇ ਹਨ। ਦਲਿਤਾਂ ਨੂੰ ਆਪਣੇ ਸੰਘਰਸ਼ਾਂ ਵਿਚ ਨਾਲ ਤੋਰਨ ਲਈ ਉਨ੍ਹਾਂ ਨੇ ਖੱਬੀਆਂ ਧਿਰਾਂ ਨੂੰ ਦਲਿਤਾਂ ਦੇ ਜਾਤੀ-ਗੌਰਵ ਦਾ ਚਿੰਨ ਬਣ ਚੁੱਕੇ ਡਾਕਟਰ ਅੰਬੇਦਕਰ ਜਿਹੇ ਪ੍ਰਤੀਕਾਂ ਅਤੇ ਬਿਰਸਾ-ਮੁੰਡਾ ਜਿਹੇ ਸਥਾਪਿਤ ਦਲਿਤ ਸ਼ਹੀਦਾਂ ਨੂੰ ਬਣਦਾ ਸਨਮਾਨ ਦੇਣਾ ਚਾਹੀਦਾ ਹੈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਭਾਰਤ ਦੇ ਆਗੂ ਮੇਘ ਰਾਜ ਮਿੱਤਰ, ਇਨਕਲਾਬੀ ਕੇਂਦਰ ਦੇ ਨਰਾਇਣ ਦੱਤ, ਨੌਜਵਾਨ ਭਾਰਤ ਸਭਾ ਦੇ ਆਗੂ ਨਵਕਿਰਨ ਪੱਤੀ, ਪੀ.ਐਸ.ਯੂ. ਦੇ ਆਗੂ ਪ੍ਰਦੀਪ ਕਸਬਾ, ਕਾਮਰੇਡ ਕਮਲ ਚੰਗੀਗੜ੍ਹ ਅਤੇ ਹੋਰ ਵੀ ਕਈ ਆਗੂਆਂ ਨੇ ਆਪਣੇ ਵੱਖੋ ਵੱਖ ਵਿਚਾਰ ਪੇਸ਼ ਕੀਤੇ। ਇਕਬਾਲ ਕੌਰ ਉਦਾਸੀ ਨੇ ਸੰਤ ਰਾਮ ਉਦਾਸੀ ਨੂੰ ਚੇਤੇ ਕਰਦਿਆਂ ਸਭ ਭਾਗੀਦਾਰਾਂ ਨੂੰ ਜੀ ਆਇਆਂ ਕਿਹਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਵਿੰਦਰ ਦੀਵਾਨਾ ਨੇ ਬਾਖੂਬੀ ਨਿਭਾਈ।

# ਮਨ ਦਾ ਹੀ ਦੂਜਾ ਨਾਂ ਹੈ ਆਤਮਾ



ਅਮਰਜੀਤ ਢਿੱਲੋਂ ਦਬੜ੍ਹੀਖਾਨਾ

**ਰੂਹ** ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਭਾਵ ਹੈ ਹਵਾ। ਹਵਾ ਨਾਲ ਸਾਹ ਆਉਂਦੇ ਐ। ਦਿਲ ਦੀ ਧੜਕਣ ਬੰਦ ਹੋਈ। ਹਵਾ ਆਉਣੋਂ ਜਾਣੋਂ ਹਟੀ ਅਤੇ ਬੰਦਾ ਮਰ ਗਿਆ। ਆਤਮਾ ਜਾਂ ਰੂਹ ਅਸਲ ਵਿੱਚ ਮਨ ਦਾ ਹੀ ਦੂਜਾ ਨਾਂ ਹੈ। ਜਮਾਂਦਰੂ ਬੱਚੇ ਦੀ ਕੋਈ ਆਤਮਾ ਨਹੀਂ ਹੁੰਦੀ। ਪਹਿਲਾਂ ਆਦਿ ਮਨੁੱਖ ਸਾਰਾ ਜੀਵਨ ਹੀ ਬਚਪਨ ਵਿੱਚ ਗੁਜ਼ਾਰਦਾ ਸੀ ਅਤੇ ਉਸਨੂੰ ਇਹਨਾਂ ਗਿਆਨ ਧਿਆਨ ਦੀਆਂ ਗੱਲਾਂ ਦਾ ਕੋਈ ਇਲਮ ਨਹੀਂ ਸੀ। ਪਸ਼ੂਆਂ ਵਾਂਗ ਆਪਣੀ ਭੁੱਖ ਤ੍ਰਿਪਤ ਕਰਦਾ ਅਤੇ ਪਸ਼ੂਆਂ ਵਾਂਗ ਹੀ ਜੀਵਨ ਬਸਰ ਕਰਦਾ ਸੀ। ਹੁਣ ਵੀ ਜੇ ਛੋਟੇ ਬੱਚੇ ਨੂੰ ਜਾਨਵਰਾਂ ਵਿੱਚ ਛੱਡ ਦੇਈਏ। ਜਾਨਵਰ ਵਣ- ਮਾਨਸ ਜਾਂ ਬਾਂਦਰ ਆਦਿ ਉਸ ਬੱਚੇ ਦਾ ਪਾਲਣ ਪੋਸ਼ਣ ਕਰਨ ਤਾਂ ਉਹ ਆਦਿ ਮਨੁੱਖ ਵਾਂਗ ਜਾਂ ਕਹਿ ਲਵੋ ਕਿ ਪਸ਼ੂਆਂ ਵਾਂਗ ਹੀ ਆਪਣਾ ਜੀਵਨ ਬਤੀਤ ਕਰੇਗਾ। ਸਾਡਾ ਦਿਮਾਗ ਪਦਾਰਥ ਦਾ ਸੱਭ ਤੋਂ ਸੁਧਰਿਆ ਹੋਇਆ ਰੂਪ ਹੈ। ਇਸ ਸੁਧਰੇ ਹੋਏ ਪਦਾਰਥ (ਦਿਮਾਗ) ਨੂੰ ਜਦ ਆਲੇ ਦੁਆਲੇ ਦੀ ਸੋਝੀ ਹੋਣ ਲੱਗੀ ਤਾਂ ਮਨੁੱਖ ਦਾ ਮਨ ਵਿਕਸਤ ਹੋਣਾ ਸ਼ੁਰੂ ਹੋਇਆ। ਜਦ ਮਨੁੱਖ ਚਾਰਾਂ ਦੀ ਥਾਂ ਦੋ ਪੈਰਾਂ ਤੇ ਤੁਰਨ ਲੱਗਾ ਅਤੇ ਉਸਨੇ ਹੱਥਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਹ ਸਹੀ ਮਾਅਨਿਆਂ ਵਿੱਚ ਮਨੁੱਖ ਬਨਣਾ ਸ਼ੁਰੂ ਹੋਇਆ ਅਤੇ ਉਹ ਪਸ਼ੂਆਂ ਤੋਂ ਵੱਖ ਰਹਿਣ ਲੱਗਾ। ਦਸ ਕੁ ਹਜ਼ਾਰ ਸਾਲ ਪਹਿਲਾਂ ਹੀ ਮਨੁੱਖ ਨੂੰ ਆਪਣੇ ਪਰਾਏ ਦੀ ਸੋਝੀ ਹੋਈ। ਉਹ ਪਰਿਵਾਰ ਬਣਾ ਕੇ ਰਹਿਣ ਲੱਗਾ ਅਤੇ ਮਨੁੱਖੀ ਸੱਭਿਅਤਾ ਦੀ ਸ਼ੁਰੂਆਤ ਹੋਈ। ਮਨੁੱਖ ਦੀ ਸੱਭ ਤੋਂ ਪਹਿਲੀ ਕਾਢ ਅੱਗ ਨੇ ਹੀ ਮਨੁੱਖੀ ਸੱਭਿਅਤਾ ਦੀ ਨੀਂਹ ਰੱਖੀ। ਮਨੁੱਖ ਦੇ ਬਚਪਨ ਦੀ ਉਮਰ ਹੌਲੀ ਹੌਲੀ ਘਟਦੀ

## ਕਾਵਿ ਵਿਅੰਗ

ਸਾਕ ਮਿਲਦਿਆਂ ਦੇ ਭੌਂ ਵਾਹੁੰਦਿਆਂ ਦੀ ਹੁੰਦੀ ਸਿਰਾਂ ਨੂੰ ਸਦਾ ਸਲਾਮ ਬੇਲੀ।
ਹੁੰਦੇ ਮੂੰਹਾਂ ਦੇ ਤਾਈਂ ਮੁਲਾਹਜੜੇ ਨੇ ਚੰਗੇ ਕੰਮਾਂ ਨੂੰ ਮਿਲਣ ਇਨਾਮ ਬੇਲੀ।
ਪਾਠ ਸੁਬ੍ਹਾ ਦਾ ਅਜੇ ਨਾ ਯਾਦ ਹੋਇਆ ਢਲਦੀ ਆਉਂਦੀ ਸਿਰਾਂ 'ਤੇ ਸ਼ਾਮ ਬੇਲੀ।
ਰਾਖੀ ਕਿਰਤ ਦੀ ਜੇ ਨਾ ਤੂੰ ਕੀਤੀ ਤਾਂ ਇਉਂ ਹੀ ਖਾਣਗੇ ਸਾਧ ਬਦਾਮ ਬੇਲੀ।

-o-

ਕਿਹੜਾ ਉਹ ਨਜੂਮੀਆ ਜੋ ਦੱਸ ਦੇਵੇ ਸਾਡੇ ਤਾਈਂ ਕਿਹੋ ਜਿਹੇ ਲਿਖੇ ਸਾਡੇ ਮੱਥੇ ਉਤੇ ਲੇਖ ਨੀ।
ਸਾਨੂੰ ਪਤੈ ਰਾਸ਼ੀ ਸਾਡੀ ਬਿਨਾ ਰਾਸ਼ੀ ਵਾਲਾ ਘਰ ਪੱਤਰੀ 'ਚ ਹੋਵੇ ਭਾਵੇਂ ਮੀਨ ਬ੍ਰਿਖ ਮੇਖ ਨੀ।
ਭੁੱਖ, ਦੁੱਖ, ਨੰਗ, ਰਿਸ਼ਵਤ, ਬੇਈਮਾਨੀ ਵਾਲੇ ਰਾਹੂ ਕੇਤੂ ਰਹੇ ਸਾਨੂੰ ਹਰ ਵੇਲੇ ਦੇਖ ਨੀ।
ਕਰਦੇ ਬਲੈਕਮੇਲ ਸਾਡੇ ਜ਼ਜ਼ਬਾਤ ਦੀ ਨੇ ਇਹ ਜੋ ਵਿਹਲੇ ਬੈਠੇ ਭਾਈ, ਪੰਡਿਤ ਤੇ ਸ਼ੇਖ ਨੀ।

-o-

ਕਹਿੰਦਾ ਵਾਰਸ ਸ਼ਾਹ ਜਾਣ ਆਦਤਾਂ ਪੁਰਾਣੀਆਂ ਨਾ ਰੱਖ ਦੇਣ ਲੋਕ ਭਾਵੇਂ ਕੱਟ ਕੱਟ ਪੋਰੀਆਂ।
ਹੱਥਾਂ ਵਿਚ ਫੜ ਕੇ ਸਿਮਰਣੇ ਮਸਤ ਹੋਈ ਸ਼ਰੇਆਮ ਠੱਗ ਕਰੀ ਜਾਂਦੇ ਠੱਗੀ ਠੋਰੀਆਂ।
ਅੰਧ ਵਿਸ਼ਵਾਸ਼ ਅਸ਼ਲੀਲਤਾ ਫੈਲਾਈ ਜਾਵੇ ਜਾਣੇ ਸਰਕਾਰ ਅਸਾਂ ਦੀਆਂ ਕਮਜ਼ੋਰੀਆਂ।
ਡਾਂਗ ਉਤੇ ਡੇਰਾ ਰੱਖਦੇ ਜੋ ਹੱਕ ਲੈ ਲੈਂਦੇ ਹੱਕ ਸਾਡੇ ਮਾਰ ਗਈਆਂ ਰੱਬ ਉਤੇ ਡੋਰੀਆਂ।

-o-

ਪੰਜੇ ਅਹਿਮ ਜ਼ਜ਼ਬੇ ਨੇ ਜ਼ਿੰਦਗੀ ਦੇ ਜਿਉਣ ਦੇ ਲਈ ਮਿੱਟੀ ਹੈ ਮਨੁੱਖ ਕਾਮ ,ਮੋਹ, ਅਹੰਕਾਰ ਬਿਨਾ।
ਕਾਮ ਤੋਂ ਉਤਪਤੀ ਹੈ ਮੋਹ ਨਾਲ ਰਿਸ਼ਤੇ ਨੇ ਜ਼ਿੰਦਗੀ ਨਿਰਾਰਥਕ ਹੋ ਜਾਂਵਦੀ ਹੈ ਪਿਆਰ ਬਿਨਾ।
ਮਾਣ ਅਹੰਕਾਰ ਬਾਝੋਂ ਜਿਉਣ ਸਦਾ ਆਲਸੀ ਹੀ ਹੁੰਦਾ ਨਹੀਂ ਵਿਕਾਸ ਕਦੇ ਲੋਭ ਦੇ ਵਿਚਾਰ ਬਿਨਾ।
ਮਾਇਆ ਤਾਈਂ ਨਾਗਣੀ ਜੋ ਆਖਦੇ ਮਹਾਂ ਪੁਰਖ ਸਾਰਦੇ ਨਹੀਂ ਖ਼ੁਦ ਪੱਚੀ ਲੱਖ ਵਾਲੀ ਕਾਰ ਬਿਨਾ।
ਮਹਿਲਨੁਮਾ ਡੇਰਿਆਂ 'ਚ ਪਾਉਂਦੇ ਚੋਲੇ ਰੇਸ਼ਮੀ ਨੇ ਵਿਹਲੜਾਂ ਦੀ ਐਸ਼ ਹੁੰਦੀ ਹੈ ਨਹੀਂ ਸਰਕਾਰ ਬਿਨਾ।
ਸਾਰੇ ਪੱਤੇ ਰੰਗ ਦੇ ਲੁਕੋ ਕੇ ਬਾਜ਼ੀ ਜਿੱਤ ਲੈਂਦੇ ਸਾਨੂੰ ਕਹਿੰਦੇ ਹਿਲਦਾ ਨਹੀਂ ਪੱਤਾ ਸਰਕਾਰ ਬਿਨਾ।

-o-

ਜ਼ਿੰਦਗੀ 'ਚ ਜਿਉਣ ਦੇ ਲਈ ਦਸੋ ਕੀ ਹੈ ਰਹਿ ਜਾਣਾ, ਕਾਮ ,ਕਰੋਧ , ਲੋਭ , ਮੋਹ ਜੇ ਨਾ ਅਹੰਕਾਰ ਹੋਵੇ।
ਬਾਬੇ ਕਹਿੰਦੇ ਸਾਰੇ ਮੇਵੇ ਸਾਡੇ ਲਈ ਨੇ ਧੁਰੋਂ ਲਿਖੇ ਚਿਹਰੇ ਉਤੇ ਨੂਰ ਸਾਡੇ ਨਾਲ ਬੈਠੀ ਨਾਰ ਹੋਵੇ।
ਸਾਨੂੰ ਕਹਿੰਦੇ ਦਸਵਾ ਦਸੌਂਦ ਤੁਸੀਂ ਕੱਢੀ ਚੱਲੋ ਟੈਕਸ ਉਗਰਾਹੁੰਦੀ ਜਿਵੇਂ ਕੋਈ ਸਰਕਾਰ ਹੋਵੇ।
ਅੱਜ ਕੱਲ੍ਹ ਲੋਕ ਉਸ ਬਾਬੇ ਤਾਈਂ ਕਹਿਣ ਵੱਡਾ ਜਿੰਨੀ ਵੱਡੀ ਅਤੇ ਮਹਿੰਗੀ ਬਾਬੇ ਥੱਲੇ ਕਾਰ ਹੋਵੇ।

-o-

ਕੂੜ ਹੈ ਸੁਰਗ ,ਕੂੜ ਅਗਲਾ ਜਨਮ ਰੱਬ ,ਸੱਚ ਹੈ ਸਿਰਫ ਸਾਹਮਣੇ ਜੋ ਦਿਸੇ ਜੱਗ ਪਿਆਰੇ।
ਸੱਚ ਹੈ ਇਹ ਮੋਹ,ਮਾਤਾ ਪਿਤਾ, ਧੀਆਂ ਪੁੱਤ ਸੱਚ, ਸੱਚ ਹੈ ਜੋ ਬਲ ਰਹੀ ਪੇਟ ਵਿਚ ਅੱਗ ਪਿਆਰੇ।
ਵਿਹਲੜ ਨਿਖੱਟੂ ਜੋ ਡਰਾਵਾ ਦਿੰਦੇ ਨਰਕਾਂ ਦਾ ਸਾਡੀ ਉਹ ਕਿਰਤ ਨੇ ਡਰਾ ਕੇ ਰਹੇ ਠੱਗ ਪਿਆਰੇ।
ਰਾਹ 'ਚ ਵਿਕਾਸ ਦੇ ਇਹ ਸਾਰੀਆਂ ਰੁਕਾਵਟਾਂ ਨੇ ਕਹਿੰਦੇ ਨੇ ਜੋ ਦੁਨੀਆਂ ਹੈ ਸਾਬਣ ਦੀ ਝੱਗ ਪਿਆਰੇ।
ਕਰਮ ਕਰੋ ਤੇ ਇੱਛਾ ਫਲ ਦੀ ਨਾ ਕਰੋ ਕਹਿੰਦੇ ਬੱਸ ਬਣੋ ਰਹੋ ਅੰਨ੍ਹੇ ਅਤੇ ਲਾਈਲੱਗ ਪਿਆਰੇ।
ਤੇਰਿਆਂ ਹੱਕਾਂ 'ਤੇ ਡਾਕਾ ਮਾਰੀ ਜਾਂਦੇ ਸਦੀਆਂ ਤੋਂ ਹੋਕੇ ਸੁਚੇਤ ਸਾਂਭ ਆਪਣੀ ਪੱਗ ਪਿਆਰੇ।

-o-

ਕਾਮ ,ਕਰੋਧ , ਲੋਭ ਸੰਤ ਕਹਿੰਦੇ ਭੈੜਾ ਬਚੋ ਇਹਤੋਂ ਕੋਠੀਆਂ ਦੀ ਸ਼ੁਰੂ ਕਰੀ ਰੱਖਦੇ ਤਿਆਰੀ ਏ।
ਲੋਕਾਂ ਤਾਈਂ ਕਹਿੰਦੇ ਮਾਇਆ ਨਾਗਣੀ ਹੈ ਬਚੋ ਇਹਤੋਂ ਆਪ ਪੱਚੀ ਲੱਖ ਵਾਲੀ ਰੱਖਦੇ ਸਵਾਰੀ ਏ।
ਅਸਲ 'ਚ ਸਾਰੇ ਵੋਟ ਬੈਂਕ ਨੇ ਨੇਤਾਵਾਂ ਦੇ ਇਹ ਆਂਵਦੇ ਵਜ਼ੀਰ ਇਹਨਾਂ ਕੋਲ ਵਾਰੋ ਵਾਰੀ ਏ।
ਅੰਧ ਵਿਸ਼ਵਾਸ਼ੀ ਸੀਰੀਅਲ ਨੇ ਦਿਖਾਈ ਜਾਂਦੇ ਕਦੇ ਅਲਫ ਲੈਲਾ ਕਦੇ ਕ੍ਰਿਸ਼ਨ ਮੁਰਾਰੀ ਏ।
ਕੁਝ ਅਣਪੜ੍ਹਤਾ ਨੇ ਕੀਤਾ ਨੁਕਸਾਨ ਸਾਡਾ ਰਹਿੰਦੀ ਖੂੰਹਦੀ ਮੱਤ ਸਾਡੀ ਹਾਕਮਾਂ ਨੇ ਮਾਰੀ ਏ।

-o-

ਸੁਰਗਾਂ ਦੇ ਲਾਰੇ ਲਾਕੇ ਸਾਧ ਅਤੇ ਨੇਤਾ ਗਣ ਭੋਲੀ ਭਾਲੀ ਜੰਤਾ ਦਾ ਸ਼ਿਕਾਰ ਕਰੀ ਜਾਂਦੇ ਨੇ।
ਅਗਲੇ ਜਨਮ ਦੇ ਦਿਖਾਕੇ ਇਹ ਸਬਜ਼ਬਾਗ ਸਾਡਾ ਜਨਮ ਹੀ ਖੁਆਰ ਕਰੀ ਜਾਂਦੇ ਨੇ।
ਨੇਤਾ ਨਾਹਰਾ ਲਾਉਂਦੇ ਇਸੇ ਧਰਤੀ 'ਤੇ ਸਵਰਗਾਂ ਦਾ ਵੋਟਾਂ ਲੈਕੇ ਲੋਕਾਂ ਤੋਂ ਬਹਾਰ ਕਰੀ ਜਾਂਦੇ ਨੇ।
ਸਾਧ ਅਤੇ ਨੇਤਾ ਇਕ ਦੂਸਰੇ ਦੇ ਯਾਰ ਪੱਕੇ ਇਕ ਦੂਸਰੇ ਦਾ ਪ੍ਰਚਾਰ ਕਰੀ ਜਾਂਦੇ ਨੇ।

ਘਟਦੀ ਅੱਜ ਦੋ ਢਾਈ ਸਾਲ ਹੀ ਰਹਿ ਗਈ ਹੈ। ਜਦ ਮਨੁੱਖ ਬੱਚਾ ਰਿੜ੍ਹਨ ਦੀ ਉਮਰ ਵਿੱਚ ਆਉਂਦਾ ਹੈ ਤਾਂ ਉਸਦੇ ਕੋਰੇ ਸਲੇਟ ਵਰਗੇ ਮਨ ਤੇ ਕੁੱਝ ਲਕੀਰਾਂ ਪੈਣੀਆਂ ਸ਼ੁਰੂ ਹੁੰਦੀਆਂ ਹਨ। ਦਿਮਾਗ ਵਿੱਚ ਨਵੀਆਂ ਲਗਰਾਂ ਫੁੱਟਦੀਆਂ ਹਨ। ਇਹਨਾਂ ਲਗਰਾਂ ਵਿੱਚ (ਸੈਲਾਂ ਵਿੱਚ) ਜਾਂ ਯਾਦਦਾਸ਼ਤ ਵਿੱਚ ਘਟਨਾਵਾਂ ਸਾਂਭੀਆਂ ਜਾਣ ਲੱਗਦੀਆਂ ਹਨ। ਇਹਨਾਂ ਸਾਰੀਆਂ ਸੋਚਾਂ ਦੇ ਸਮੂਹ ਨੂੰ ਹੀ ਮਨ ਆਖਦੇ ਹਨ। ਇਸੇ ਮਨ ਦਾ ਨਾਂ ਹੀ ਆਤਮਾ, ਰੂਹ ਆਦਿ ਰੱਖ ਕੇ ਮਨੁੱਖ ਨੇ ਅਗਲੇ ਪਿਛਲੇ ਜਨਮਾਂ ਦੀ ਕਲਪਨਾ ਕੀਤੀ। ਅਸਲ ਵਿੱਚ ਮਨੁੱਖੀ ਸਰੀਰ 'ਚੋਂ ਬਾਹਰੋਂ ਕੁੱਝ ਵੀ (ਆਤਮਾ ਆਦਿ) ਨਹੀਂ ਆਉਂਦੇ ਅਤੇ ਨਾ ਹੀ ਮਰਨ ਉਪਰੰਤ ਕੋਈ ਚੀਜ਼ ਬਾਹਰ ਨਿਕਲਦੀ ਹੈ। ਜਿਵੇਂ ਬੰਸਰੀ ਵਿੱਚ ਹਵਾ ਵੱਜਣੋਂ ਹਟਣ ਤੇ ਆਵਾਜ਼ ਆਉਣੀ ਬੰਦ ਹੋ ਜਾਂਦੀ ਹੈ, ਉਸੇ ਤਰ੍ਹਾਂ ਹੀ ਦਿਲ ਦੀ ਧੜਕਣ ਬੰਦ ਹੋ ਜਾਣ ਤੇ ਦਿਮਾਗ ਨੂੰ ਆਕਸੀਜਨ ਜਾਣੀ ਬੰਦ ਹੋ ਜਾਂਦੀ ਹੈ ਅਤੇ ਦਿਮਾਗ ਦੀ ਮੌਤ ਹੋ ਜਾਂਦੀ ਹੈ। ਦਿਮਾਗ ਦੀ ਮੌਤ ਹੀ ਮਨੁੱਖ ਦੀ ਮੌਤ ਹੈ। ਕਈ ਹਾਲਤਾਂ ਵਿੱਚ ਦਿਲ ਦੀ ਧੜਕਣ ਦੁਬਾਰਾ ਚਾਲੂ ਹੋ ਜਾਣ ਤੇ ਦਿਮਾਗ ਨੂੰ ਦੁਬਾਰਾ ਆਕਸੀਜਨ ਮਿਲਣ ਲੱਗਦੀ ਹੈ ਅਤੇ ਉਹ ਫਿਰ ਜਿੰਦਾ ਹੋ ਜਾਂਦਾ ਹੈ। ਜੇ ਕੋਈ ਆਤਮਾ ਛੱਡ ਕੇ ਗਈ ਹੁੰਦੀ ਤਾਂ ਉਹ ਦੁਬਾਰਾ ਵਾਪਿਸ ਕਿਵੇਂ ਆ ਸਕਦੀ ਸੀ। ਇਸੇ ਤਰ੍ਹਾਂ ਦਿਲ ਦੀ ਸਰਜਰੀ ਵੇਲੇ ਦਿਮਾਗ ਨੂੰ ਕਈ ਕਈ ਘੰਟੇ ਮਸ਼ੀਨ ਨਾਲ ਆਕਸੀਜਨ ਦੇ ਕੇ ਜਿੰਦਾ ਰੱਖਿਆ ਜਾਂਦਾ ਹੈ ਅਤੇ ਦਿਲ ਦੇ ਆਪ੍ਰੇਸ਼ਨ ਤੋਂ ਬਾਅਦ ਉਸਦਾ ਸੰਪਰਕ ਦੁਬਾਰਾ ਦਿਲ ਨਾਲ ਜੋੜ ਦਿੱਤਾ ਜਾਂਦਾ ਹੈ। ਸਾਰੀ ਗੱਲ ਦਾ ਸਾਰੰਸ਼ ਇੱਕੋ ਹੈ ਕਿ ਮਨ ਹੀ ਆਤਮਾ ਹੈ ਜੋ ਮਨੁੱਖੀ ਸਰੀਰ ਦੇ ਨਾਲ ਨਾਲ ਹੀ ਵਿਕਸਤ ਹੁੰਦਾ ਹੈ ਅਤੇ ਮਨੁੱਖੀ ਸਰੀਰ ਦੇ ਨਾਲ ਹੀ ਬੁੱਢਾ ਹੁੰਦਾ ਅਤੇ ਮਰ ਜਾਂਦਾ ਹੈ। ਅਗਲਾ ਪਿਛਲਾ ਜਨਮ ਆਦਿ ਸੱਭ ਮਨੁੱਖੀ ਮਨ ਦੀਆਂ ਕਲਪਨਾਵਾਂ ਹਨ।

ਮੋ. 94171 20427

## ਤੇ ਜਦੋਂ ਅਸੀਂ ਟੂਣੇ ਦਾ ਸਮਾਨ ਚੁੱਕ ਕੇ ਲਿਆਂਦਾ ਅਸਲੀ ਟੂਣੇ ਨੇ ਕੁੱਝ ਨਾ ਕੀਤਾ ਤੇ ਨਕਲੀ ਨੇ ਸੱਟਾਂ ਲਗਵਾ ਦਿੱਤੀਆਂ !

ਅੱਜ ਵਿਗਿਆਨ ਦਾ ਯੁੱਗ ਹੈ। ਛੋਟੀ ਤੋਂ ਵੱਡੀ ਕਿੰਨੀਆਂ ਹੀ ਵਿਗਿਆਨਕ ਖੋਜਾਂ ਆਏ ਦਿਨ ਹੋ ਰਹੀਆਂ ਹਨ। ਧਰਤੀ ਤੋਂ ਆਸਮਾਨ ਤੱਕ ਮਨੁੱਖ ਵਿਗਿਆਨ ਦੀਆਂ ਕਾਢਾਂ ਰਾਹੀ ਪਹੁੰਚ ਚੁੱਕਿਆ ਹੈ। ਅਸੰਭਵ ਗੱਲਾਂ ਵੀ ਵਿਗਿਆਨ ਦੀ ਦੇਣ ਕਰਕੇ ਸੰਭਵ ਹੋ ਚੁੱਕੀਆਂ ਹਨ। ਤੁਸੀਂ ਜਿਆਦਾ ਨਹੀਂ ਆਪਣੇ ਜੀਵਨ ਦੇ ਸਿਰਫ 18-20 ਸਾਲ ਪਿੱਛੇ ਨਜ਼ਰ ਮਾਰ ਕੇ ਵੇਖੋ ਅਤੇ ਫਿਰ ਅੱਜ ਨਾਲ ਉਸ ਬੀਤੇ ਕੱਲ ਦਾ ਮਿਲਾਣ ਕਰਕੇ ਵੇਖ ਲਓ ਦੁਨੀਆਂ ਕਿੱਥੋ ਕਿੱਥੇ ਪਹੁੰਚ ਗਈ ਅਤੇ ਆਉਣ ਵਾਲੇ 20 ਸਾਲਾਂ ਦੇ ਵਿੱਚ ਵਿਗਿਆਨ ਕਿਸ ਕਦਰ ਤਰੱਕੀ ਕਰ ਸਕਦਾ ਹੈ ਸਭ ਸਮਝ ਆ ਜਾਵੇਗਾ। ਜਿਹੜੀਆਂ ਗੱਲਾਂ ਅੱਜ ਵੀ ਸਾਨੂੰ ਅਜੂਬਾ ਲੱਗਦੀਆਂ ਹਨ ਵਿਗਿਆਨ ਨੇ ਉਹਨਾਂ ਨੂੰ ਵੀ ਹੱਲ ਕਰ ਲੈਣਾ ਹੈ। ਇੱਕ ਪਾਸੇ ਤਾਂ ਵਿਗਿਆਨ ਐਨੀ ਤਰੱਕੀ ਕਰ ਰਿਹਾ ਹੈ ਦੂਸਰੇ ਪਾਸੇ ਜਾਦੂ,ਟੂਣੇ,ਧਾਗੇ,ਤਵੀਤ,ਪੁੱਛਾਂ ਦੇਣ ਵਾਲੇ ਵੀ ਆਏ ਦਿਨ ਵਧਦੇ ਹੀ ਜਾ ਰਹੇ ਹਨ ਜਿਸ ਤੋਂ ਇਹ ਲੱਗਦਾ ਹੈ ਕਿ ਲੋਕਾਂ ਤੇ ਵਿਗਿਆਨ ਦਾ ਅਸਰ ਘੱਟ ਤਾਂ ਨਹੀਂ ਹੋ ਰਿਹਾ? ਅੱਜ ਵੀ ਪੰਜਾਬ ਵਿੱਚ ਚਮਤਕਾਰ ਦੀਆਂ ਉਮੀਦਾਂ ਲਗਾਈਆਂ ਜਾ ਰਹੀਆਂ ਹਨ। ਕੋਈ ਥੋੜੀ ਜਿਹੀ ਅਫਵਾਹ ਫੈਲੇ ਤਾਂ ਲੋਕ ਅੰਨੇ ਹੋ ਕੇ ਇੱਕ ਦੂਸਰੇ ਨੂੰ ਵੇਖ ਕੇ ਹੀ ਲਾਈਨਾਂ ਲਗਾ ਲੈਂਦੇ ਹਨ। ਟੈਂਪੂ ਭਰ ਭਰ ਕੇ ਜਾਣ ਲੱਗ ਪੈਂਦੇ ਹਨ। ਹੈਰਾਨੀ ਹੈ ਕਿ ਲੋਕਾਂ ਨੂੰ ਅੱਜ ਵੀ ਯਕੀਨ ਹੈ ਕਿ ਕੋਈ ਅਜਿਹਾ ਚਮਤਕਾਰ ਹੋ ਸਕਦਾ ਹੈ ਕਿ ਜਿਸ ਨੂੰ ਦਿਖਦਾ ਨਹੀਂ ਉਸ ਨੂੰ ਝੱਟ ਦਿਖਣ ਲੱਗ ਪਵੇਗਾ,ਜਿਸਨੂੰ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਹੈ ਉਹ ਝੱਟ ਠੀਕ ਹੋ ਜਾਵੇਗਾ,ਜਿਸਨੂੰ ਪੋਲੀਓ ਹੈ ਉਹ ਵਾਪਿਸ ਤੁਰ ਕੇ ਆਵੇਗਾ। ਹੈਰਾਨੀ ਹੈ ਪੜ੍ਹੇ ਲਿਖੇ ਲੋਕ ਵੀ ਤਰਕਹੀਣ ਗੱਲਾਂ ਕਰਨ ਲੱਗ ਜਾਂਦੇ ਹਨ।

ਲੋਕਾਂ ਦੀ ਅਜਿਹੀ ਸੋਚ ਕਰਕੇ ਅਤੇ ਸਮਾਜਿਕ ਦੁੱਖਾਂ ਦੇ ਸ਼ਿਕਾਰ ਲੋਕਾਂ ਕਰਕੇ ਹੀ ਅੱਜ ਪਿੰਡ ਪਿੰਡ ਸ਼ਹਿਰ ਸ਼ਹਿਰ ਲੋਕਾਂ ਦੇ ਦੁੱਖਾਂ ਦਾ ਇਲਾਜ ਕਰਨ ਵਾਲੇ ਅਖੌਤੀ ਬਾਬਿਆਂ ਦੀ ਭਰਮਾਰ ਹੋ ਰਹੀ ਹੈ। ਜਿਹੜੇ ਲੋਕਾਂ ਦੇ ਸਾਰੇ ਦੁੱਖ ਦੂਰ ਕਰਨ ਲਈ ਕਿਸੇ ਨੂੰ ਸੁਆਹ ਦੀ ਪੁੜੀ ਦਿੰਦੇ ਹਨ ਕਿਸੇ ਨੂੰ ਧਾਗਾ ਦਿੰਦੇ ਹਨ ਕਿਸੇ ਤੋਂ ਕੋਈ ਟੂਣਾ ਕਰਵਾਉਂਦੇ ਹਨ। ਇਸ ਟੂਣੇ ਤੋਂ ਇੱਕ ਘਟਨਾ ਯਾਦ ਆ ਗਈ ਮੈਂ ਤੇ ਸਾਥੀ ਗੁਲਜ਼ਾਰ ਖਾਨ ਆਪਣੇ ਪਿੰਡ ਤੋਂ ਸ਼ੇਰਪੁਰ ਵੱਲ ਜਾ ਰਹੇ ਸੀ ਕਿ ਸਾਡੇ ਪਿੰਡ ਤੋਂ ਬਾਹਰ ਬਾਹਰ ਇੱਕ ਡਰੇਨ ਹੈ ਜਦੋਂ ਅਸੀਂ ਉਸ ਕੋਲ ਦੀ ਲੰਘਣ ਲੱਗੇ ਤਾਂ ਪਟੜੀ ਤੇ ਇੱਕ ਟੂਣਾ ਪਿਆ ਸੀ ਅਸੀਂ ਉਸ ਨੂੰ ਵੇਖ ਕੇ ਲੰਘਦੇ ਲੰਘਦੇ ਰੁਕ ਗਏ ਸਾਥੀ ਗੁਲਜ਼ਾਰ ਜੋ ਮੋਟਰ ਸਾਈਕਲ ਚਲਾ ਰਿਹਾ ਸੀ ਥੱਲੇ ਉੱਤਰਿਆ ਅਤੇ ਉਸਨੇ ਟੂਣੇ ਵਿੱਚ ਪਿਆ ਸਮਾਨ ਇੱਕ ਲਕਸ ਦੀ ਸਾਬਣ, ਇੱਕ ਡਾਬਰ ਦਾ ਤੇਲ,ਇੱਕ ਕੰਘੀ,ਚੁੱਕ ਕੇ ਬੈਗ ਵਿੱਚ ਪਾ ਲਏ ਬਾਕੀ ਲੱਡੂ ਨਜਦੀਕ ਖੜੇ ਕੁੱਤੇ ਨੂੰ ਪਾ ਦਿੱਤੇ ਅਤੇ ਚੁੰਨੀ ਤੇ ਸੁੱਕਾ ਨਾਰੀਅਲ ਡਰੇਨ ਵਿੱਚ ਸੁੱਟ ਦਿੱਤਾ ਤਾਂ ਜੋ ਇਸ ਤੋਂ ਡਰਨ ਵਾਲੇ ਲੋਕ ਐਵੇ ਵੇਖ ਕੇ ਮੁੜਦੇ ਹੀ ਨਾ ਰਹਿਣ ਅਸਾਨੀ ਦੇ ਨਾਲ ਲੰਘ ਜਾਣ। ਇਹ ਘਟਨਾ ਕੋਈ ਤਿੰਨ ਸਾਲ ਪੁਰਾਣੀ ਹੋਵੇਗੀ ਅਤੇ ਅੱਜ ਤੱਕ ਟੂਣੇ ਨੇ ਸਾਨੂੰ ਕੁੱਝ ਵੀ ਨੁਕਸਾਨ ਨਹੀਂ ਪਹੁੰਚਾਇਆ। ਇੱਕ ਹੋਰ ਘਟਨਾ ਇੱਕ ਵਾਰ ਸਾਡੇ ਪਿੰਡ ਇੱਕ ਦੁਕਾਨ ਦੇ ਦਰਵਾਜੇ ਅੱਗੇ ਮਜਾਕ ਦੇ ਨਜ਼ਰੀਏ ਦੇ ਨਾਲ ਇੱਕ ਵਿਅਕਤੀ ਨੇ ਇੱਕ ਖੰਮਣੀ ਵਿੱਚ ਦੋ ਲੱਡੂ ਲਪੇਟ ਕੇ ਰੱਖ ਦਿੱਤੇ ਜਦੋਂ ਦੁਕਾਨ ਮਾਲਕ ਨੇ ਸਵੇਰੇ ਦੁਕਾਨ ਖੋਲੀ ਤਾਂ ਉਸ ਨੇ ਇਸ ਮਜਾਕ ਨੂੰ ਟੂਣਾ ਸਮਝ ਲਿਆ ਤੇ ਬਹੁਤ ਮੁਸ਼ਕਲ ਨਾਲ ਇਸ ਨੂੰ ਪਰੇ ਹਟਾਇਆ। ਅਤੇ ਅਚਾਨਕ ਦੂਸਰੇ ਦਿਨ ਉਸ ਦੀ ਮੋਟਰਸਾਈਕਲ ਤੋਂ ਗਿਰ ਜਾਣ ਕਰਕੇ ਸੱਟ ਲੱਗ ਗਈ ਤੇ ਜਦੋਂ ਵੀ ਉਸਨੂੰ ਕੋਈ ਲੱਗੀ ਸੱਟ ਬਾਰੇ ਪੁੱਛੇ ਤਾਂ ਉਹ ਇਹੀ ਜਬਾਬ ਦੇਵੇ 'ਹੋਣਾ ਕੀ ਸੀ ਲੋਕ ਕਾਹਨੂੰ ਸੁਖੀ ਰਹਿਣ ਦਿੰਦੇ ਹਨ ਕਿਸੇ ਨੇ ਟੂਣਾ ਕਰਕੇ ਦੁਕਾਨ ਅੱਗੇ ਰੱਖ ਦਿੱਤਾ ਸੀ ਜਿਸ ਕਰਕੇ ਹੀ ਮੋਟਰਸਾਈਕਲ ਤੋਂ ਡਿੱਗ ਪਿਆ ਤੇ ਆਹ ਸੱਟ ਲੱਗੀ'। ਪਤਾ ਨਹੀਂ ਅਜਿਹੀਆਂ ਘਟਨਾਵਾਂ ਹਰ ਰੋਜ ਕਿੰਨੇ ਲੋਕਾਂ ਨੂੰ ਟੂਣੇ ਦਾ ਕਾਰਨ ਲੱਗਦੀਆਂ ਹੋਣਗੀਆਂ।

ਅਸਲ ਵਿੱਚ ਲੋਕ ਆਪਣੀਆਂ ਵਧ ਰਹੀਆਂ ਇਛਾਵਾਂ ਨੇ ਮਾਨਸਿਕ ਰੋਗੀ ਕਰ ਦਿੱਤੇ ਹਨ ਜਿਸ ਕਰਕੇ ਉਹਨਾਂ ਦਾ ਮਨ ਭਟਕਦਾ ਹੀ ਰਹਿੰਦਾ ਹੈ ਤੇ ਉਹ ਫਿਰ ਆਪਣੀ ਭਟਕਣਾ ਨੂੰ ਪੂਰਾ ਕਰਨ ਦੇ ਲਈ ਦਰ ਦਰ ਠੋਕਰਾਂ ਖਾਂਦੇ ਬਾਬਿਆਂ ਕੋਲ ਜਾ ਕੇ ਆਰਥਿਕ ਲੁੱਟ ਦਾ ਸ਼ਿਕਾਰ ਹੁੰਦੇ ਹਨ। ਕਿਸੇ ਨੂੰ ਕੋਈ ਵੀ ਸਮੱਸਿਆ ਆਈ ਤਾਂ ਬਹੁਤ ਘੱਟ ਲੋਕ ਹੁੰਦੇ ਹਨ ਜਿਹੜੇ ਡਾਕਟਰੀ ਸਹਾਇਤਾ ਦਾ ਮਸ਼ਵਰਾ ਦਿੰਦੇ ਹਨ ਬਹੁਤੇ ਤਾਂ ਬਾਬਿਆਂ ਦੇ ਸਿਰਨਾਵੇ ਹੀ ਦੇ ਕੇ ਜਾਂਦੇ ਹਨ। ਕੋਈ ਇਹਨਾਂ ਨੂੰ ਪੁੱਛੇ ਕੇ ਬਾਬਾ ਜੀ ਤਾਂ ਆਪ ਵਿਚਾਰੇ ਤੋਰੀ ਫੁਲਕੇ ਤੋਂ ਔਖੇ ਹਨ। ਉਹਨਾਂ ਦਾ ਤਾਂ ਆਪਣਾ ਕਾਰੋਬਾਰ ਠੱਪ ਹੋ ਗਿਆ ਸੀ ਤਾਂ ਹੀ ਤਾਂ ਇਹ ਦੁਕਾਨ ਚਲਾਈ ਹੈ ਜੋ ਨਾਸਮਝ ਲੋਕਾਂ ਦੀ ਮਿਹਰਬਾਨੀ ਸਦਕਾ ਚੱਲ ਰਹੀ ਹੈ। ਜੇਕਰ ਇਹਨਾਂ ਬਾਬਿਆਂ ਲੋਕ ਕੋਈ ਸ਼ਕਤੀ ਹੁੰਦੀ ਤਾਂ ਉਹ ਆਪ ਘਰ ਬੈਠੇ ਕਰੋੜਾਂ ਦੇ ਮਾਲਕ ਬਣ ਜਾਂਦੇ ਤੁਹਾਡੇ ਤੋਂ ਪੈਸਿਆਂ ਦੀ ਮੰਗ ਨਾ ਕਰਦੇ। ਇਸ ਲਈ ਅਜਿਹੇ ਬਾਬਿਆਂ ਤੋਂ ਅਤੇ ਇਹਨਾਂ ਦੇ ਦਲਾਲਾਂ ਤੋਂ ਬਚ ਕੇ ਸਰੀਰਕ ਸਮੱਸਿਆ ਸਮੇ ਮੈਡੀਕਲ ਸਹਾਇਤਾ ਲੈਣੀ ਚਾਹੀਦੀ ਹੈ। ਇਹਨਾਂ ਟੂਣੇ, ਧਾਗੇ ਤਵੀਤਾਂ ਵਿੱਚ ਕੁੱਝ ਨਹੀਂ ਹੁੰਦਾ। ਇਹ ਸਿਰਫ ਤੁਹਾਨੂੰ ਵਹਿਮਾਂ ਵਿੱਚ ਪਾ ਸਕਦੇ ਹਨ ਨਾ ਕਿ ਕਿਸੇ ਸਮੱਸਿਆ ਵਿੱਚੋਂ ਕੱਢ ਸਕਦੇ ਹਨ। ਲੋੜ ਹੈ ਅਜਿਹੇ ਦੌਰ ਨੂੰ ਖਤਮ ਕਰਨ ਦੀ ਅਤੇ ਵਿਗਿਆਨਕ ਨਜ਼ਰੀਆ ਅਪਣਾਉਣ ਦੀ ਤੇ ਵੱਧ ਤੋਂ ਵੱਧ ਵਿਗਿਆਨਕ ਸਾਹਿਤ ਨੂੰ ਪੜ੍ਹਨ ਤੇ ਬੱਚਿਆਂ ਨੂੰ ਇਸ ਨਾਲ ਜੋੜਨ ਦੀ।

-ਰਾਜੇਸ਼ ਰਿਖੀ ਪੰਜਗਰਾਈਆਂ, ਮੋ. 93565 52000

# ਡਾਕਟਰ, ਇੰਜੀਨੀਅਰ ਬਣ ਰਹੇ ਨੇ ਸਾਧ-ਸਾਧਵੀਆਂ
## ਫਰੋਜ਼ਨ ਬਾਬੇ ਦੇ ਚੇਲੇ ਵੱਧ 'ਪੜ੍ਹੇ ਲਿਖੇ'

ਉਜੈਨ ਚੱਲਦੇ ਹਾਂ.। ਜਿੱਥੇ ਨਾਗਾ ਸਾਧੂਆਂ ਦੀ ਟਰੇਨਿੰਗ ਚੱਲ ਰਹੀ ਹੈ, ਵਿਸ਼ਵ ਭਰ ਤੋਂ ਸਾਧੂ-ਸਾਧਵੀਆਂ ਇਥੇ ਪੁੱਜੇ ਹੋਏ ਨੇ। 3000 ਕੈਂਪ ਲੱਗੇ ਹੋਏ ਨੇ, ਸਭ ਤੋਂ ਵੱਧ ਆਕਰਸ਼ਣ ਦਾ ਕੇਂਦਰ ਹੈ ਇਕ ਕੈਂਪ ਜਿਸ ਨਾਲ ਸੰਬੰਧਤ ਹਰੇਕ ਸਾਧਕ ਵੱਡੀ ਡਿਗਰੀ ਹਾਸਲ ਹੈ, ਕੋਈ ਡਾਕਟਰ, ਕੋਈ ਇੰਜੀਨੀਅਰ, ਕੋਈ ਐਮ ਟੈਕ ਤੇ ਕੋਈ ਐਮ ਬੀ ਏ.। ਪਰ ਕਰੀਅਰ ਛੱਡ ਕੇ ਸਾਧ ਸਾਧਵੀਆਂ ਬਣਨ ਲਈ ਦੀਕਸ਼ਾ ਲੈਣ ਵਾਸਤੇ ਪੁੱਜੇ ਹੋਏ ਨੇ, ਇਹ ਕੈਂਪ ਫਰੋਜ਼ਨ ਬਾਬੇ ਦੇ ਨਾਮ ਨਾਲ ਮਸ਼ਹੂਰ ਹੋਏ ਆਸ਼ੂਤੋਸ਼ ਦੇ ਡੇਰੇ ਵਲੋਂ ਲਾਇਆ ਗਿਆ ਹੈ। ਦਿਵਯਾ ਜਯੋਤੀ ਜਾਗਰਣ ਡੇਰੇ ਦੇ ਇਸ ਕੈਂਪ ਵਿੱਚ ਜਿੰਨੇ ਵੀ ਸਾਧੂ-ਸਾਧਵੀਆਂ ਆਏ ਹੋਏ ਨੇ, ਉਹ ਦਾਅਵਾ ਕਰ ਰਹੇ ਨੇ ਕਿ ਜਿਵੇਂ ਆਸ਼ੂਤੋਸ਼ ਮਹਾਰਾਜ ਨੇ ਘਰ ਬਾਰ ਪਰਿਵਾਰ ਕਰੀਅਰ ਛੱਡ ਕੇ ਸਮਾਜ ਸੇਵਾ ਕੀਤੀ ਅਸੀਂ ਵੀ ਓਵੇਂ ਕਰਨੀ ਹੈ, ਤੇ ਡੇਰੇ ਦੇ ਪ੍ਰਬੰਧਕ ਇਹਨਾਂ ਡਾਕਟਰਾਂ, ਇੰਜੀਨੀਅਰਾਂ ਨੂੰ ਸਨਾਤਨ ਧਰਮ, ਧਿਆਨ ਤੇ ਸਮਾਜ ਸੇਵਾ ਨਾਲ ਜੋੜ ਰਹੇ ਨੇ।

ਦਿੱਲੀ ਦੀ ਐਮ ਐਸ ਸੀ ਮੈਥੇਮੈਟਿਕਸ ਮਣੀਬਾਲਾ ਸਾਲ 2008 ਤੋਂ ਨੂਰਮਹਿਲ ਡੇਰੇ ਨਾਲ ਜੁੜੀ ਹੈ, ਉਸ ਦਾ ਕਹਿਣਾ ਹੈ ਕਿ ਸਾਡੀਆਂ ਜਿੰਨੀਆਂ ਵੀ ਪਰੰਪਰਾਵਾਂ ਨੇ, ਸਭ ਨੂੰ ਲੈ ਕੇ ਮਨ ਵਿੱਚ ਕਈ ਸਵਾਲ ਸਨ, ਕਈ ਭਰਮ ਸਨ, ਪਰ ਜਦੋਂ ਦੀ ਬਾਬਾ ਜੀ ਦੇ ਲੜ ਲੱਗੀ ਹਾਂ, ਸਭ ਜੁਆਬ ਮਿਲ ਗਏ ਤੇ ਸਾਰੇ ਲੌਜਿਕ ਸਮਝ 'ਚ ਆ ਗਏ। ਹੁਣ ਇਹ ਬੀਬੀ ਹੋਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਅਧਿਆਤਮ ਨਾਲ ਜੋੜ ਰਹੀ ਹੈ।

ਦਿੱਲੀ ਦੀ ਹੀ ਐਮ ਬੀ ਏ ਪਾਸਆਊਟ ਰੁਚਿਕਾ ਭਾਰਤੀ ਨੇ ਕਿਹਾ ਕਿ ਅਸੀਂ ਰੱਬ ਨੂੰ ਬਾਹਰ ਲੱਭਦੇ ਫਿਰਦੇ ਹਾਂ, ਪਰ ਇਹ ਤਾਂ ਸਾਡੇ ਅੰਦਰ ਹੀ ਹੈ, ਇਹ ਮੈਨੂੰ ਓਦੋਂ ਪਤਾ ਲੱਗਿਆ ਜਦ ਮੈਂ ਆਸ਼ੂਤੋਸ਼ ਜੀ ਨੂੰ ਮਿਲੀ ਤੇ ਜਦ ਮਿਲੀ ਤਾਂ ਬੱਸ ਸਾਰਾ ਜੀਵਨ ਉਹਨਾਂ ਨੂੰ ਹੀ ਸਮਰਪਿਤ ਕਰ ਦਿੱਤਾ।

ਬੀ ਟੈਕ ਦੀਪਾ ਭਾਰਤੀ ਨੂੰ ਵੀ ਰੱਬ ਦੇ ਦਰਸ਼ਨ ਆਸ਼ੂਤੋਸ਼ ਨੇ ਹੀ ਕਰਾਏ, ਹੁਣ ਇਹ ਬੀਬਾ ਹੋਰ ਨੌਜਵਾਨਾਂ ਨੂੰ ਇਸ ਰਾਹੇ ਤੋਰਨ ਲਈ ਸਰਗਰਮ ਹੈ।

ਤੇ ਉਜੈਨ ਦੇ ਸਿੰਹਸਥ ਵਿੱਚ ਨਾਗਾ ਸਾਧੂ ਹੀ ਨਹੀਂ ਨਾਗਾ ਸਾਧਵੀਆਂ ਵੀ ਦੀਕਸ਼ਾ ਲੈ ਰਹੀਆਂ ਨੇ ਹਜ਼ਾਰਾਂ ਨਾਗੀਆਂ ਇਸ ਦੀਕਸ਼ਾ ਤੋਂ ਬਾਅਦ ਸਾਰਾ ਜੀਵਨ ਧਰਮ ਦੀ ਰੱਖਿਆ ਤੇ ਦੇਵ ਪੂਜਾ ਵਿੱਚ ਬਤੀਤ ਕਰਨਗੀਆਂ।

## ਅੰਧ ਵਿਸ਼ਵਾਸ ਦੇ ਪਰਾਂ 'ਤੇ ਪੁਲਾੜ ਦੀ ਉਡਾਣ
## ਟਾਇਰ ਕੋਲ ਪਿਸ਼ਾਬ ਕਰਨ ਸਮਝਿਆ ਜਾਂਦਾ ਹੈ ਸ਼ੁੱਭ

ਕਹਿੰਦੇ ਨੇ ਜਿੱਥੇ ਤਰਕ ਤੇ ਵਿਗਿਆਨ ਹੁੰਦਾ ਹੈ, ਉੱਥੇ ਅੰਧ ਵਿਸ਼ਵਾਸ ਨਹੀਂ ਹੋ ਸਕਦਾ ਪਰ ਹੈਰਾਨੀ ਹੰਦੀ ਹੈ ਇਹ ਜਾਣ ਕੇ ਕਿ ਪੁਲਾੜ ਯਾਤਰਾ 'ਤੇ ਜਾਣ ਤੋਂ ਪਹਿਲਾਂ ਵੀ ਟੋਟਕੇ ਕੀਤੇ ਜਾਂਦੇ ਨੇ। ਭਾਰਤ ਵਿੱਚ ਤਾਂ ਮਹੂਰਤ ਕਢਵਾਇਆ ਜਾਂਦੈ, ਹਵਨ, ਪੂਜਾ ਆਦਿ ਕਰਵਾਏ ਜਾਂਦੇ ਨੇ।

ਰੂਸ ਦੀ ਪੁਲਾੜ ਏਜੰਸੀ ਅਤੇ ਅਮਰੀਕੀ 'ਨਾਸਾ' ਵਰਗੀਆਂ ਏਜੰਸੀਆਂ ਵੀ ਇਹਨਾਂ ਮਾਮਲਿਆਂ ਵਿਚ ਪਿੱਛੇ ਨਹੀਂ।

- ਰੂਸ ਵਿਚ ਪੁਲਾੜ ਯਾਤਰਾ 'ਤੇ ਜਾਣ ਤੋਂ ਪਹਿਲਾਂ ਲਾਂਚ ਪੈਡ ਦੇ ਨੇੜੇ ਮੌਜੂਦ ਬੱਸ ਦੇ ਟਾਇਰ ਕੋਲ ਕਰੂ ਮੈਂਬਰ ਪਿਸ਼ਾਬ ਕਰਦੇ ਹਨ। ਅਜਿਹਾ ਕਰਨ ਨੂੰ ਸ਼ੁਭ ਮੰਨਿਆ ਜਾਂਦੈ।
- ਕਿਸੇ ਵੀ ਪੁਲਾੜ ਯਾਤਰਾ ਤੋਂ ਪਹਿਲਾਂ ਟਰੇਨ ਦੇ ਹੇਠਾਂ ਸਿੱਕੇ ਸੁੱਟ ਕੇ ਸਿੱਧੇ ਕੀਤੇ ਜਾਂਦੇ ਹਨ।
- ਕਰੂ ਮੈਂਬਰ ਰਾਕੇਟ ਨੂੰ ਖੁੱਲਦੇ ਹੋਏ ਨਹੀਂ ਦੇਖਦੇ। ਅਖੇ ਅਜਿਹਾ ਕਰਨਾ ਮਾੜਾ ਹੁੰਦੈ, ਅਸ਼ੁਭ ਹੁੰਦੈ। ਸਾਰੇ ਕਰੂ ਮੈਂਬਰਾਂ ਨੂੰ ਵਾਲ ਕਟਵਾਉਣੇ ਪੈਂਦੇ ਹਨ।
- ਲਾਂਚ ਦੇ ਦਿਨ ਪੁਲਾੜ ਯਾਤਰੀ ਦਰਵਾਜ਼ੇ 'ਤੇ ਦਸਤਖਤ ਕਰਦੇ ਹਨ ਤੇ ਇਸ ਦੇ ਨਾਲ ਹੀ ਨਾਸ਼ਤੇ ਵਿਚ ਸ਼ੈਂਪੇਨ ਲੈਂਦੇ ਹਨ।
- ਲਾਂਚਿੰਗ ਤੋਂ ਪਹਿਲਾਂ ਰੂਸੀ ਓਰਥੋਡਾਕਸ ਪਾਦਰੀ ਪੁਲਾੜ ਯਾਤਰੀਆਂ ਨੂੰ ਆਸ਼ੀਰਵਾਦ ਦਿੰਦਾ ਹੈ।
- ਸੋਯੁਜ ਕੈਪਸੂਲ 'ਤੇ ਤਵੀਤ ਵੀ ਟੰਗਿਆ ਜਾਂਦਾ ਹੈ। ਆਰਬਿਟ ਵਿਚ ਪਹੁੰਚਣ 'ਤੇ ਇਹ ਤੈਰਦਾ ਹੈ।
- 24 ਅਕਤੂਬਰ ਨੂੰ ਕੋਈ ਮਿਸ਼ਨ ਲਾਂਚ ਨਹੀਂ ਕੀਤਾ ਜਾਂਦਾ। ਕਿਉਂਕਿ 1960 ਵਿਚ ਇਸੇ ਦਿਨ ਮਿਜ਼ਾਈਲ ਲਾਂਚਿੰਗ ਫੇਲ ਹੋ ਗਈ ਸੀ।

## ਅਮਰੀਕਾ ਵਿੱਚ ਵੀ ਪੁਲਾੜ ਯਾਤਰਾ ਮਿਸ਼ਨ ਤੋਂ ਪਹਿਲਾਂ ਕਈ ਟੋਟਕੇ ਕੀਤੇ ਜਾਂਦੇ ਨੇ-

- ਮੂੰਗਫਲੀ ਨਾਲ ਭਰਿਆ ਹੋਇਆ ਮਰਤਬਾਨ ਮਨੁੱਖ ਰਹਿਤ ਰਾਕੇਟ ਦੀ ਸਫਲਤਾ ਲਈ ਰੱਖਿਆ ਜਾਂਦਾ ਹੈ।
- ਲਾਂਚਿੰਗ ਦੇ ਦਿਨ ਪੁਲਾੜ ਜਾਣ ਵਾਲੇ ਅੰਡੇ ਤੇ ਮੀਟ ਖਾਂਦੇ ਹਨ।
- ਕਰੂ ਮੈਂਬਰ ਫਾਈਵ ਕਾਰਡ ਪੋਕਰ ਖੇਡਦੇ ਹਨ।
- ਲਾਂਚਿੰਗ ਤੋਂ ਪਹਿਲਾਂ ਕਰੂ ਨੂੰ ਕੇਕ ਦਿੱਤਾ ਜਾਂਦਾ ਹੈ ਪਰ ਉਸ ਨੂੰ ਕੋਈ ਖਾ ਨਹੀਂ ਸਕਦਾ।
- ਸੂਟ ਵਾਲੇ ਕਮਰੇ ਵਿਚ ਪੁਲਾੜ ਯਾਤਰੀ ਅਪੋਲੋ ਦੌਰ ਦੀਆਂ ਕੁਰਸੀਆਂ 'ਤੇ ਝੁਕ ਕੇ ਬੈਠਦੇ ਹਨ।
- ਚੰਦ 'ਤੇ ਜਾਣ ਵਿਚ ਅਸਫਲ ਰਹੇ ਅਪੋਲੋ ਮਿਸ਼ਨ-13 ਤੋਂ ਬਾਅਦ ਕਿਸੇ ਵੀ ਮਿਸ਼ਨ ਵਿਚ 13 ਨੰਬਰ ਦਾ ਇਸਤੇਮਾਲ ਨਹੀਂ ਹੋਇਆ।
- ਸਫਲ ਲੈਂਡਿੰਗ 'ਤੇ ਬੀਂਸ ਅਤੇ ਕਾਰਨ-ਬਰੈੱਡ ਖਾਧਾ ਜਾਂਦਾ ਹੈ।
- ਮਿਸ਼ਨ ਦੀ ਸਫਲਤਾ ਤੋਂ ਬਾਅਦ ਟੀਮ ਦੇ ਮੁਖੀ ਦੀ ਟਾਈ ਕੱਟ ਦਿੱਤੀ ਜਾਂਦੀ ਹੈ।

-ਪੇਸ਼ਕਸ਼ ਅਮਨਦੀਪ ਹਾਂਸ

ਸੰਪਾਦਕੀ ਟਿੱਪਣੀ

# ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਹਮਲੇ ਦਾ ਅਸਲ ਦੋਸ਼ੀ ਕੌਣ ?



ਸੁਰਜੀਤ ਗੱਗ

ਪਿਛਲੇ ਦਿਨੀਂ ਸਿੱਖੀ ਦੇ ਧਰਮਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਜਾਨਲੇਵਾ ਹਮਲਾ ਹੋਇਆ, ਜਿਸ ਵਿੱਚ ਉਸ ਦੇ ਇੱਕ ਸਾਥੀ ਦੀ ਮੌਤ ਹੋ ਗਈ। ਹਮਲਾ ਕਰਨ ਵਾਲਿਆਂ ਵਿੱਚੋਂ 4 ਨੌਜਵਾਨ ਪੁਲਿਸ ਨੇ ਫੜ ਵੀ ਲਏ ਹਨ ਅਤੇ ਇਸ ਹਮਲੇ ਦੇ ਮੁੱਖ ਸਾਜਿਸ਼ ਕਰਤਾ ਨੂੰ ਫੜਨ ਲਈ ਕੋਸ਼ਿਸ਼ਾਂ ਆਰੰਭੀਆਂ ਹੋਈਆਂ ਹਨ।

ਸਭ ਤੋਂ ਪਹਿਲਾਂ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਹਰ ਸੰਵੇਦਨਸ਼ੀਲ ਇਨਸਾਨ ਵਾਂਗ ਇਸ ਹਮਲੇ ਦੀ ਨਿਖੇਧੀ ਕਰਦੇ ਹਾਂ ਤੇ ਇੱਕ ਅਜਿਹੀ ਇੱਛਾ ਰੱਖਦੇ ਹਾਂ ਜਿਸ ਬਾਰੇ ਪਤਾ ਹੈ ਕਿ ਜਿਸ ਪਾਸੇ ਨੂੰ ਸਮਾਜ ਵੱਧ ਰਿਹਾ ਹੈ, ਕਦੇ ਵੀ ਪੂਰੀ ਨਹੀਂ ਹੋਣੀ ਕਿ ਏਦਾਂ ਦੇ ਕਾਂਡ ਭਵਿੱਖ ਵਿੱਚ ਕਦੇ ਨਾ ਵਾਪਰਨ।

ਅਸੀਂ ਇਹ ਗੱਲ ਦਾਅਵੇ ਨਾਲ ਕਹਿਣੀ ਚਾਹੁੰਦੇ ਹਾਂ ਕਿ ਰਣਜੀਤ ਸਿੰਘ ਢੱਡਰੀਆਂ ਵਾਲਾ ਕੋਈ ਦੁੱਧ ਚੁੰਘਦਾ ਬੱਚਾ ਨਹੀਂ ਹੈ, ਲੋਕਾਂ ਨੂੰ ਅਕਲ ਦੀਆਂ ਖੋਖਲੀਆਂ ਪੁੜੀਆਂ ਵੰਡ ਕੇ ਅਪਣਾ ਕਾਰੋਬਾਰ ਕਰੋੜਾਂ ਵਿੱਚ ਚਲਾਉਣ ਵਾਲਾ ਸਕਸ ਏਨਾ ਕੁ ਤੇ ਸਿਆਣਾ ਹੁੰਦਾ ਹੀ ਹੈ ਕਿ ਲੋਕਾਂ ਨੂੰ ਰੱਬ ਨਾਲ ਜੋੜਨ ਦਾ ਕਾਰੋਬਾਰ ਕਰਨ ਵਾਲਾ ਮਾਰਕੀਟ ਵਿੱਚ ਉਹ 'ਕੱਲ੍ਹਾ ਨਹੀਂ ਹੈ, ਉਸ ਦੇ ਸ਼ਰੀਕ ਵੀ ਹੋਣਗੇ ਤੇ ਸ਼ਰੀਕ ਮੌਕਾ ਲੱਗਦੇ ਦਾਅ ਲਾਉਣ ਤੋਂ ਨਹੀਂ ਝਿਜਕਦੇ। ਤੇ ਦੂਸਰੀ ਵੱਡੀ ਗੱਲ ਇਹ ਕਿ ਜਿਹਨਾਂ ਲੋਕਾਂ ਦੇ ਚੜ੍ਹਾਵੇ ਤੇ, ਮਿਹਨਤ ਦੀ ਕਮਾਈ ਤੇ ਮਹਿੰਗੀਆਂ ਗੱਡੀਆਂ ਆਲੀਸ਼ਾਨ ਬੰਗਲਿਆਂ ਵਿੱਚ ਵਾਸ ਕੀਤੇ ਹੋਏ ਹਨ, ਉਹ ਲੋਕ ਦੁੱਖਾਂ ਦੀ ਦਾਰੂ ਲੈਣ ਲਈ ਭਟਕਦੇ ਪਏ ਨੇ, ਦੁੱਖਾਂ ਦੀਆਂ ਪੰਡਾਂ ਨਹੀਂ।

ਇਸ ਤੋਂ ਵੱਡੀ ਤੇ ਅਗਲੀ ਗੱਲ ਇਹ ਕਿ ਕੀ ਇਸ ਸੰਤ ਕਹਾਉਂਦੇ ਚਿੱਟ ਕੱਪੜੀਏ ਸਾਧ ਲਾਣੇ ਨੂੰ ਨਹੀਂ ਪਤਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਕਿਹੋ ਜਿਹੀ ਹੈ ?

ਗੁੰਡਾ ਗੈਂਗ ਸ਼ਰੇਆਮ ਗੁੰਡਾਗਰਦੀ ਕਰਦੇ ਫਿਰਦੇ ਹਨ ਤੇ ਪੁਲਿਸ ਕਿਸੇ ਤਰਾਂ ਦੀ ਕਾਰਵਾਈ ਨਾ ਕਰਨ ਲਈ ਮਜ਼ਬੂਰ ਹੈ।

ਉਹ ਸਮਾਂ ਬਹੁਤ ਪਿੱਛੇ ਰਹਿ ਗਿਆ ਜਦੋਂ ਪੁਲਿਸ ਪੈਸੇ ਲੈ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿਆ ਕਰਦੀ ਸੀ। ਉਹ ਸਮਾਂ ਵੀ ਲੰਘ ਚੁੱਕਿਆ ਹੈ ਜਦੋਂ ਪੁਲਿਸ ਤਬਾਦਲਿਆਂ ਦੇ ਡਰੋਂ ਕਾਰਵਾਈ ਨਹੀਂ ਸੀ ਕਰਿਆ ਕਰਦੀ। ਹੁਣ ਉਹ ਸਮਾਂ ਚੱਲ ਰਿਹਾ ਹੈ ਕਿ ਪੁਲਿਸ ਅਪਣੀ ਜਾਨ ਦੀ ਸਲਾਮਤੀ ਨੂੰ ਮੁੱਖ ਰੱਖ ਕੇ ਕਾਰਵਾਈ ਨਹੀਂ ਕਰਦੀ ਤੇ ਇਹ ਸੰਤ ਬਾਬੇ ਸਾਰਾ ਕੁੱਝ ਜਾਣਦੇ ਹਨ, ਪਰ ਇਸ ਬਾਰੇ ਕਦੇ ਜ਼ੁਬਾਨ ਨਹੀਂ ਖੋਲ੍ਹੀ।

ਇਹਨਾਂ ਨੇ ਲੋਕਾਂ ਦੇ ਜ਼ਹਿਨ ਵਿੱਚ ਨਾਮ ਦਾ ਵਾਇਰਸ ਪਾਉਣ ਤੋਂ ਇਲਾਵਾ ਕੀਤਾ ਹੀ ਕੀ ਹੈ ? ਏਨਾ ਜਨ ਆਧਾਰ, ਏਨੀ ਲੋਕ ਸ਼ਕਤੀ ਹੋਣ ਦੇ ਬਾਵਜੂਦ ਉਸ ਨੂੰ ਲੋਕਾਂ ਦੀ ਭਲਾਈ ਲਈ ਕਿਉਂ ਨਹੀਂ ਵਰਤਿਆ ? ਕੀ ਕਦੇ ਕਿਸੇ ਨੇ ਸੁਣਿਆ ਏ ਕਿ ਬੇਰੁਜ਼ਗਾਰ ਨੌਜਵਾਨਾਂ, ਸਰਕਾਰ ਦੀਆਂ ਲੋਕ ਮਾਰੂ ਨੀਤੀਆਂ, ਖੁਦਕੁਸ਼ੀ ਪੀੜਿਤ ਕਿਸਾਨ/ਮਜ਼ਦੂਰ ਪਰਿਵਾਰਾਂ, ਨਰੇਗਾ ਕਾਮਿਆਂ, ਬਗੈਰ ਡਾਕਟਰਾਂ ਦੇ ਚੱਲਦੇ ਹਸਪਤਾਲਾਂ, ਬਗੈਰ ਮਾਸਟਰਾਂ ਦੇ ਸਕੂਲਾਂ ਜਾਂ ਬਲਾਤਕਾਰੀਆਂ, ਕਾਤਿਲਾਂ ਨੂੰ ਗਿਰਫਤਾਰ ਕਰਵਾਉਣ ਲਈ ਕਿਸੇ ਸੰਤ ਜਾਂ ਬਾਬੇ ਨੇ ਸੰਗਤਾਂ ਸਮੇਤ ਧਰਨਾ ਮਾਰਿਆ ਹੋਵੇ ? ਇਹ ਕੰਮ ਕਿੰਨਾ ਕੁ ਔਖਾ ਹੈ ? ਧਾਰਮਿਕ ਸਮਾਗਮਾਂ ਦੌਰਾਨ ਲੱਖਾਂ ਦਾ ਇਕੱਠ ਕਰਨ ਵਾਲੇ ਇਹ ਬਾਬੇ ਕੀ ਸਿਰਫ ਪੈਸੇ ਦੇ ਹੀ ਪੀਰ ਹਨ ? ਲੋਕਾਂ ਨੂੰ ਕਿਉਂ ਨਹੀਂ ਦੱਸਦੇ ਕਿ ਉਹਨਾਂ ਦੇ ਦੁੱਖਾਂ ਦਾ ਕਾਰਣ ਰਾਜਨੀਤਿਕ ਇੱਛਾ ਸ਼ਕਤੀ ਦੀ ਘਾਟ ਹੈ।

ਲੋਕਾਂ ਦੀਆਂ ਪਦਾਰਥਕ ਲੋੜਾਂ ਦਾ ਪੂਰਾ ਨਾ ਹੋਣਾ ਹੀ ਉਹਨਾਂ ਦੇ ਦੁੱਖਾਂ ਦਾ ਇੱਕ ਕਾਰਣ ਹੈ ਤੇ ਪਦਾਰਥ ਇਸ ਦੇਸ਼ ਵਿੱਚ ਵਾਧੂ ਪਏ ਹਨ, ਸਭ ਕੁੱਝ ਵਾਧੂ ਹੋਣ ਦੇ ਬਾਵਜੂਦ ਵੀ ਜੇ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ ਤਾਂ ਕਸੂਰ ਇਸ ਸਿਸਟਮ ਦਾ ਹੈ ਜਿਸ ਨੂੰ ਚਲਾਉਣ ਵਾਲੇ ਸਹੀ ਢੰਗ ਨਾਲ ਨਹੀਂ ਚੱਲਾ ਰਹੇ ਤੇ ਇਹ ਗੱਲਾਂ ਇਹ ਸੰਤ ਬਾਬੇ ਸਾਰੇ ਜਾਣਦੇ ਹਨ, ਲੋਕਾਂ ਨੂੰ ਕਿਉਂ ਨਹੀਂ ਦੱਸਦੇ ?

ਸ਼ਾਇਦ ਡਰਦੇ ਹਨ, ਕਿ ਜੇ ਇੱਟਾਂ ਪੱਥਣੀਆਂ ਪੈ ਗਈਆਂ ਤਾਂ ਚਿੱਟੇ ਰੇਸ਼ਮੀ ਬਾਣਿਆਂ ਦੀ ਚਮਕ ਨਹੀਂ ਰਹਿਣੀ। ਪਰ ਜਿਹੜੇ ਇੱਟਾਂ ਪੱਥਦੇ ਹਨ, ਚਿਣਾਈ ਦਾ ਕੰਮ ਕਰਦੇ ਹਨ, ਜਾਂ ਹੋਰ ਨਿੱਕੇ ਮੋਟੇ ਆਹਰ ਲੱਗੇ ਹੋਏ ਹਨ, ਉਹ ਇਹਨਾਂ ਸੰਤ ਬਾਬਿਆਂ ਲਈ ਅਜਿਹੇ ਗ੍ਰਾਹਕ ਹਨ, ਜਿਹਨਾਂ ਨੇ ਮਰਨ ਤੋਂ ਬਾਅਦ ਵੀ ਭੋਗਾਂ ਆਦਿ ਦੇ ਨਾਮ ਤੇ ਇਹਨਾਂ ਦੀ ਕਮਾਈ (ਲੁੱਟ) ਵਿੱਚ ਵਾਧਾ ਕਰਨਾ ਹੈ। ਇਹ ਪੈਸੇ ਦੀ ਭੁੱਖ ਹੀ ਹੈ ਜੋ ਇਹਨਾਂ ਦੇ ਮਨਾਂ ਵਿੱਚ ਮੌਤ ਦਾ ਡਰ ਬਿਠਾ ਦਿੰਦੀ ਹੈ ਤੇ ਜਦੋਂ ਵੀ ਕਦੇ ਏਧਰੋਂ-ਉਧਰੋਂ ਪਟਾਕਾ ਚੱਲਦਾ ਹੈ ਤਾਂ ਇਹਨਾਂ ਨੂੰ ਉਹੀ ਪੁਲਿਸ ਯਾਦ ਆ ਜਾਂਦੀ ਹੈ ਜਿਸ ਬਾਰੇ ਇਹ ਚੰਗੀ ਤਰਾਂ ਜਾਣਦੇ ਹਨ ਕਿ ਪੁਲਿਸ ਦੇ ਹੱਥ ਵੱਸ ਕੁੱਝ ਵੀ ਨਹੀਂ ਹੈ, ਸਿਰਫ਼ ਗੋਗਲੂਆਂ ਤੋਂ ਮਿੱਟੀ ਝਾੜਨ ਦਾ ਕੰਮ ਹੀ ਹੋਵੇਗਾ।

ਜੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਮਾਮਲੇ ਤੇ ਇਹ ਸੰਤ ਲੋਕਾਂ ਨਾਲ ਖੜ੍ਹੇ ਹੁੰਦੇ ਤਾਂ ਮਸਲਾ ਕਿਸੇ ਕਿਨਾਰੇ ਵੱਲ ਨੂੰ ਵੱਧ ਸਕਣ ਦੀ ਗੁੰਜਾਇਸ਼ ਸੀ, ਪਰ ਇਹਨਾਂ ਨੇ ਲੋਕਾਂ ਨੂੰ ਰੱਬ ਨਾਲ ਦਾ ਠੂਠਾ ਫੜਾ ਕੇ ਹੋਣੀ

ਨੂੰ ਬਲਵਾਨ ਆਖ ਕੇ ਉਹਨਾਂ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ, ਜਿਹੜੇ ਅਣਜਾਣ ਹੋਣ ਕਾਰਣ ਇਹਨਾਂ ਕੋਲ ਕਿਸੇ ਸਹਾਰੇ ਲਈ ਆਏ ਸਨ। ਇਹਨਾਂ ਸੰਤਾਂ ਬਾਬਿਆਂ ਨੇ ਹਮੇਸ਼ਾ ਸਰਮਾਏਦਾਰਾਂ ਦਾ ਪੱਖ ਪੂਰਿਆ ਹੈ ਤੇ ਅੱਗੋਂ ਵੀ ਇਹੋ ਲੱਛਣ ਦਿਸਦੇ ਪਏ ਨੇ।

ਸੁਖਬੀਰ ਬਾਦਲ ਨੇ ਜੇ ਅੱਧਾ ਘੰਟਾ ਢੱਡਰੀਆਂ ਵਾਲੇ ਨਾਲ ਮੁਲਾਕਾਤ ਕੀਤੀ ਹੈ ਤਾਂ ਉਸਦਾ ਹਾਲ ਚਾਲ ਪੁੱਛਣ ਵਾਸਤੇ ਨਹੀਂ ਕੀਤੀ, ਉਸ ਨੂੰ ਇਹ ਦੱਸਣ ਲਈ ਕੀਤੀ ਹੈ ਕਿ ਨਿਸ਼ਾਨਾ ਗਲਤ ਨਹੀਂ ਲੱਗਿਆ, ਜਾਣਬੁੱਝ ਕੇ ਗਲਤ ਲਗਾਇਆ ਗਿਆ ਹੈ, ਸਭਲ ਕੇ ਚੱਲੇ। ਕਿ ਕਿਤੇ ਦੂਜੀ ਵਾਰੀ ਨਿਸ਼ਾਨਾ ਟਿਕਾਣੇ ਤੇ ਨਾ ਲੱਗ ਜਾਵੇ।

ਰਾਧਾਸੋਆਮੀਆਂ ਦੇ ਡੇਰੇ ਵਿੱਚ ਜਿਹੜਾ ਏਸ਼ੀਆ ਦੇ ਸਭ ਤੋਂ ਵੱਡੇ ਸੋਲਰ ਸਿਸਟਮ ਦਾ ਉਦਘਾਟਨ ਬਾਦਲਾਂ ਨੇ ਕੀਤਾ ਹੈ, ਐਵੇਂ ਨਹੀਂ ਕੀਤਾ, ਚੋਗਾ ਸੁੱਟ ਕੇ ਉਹਨਾਂ ਨੂੰ ਖਰੀਦਿਆ ਗਿਆ ਹੈ ਕਿ ਜੇ ਆਪਣਾ ਕਾਰੋਬਾਰ ਚੱਲਦਾ ਰੱਖਣਾ ਹੈ ਤਾਂ ਸਾਡਾ ਕਾਰੋਬਾਰ ਚਲਾਉਣ ਵਿੱਚ ਸਹਾਇਤਾ ਕਰੋ ਨਹੀਂ ਤੇ ਪੰਜਾਬੀ ਕੌਮ ਏਨੀ ਕੁ ਮੂਰਖ ਹੈਗੀ ਹੀ ਐ ਕਿ ਡੇਰੇ ਵਿੱਚ ਪੱਤਰੇ ਪਾੜ ਕੇ ਸੁੱਟਣ ਦੀ ਦੇਰ ਹੈ, ਸਭ ਕੁੱਝ ਤਹਿਸ-ਨਹਿਸ ਹੋ ਜਾਵੇਗਾ।

ਸੋ ਸੰਤ ਰਣਜੀਤ ਸਿੰਘ ਢੱਡਰੀਆਂ ਤੇ ਜੇ ਹਮਲਾ ਹੋਇਆ ਹੈ ਤਾਂ ਇਸ ਹਮਲੇ ਲਈ ਉਹ ਖੁਦ ਜ਼ਿੰਮੇਵਾਰ ਹੈ, ਕਿਉਂਕਿ ਲੋਕਾਂ ਦੇ ਪੁੱਤਾਂ/ਧੀਆਂ ਤੇ ਹੋਏ ਹਮਲਿਆਂ ਵਾਰੀ ਉਹ ਚੁੱਪ ਰਿਹਾ ਹੈ ਤੇ ਚੁੱਪ ਰਹਿਣ ਦੀ ਕੀਮਤ ਅਦਾ ਕਰਨੀ ਹੀ ਪਵੇਗੀ।

ਇਹ ਹਮਲਾ ਨਹੀਂ ਹੋਇਆ, ਸਿਰਫ਼ ਦੋਸਤਾਨਾ ਮੈਚ ਖੇਡਿਆ ਗਿਆ ਹੈ ਅਤੇ ਅਸੀਂ ਤੁਸੀਂ ਜਿੱਤ ਦੀ ਖੁਸ਼ੀ ਵਿੱਚ ਤਾੜੀਆਂ ਮਾਰਨ ਵਾਲੇ ਅਤੇ ਹਾਰ ਦੇ ਦੁੱਖ ਵਿੱਚ ਦਾਲ਼ ਵਿੱਚ ਲੂਣ ਵੱਧ ਜਾਂ ਘੱਟ ਆਖ ਕੇ ਥਾਲ਼ੀ ਵਗਾਹ ਮਾਰਨ ਵਾਲੇ ਹਾਂ। ਸਾਡੀ ਹੈਸੀਅਤ ਇਸ ਤੋਂ ਵਧ ਕੇ ਕੁੱਝ ਵੀ ਨਹੀਂ। ਨਾ ਢੱਡਰੀਆਂ ਵਾਲੇ ਨੇ ਕੁੱਛ ਦੇ ਦੇਣਾ ਹੈ ਤੇ ਨਾ ਹੀ ਧੁੰਮੇ ਨੇ ਕੁਛ ਦੇ ਦੇਣਾ ਹੈ, ਸਾਨੂੰ ਰੁੱਖੀ ਸੁੱਕੀ ਕੰਮ ਕਰਕੇ ਹੀ ਮਿਲਣੀ ਹੈ ਤੇ ਚੌਪੜੀ ਦੀ ਇੱਛਾ ਮਰਨ ਤੱਕ ਸਲਾਮਤ ਰਹਿਣੀ ਹੈ, ਕਿਉਂਕਿ ਸਾਨੂੰ ਸਾਡੇ ਸੰਤਾਂ ਬਾਬਿਆਂ ਨੇ ਕਦੇ ਦੱਸਿਆ ਹੀ ਨਹੀਂ ਕਿ ਚੌਪੜੀ ਦਾ ਸੁਪਨਾ ਪੂਰਾ ਕਰਨ ਲਈ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਵੇਗਾ। ਸਾਨੂੰ ਧਰਮ ਦੇ ਨਾਮ ਤੇ ਨਿਪੁੰਸਕ ਬਣਾਉਣ ਵਾਲੇ ਸਾਡੀਆਂ ਭਾਵਨਾਵਾਂ ਦਾ ਹੀ ਨਹੀਂ, ਸਾਢੀਆਂ ਧੀਆਂ ਭੈਣਾਂ ਦਾ ਵੀ ਬਲਾਤਕਾਰ ਕਰਨ ਤੱਕ ਦੀ ਹਿੰਮਤ ਰੱਖਣ ਵਾਲੇ ਹੋ ਗਏ ਨੇ। ਇਹਨਾਂ ਬਲਾਤਕਾਰੀਆਂ ਦੀ ਆਪਸੀ ਖਹਿਬਾਜ਼ੀ ਵਿੱਚ ਸਾਨੂੰ ਅਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ, ਇਹ ਅਪਣੇ ਆਪ ਤੇ ਆਪੇ ਹਮਲਾ ਕਰਵਾ ਕੇ ਸੁਰਖੀਆਂ ਅਤੇ ਸੁਰੱਖਿਆ ਬਟੋਰਨ ਵਾਲੇ ਬਟੇਰੇ ਹਨ, ਸਾਨੂੰ ਇਹਨਾਂ ਦੀਆਂ ਚਾਲਾਂ ਤੋਂ ਬਚਣਾ ਚਾਹੀਦਾ ਹੈ।



# ਛਾਤੀਆਂ 'ਤੇ ਟੈਕਸ

ਹੱਥਲੀ ਕਥਾ ਪੁੱਛੋਗੇ ਤਾਂ ਤੁਹਾਨੂੰ ਹਿੰਦੂ ਸੰਸਕ੍ਰਿਤੀ ਉੱਤੇ ਕਚਿਆਣ ਆਉਣ ਲੱਗੇਗੀ ਜਿਸ ਸੰਸਕ੍ਰਿਤੀ ਨੂੰ ਆਰਐੱਸਐੱਸ ਅਤੇ ਭਾਜਪਾ ਹਿੰਦੂਤਵਵਾਦੀ ਬੜੇ ਫਖਰ ਨਾਲ ਅਮੀਰ ਪ੍ਰੰਪਰਾਵਾਂ ਵਾਲੀ ਵਿਰਾਸਤ ਕਹਿੰਦੇ ਹਨ ਅਤੇ ਮੁੜ ਸੁਰਜੀਤ ਕਰਨ ਲਈ ਤੱਤਪਰ ਹੋਏ ਪਏ ਹਨ।

19ਵੀਂ ਸਦੀ 'ਚ ਕੇਰਲ ਦੇ ਤਖਨਕੋਰ ਇਲਾਕੇ ਵਿੱਚ ਨਿਰਕੁੰਸ਼ ਜਗੀਰੂ ਬ੍ਰਾਹਮਣੀ ਸੋਚ ਦੇ ਅਲੰਬਰਦਾਰ ਹਾਕਮ ਨੇ ਦਲਿਤ ਔਰਤਾਂ ਉੱਤੇ ਇੱਕ ਅਜਿਹਾ ਟੈਕਸ ਲਗਾਇਆ ਜੋ ਦਰਿੰਦਤਾ ਅਤੇ ਕਮੀਨਗੀ ਦਾ ਸਿਰਾ ਸੀ। ਉਹ ਸੀ-ਮੁੱਲਾਕਰਨ ਟੈਕਸ-ਭਾਵ ਛਾਤੀਆਂ ਦਾ ਟੈਕਸ। ਇਸ ਟੈਕਸ ਮੁਤਾਬਕ-ਦਲਿਤ ਔਰਤਾਂ ਦੀਆਂ ਛਾਤੀਆਂ ਨੂੰ ਮਿਣਿਆ ਜਾਂਦਾ ਸੀ ਅਤੇ ਉਸ ਪੈਮਾਇਸ਼ ਮੁਤਾਬਕ ਉਹਨਾਂ ਨੂੰ ਟੈਕਸ ਅਦਾ ਕਰਨਾ ਪੈਂਦਾ ਸੀ। ਦਲਿਤ ਔਰਤਾਂ ਨੂੰ ਆਪਣੀਆਂ ਛਾਤੀਆਂ ਢੱਕਣ ਦੀ ਇਜਾਜ਼ਤ ਨਹੀਂ ਸੀ। ਕੋਈ ਵੀ ਅਧਿਕਾਰੀ ਕਿਸੇ ਵੀ ਵੇਲੇ ਕਿਸੇ ਵੀ ਦਲਿਤ ਔਰਤ ਦੀਆਂ ਛਾਤੀਆਂ ਦੀ ਪੈਮਾਇਸ਼ ਕਰ ਸਕਦਾ ਸੀ ਜਾਂ ਇਉਂ ਪੈਮਾਇਸ਼ ਦੇ ਬਹਾਨੇ ਕਿਸੇ ਵੀ ਦਲਿਤ ਔਰਤ ਨਾਲ ਛੇੜ-ਛਾੜ ਕਰਨ ਦਾ ਹਕੂਮਤ ਵੱਲੋਂ ਦਿੱਤਾ ਗਿਆ ਕਾਨੂੰਨੀ ਅਧਿਕਾਰ ਸੀ ਅਤੇ ਅਜਿਹੀ ਛੇੜਛਾੜ ਕੋਈ ਗੁਨਾਹ ਨਹੀਂ ਸੀ। ਸਗੋਂ ਹਕੂਮਤ ਲਈ ਕੀਤੀ ਜਾ ਰਹੀ ਇੱਕ ਡਿਊਟੀ ਸੀ। ਜੇਕਰ ਕੋਈ ਦਲਿਤ ਔਰਤ ਇਸ ਪੈਮਾਇਸ਼ ਲਈ ਸਹਿਯੋਗ ਨਹੀਂ ਸੀ ਦਿੰਦੀ ਜਾਂ ਛਾਤੀਆਂ ਢੱਕਕੇ ਰੱਖਦੀ ਸੀ ਤਾਂ ਉਹ ਗੁਨਾਹਗਾਰ ਗਿਣੀ ਜਾਂਦੀ ਸੀ ਅਤੇ ਉਸ ਨੂੰ ਦਲਿਤ ਹੋਣ ਅਤੇ ਔਰਤ ਹੋਣ ਦੇ ਦੋਹਾਂ ਪੱਖਾਂ ਤੋਂ ਸਜਾ ਹੁੰਦੀ ਸੀ ਅਤੇ ਸਜਾ ਦੇ ਨਾਂ ਉੱਤੇ ਜ਼ੁਲਮ ਨਾ ਸਿਰਫ਼ ਔਰਤ ਸਗੋਂ ਉਹਨਾਂ ਦਾ ਪ੍ਰੀਵਾਰ ਵੀ ਝੱਲਦਾ ਸੀ।

ਪਰ ਸੰਭਵ ਹੀ ਨਹੀਂ ਕਿ ਜ਼ੁਲਮ ਅਤੇ ਅੱਤਿਆਚਾਰਾਂ ਨੂੰ ਸਦਾ ਹੀ ਲੋਕ ਬਰਦਾਸ਼ਤ ਕਰਦੇ ਰਹਿਣ। ਕੇਰਲਾ ਦੇ ਚੇਰਥਾਲ ਇਲਾਕੇ ਦੀ ਇਜਹਾਨ ਜਾਤੀ ਦੀ ਔਰਤ ਨਾਨਗੇਲੀ ਨੇ ਇਸ ਦਾ ਵਿਰੋਧ ਇੱਕ ਵੱਖਰੇ ਢੰਗ ਨਾਲ ਕਰਕੇ ਔਰਤਾਂ ਦੇ ਹੱਕਾਂ ਦਾ ਇੱਕ ਨਵਾਂ ਇਤਿਹਾਸ ਲਿਖ ਦਿੱਤਾ। ਇਜਹਾਨ ਦਲਿਤ ਜਾਤੀਆਂ 'ਚੋਂ ਵੀ ਹੇਠਲੇ ਪੱਧਰ ਦੀ ਜਾਤੀ ਹੈ।

ਚੇਰਥਾਲ ਵਿੱਚ ਵੀ ਤਖਨਕੋਰ ਵਾਂਗੂ ਛਾਤੀਆਂ 'ਤੇ ਟੈਕਸ ਵਸੂਲਿਆ ਜਾਂਦਾ ਸੀ। ਨਾਨਗੇਲੀ ਨੇ ਕਾਫੀ ਸਮੇਂ ਤੋਂ ਆਪਣੀਆਂ ਛਾਤੀਆਂ ਢੱਕਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਦੀ ਖਬਰ ਅਧਿਕਾਰੀਆਂ ਤੱਕ ਵੀ ਪਹੁੰਚ ਗਈ। ਇਹ ਰਾਜ ਦੇ ਹੁਕਮਾਂ ਦਾ ਵਿਰੋਧ ਸੀ। ਸਥਾਨਕ ਅਧਿਕਾਰੀ ਜਦੋਂ ਟੈਕਸ ਵਸੂਲਣ ਨਾਨਗੇਲੀ ਦੀ ਝੁੱਗੀ 'ਚ ਆਏ ਤਾਂ ਉਹਨਾਂ ਫੌਰੀ ਛਾਤੀਆਂ ਨੂੰ ਨੱਗੀਆਂ ਕਰਨ ਦਾ ਹੁਕਮ ਸੁਣਾ ਦਿੱਤਾ ਕਿਉਂਕਿ ਉਹਨਾਂ ਪੈਮਾਇਸ਼ ਲੈਣੀ ਸੀ। ਨਾਨਗੇਲੀ ਆਪਣੀ ਝੁੱਗੀ ਅੰਦਰ ਗਈ। ਇਸ ਤੋਂ ਪਹਿਲਾਂ ਅਧਿਕਾਰੀ ਝੁੱਗੀ ਅੰਦਰ ਜਾਂਦਾ ਨਾਨਗੇਲੀ ਨੇ ਝੱਟ ਦੇਣੀ ਆਪਣੀਆਂ ਛਾਤੀਆਂ ਕੱਟੀਆਂ ਅਤੇ ਇੱਕ ਕੇਲੇ ਦੇ ਪੱਤੇ ਉੱਤੇ ਰੱਖਕੇ ਟੈਕਸ ਵਸੂਲਣ ਆਏ ਅਧਿਕਾਰੀ ਦੇ ਸਾਹਮਣੇ ਪੇਸ਼ ਕਰ ਦਿੱਤੀਆਂ। ਖੂਨ ਨਾਲ ਲੱਥਪੱਥ ਨਾਨਗੇਲੀ ਵੇਖਦਿਆਂ ਹੀ ਵੇਖਦਿਆਂ ਡਿੱਗ ਪਈ ਅਤੇ ਆਪਣੀ ਜਿੰਮੇਵਾਰੀ ਨਿਭਾਕੇ ਅਜਿਹੇ ਸਮਾਜ ਤੋਂ ਰੁਖਸਤ ਹੋ ਗਈ। ਇਹ ਵੇਖਕੇ ਅਧਿਕਾਰੀ ਉੱਥੋਂ ਭੱਜ ਗਏ। ਘਟਨਾ ਪੂਰੇ ਰਾਜ ਅਤੇ ਇਲਾਕੇ 'ਚ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਹਰ ਥਾਂ ਇਸ ਅਣਮਨੁੱਖੀ ਬਰਬਰਤਾ ਦਾ ਵਿਰੋਧ ਹੋਣ ਲੱਗਾ। ਇਹ ਵਿਰੋਧ ਬ੍ਰਾਹਮਣੀ ਸਮਾਜ ਅਤੇ ਹਾਕਮਾਂ ਦੀ ਸੋਚ ਵਿਰੁੱਧ ਐਨਾ ਜ਼ਬਰਦਸਤ ਰੂਪ ਧਾਰਨ ਕਰ ਗਿਆ ਕਿ ਜਾਲਮ ਹਾਕਮਾਂ ਨੂੰ ਇਸ ਘਿਨਾਉਣੇ ਟੈਕਸ ਨੂੰ ਰੱਦ ਕਰਨਾ ਪਿਆ।

**-ਨਰਭਿੰਦਰ, ਸਿਰਸਾ**